ਮੰਗਲਵਾਰ, 1 ਅਕਤੂਬਰ, 2024
16 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 121

# ਨਵਾਂ ਜ਼ਮਾਨਾ

DAILY NAWAN ZAMANA • TUESDAY, 1 OCTOBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸੁਪਰੀਮ ਕੋਰਟ ਨੇ ਲੱਡੂ ਸਿਆਸਤਦਾਨਾਂ ਨੂੰ ਝਾੜਿਆ : ਰੱਬ ਨੂੰ ਤਾਂ ਬਖਸ਼ ਦਿਓ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਇਹ ਕਹਿੰਦਿਆਂ ਕਿ ਘੱਟੋ-ਘੱਟ ਰੱਬ ਨੂੰ ਤਾਂ ਸਿਆਸਤ ਤੋਂ ਲਾਂਭੇ ਰਹਿਣ ਦਿੱਤਾ ਜਾਣਾ ਚਾਹੀਦਾ ਹੈ, ਸਵਾਲ ਕੀਤਾ ਕਿ ਇਸ ਗੱਲ ਦੇ ਕੀ ਸਬੂਤ ਹਨ ਕਿ ਤਿਰੂਪਤੀ ਲੱਡੂ ਬਣਾਉਣ ਲਈ ਮਿਲਾਵਟੀ ਘਿਓ ਦਾ ਇਸਤੇਮਾਲ ਕੀਤਾ ਗਿਆ।

ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਨਾਲ ਹੀ ਇਹ ਸਵਾਲ ਵੀ ਕੀਤਾ ਕਿ ਜਦੋਂ ਇਸ ਮਾਮਲੇ ਵਿਚ ਪਹਿਲਾਂ ਹੀ ਜਾਂਚ ਦੇ ਹੁਕਮ ਦੇ ਦਿੱਤੇ ਗਏ ਸਨ ਤਾਂ ਇਸ ਸੰਬੰਧੀ ਜਨਤਕ ਬਿਆਨ ਦੇਣ ਦੀ ਕੀ ਲੋੜ ਸੀ। ਬੈਂਚ ਨੇ ਕਿਹਾ—ਅਸੀਂ ਉਮੀਦ ਕਰਦੇ ਹਾਂ ਕਿ ਘੱਟੋ-ਘੱਟ ਰੱਬ ਨੂੰ ਤਾਂ ਸਿਆਸਤ ਤੋਂ ਦੂਰ ਰੱਖਿਆ ਜਾਵੇਗਾ।

ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਕਿਹਾ ਕਿ ਇਹ ਸ਼ਰਧਾ ਤੇ ਆਸਥਾ ਦਾ ਮਾਮਲਾ ਹੈ ਅਤੇ ਜੇ ਲੱਡੂ ਬਣਾਉਣ ਲਈ ਮਿਲਾਵਟੀ ਘਿਓ ਦੀ ਵਰਤੋਂ ਕੀਤੀ ਗਈ ਹੈ ਤਾਂ ਇਹ ਬਰਦਾਸ਼ਤਯੋਗ ਨਹੀਂ ਹੈ।

ਬੈਂਚ ਵੱਖ-ਵੱਖ ਪਟੀਸ਼ਨਾਂ ਉਤੇ ਗੌਰ ਕਰ ਰਹੀ ਸੀ, ਜਿਨ੍ਹਾਂ 'ਚ ਤਿਰੂਪਤੀ ਲੱਡੂ ਬਣਾਉਣ ਲਈ ਕਥਿਤ ਤੌਰ 'ਤੇ ਪਸ਼ੂਆਂ ਦੀ ਚਰਬੀ ਦਾ ਇਸਤੇਮਾਲ ਕੀਤੇ ਜਾਣ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਹੈ।

ਇਸੇ ਮਹੀਨੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ ਚੰਦਰਬਾਬੂ ਨਾਇਡੂ ਨੇ ਇਹ ਬਿਆਨ ਦੇ ਕੇ ਭਾਰੀ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਸੀ ਕਿ ਸੂਬੇ ਦੀ ਉਨ੍ਹਾ ਤੋਂ ਪਹਿਲੀ ਵਾਈ ਐੱਸ ਜਗਨ ਮੋਹਨ ਰੈਡੀ ਸਰਕਾਰ ਵੱਲੋਂ ਲੱਡੂ ਬਣਾਉਣ ਲਈ ਪਸ਼ੂਆਂ ਦੀ ਚਰਬੀ ਵਾਲੇ ਘਿਓ ਦਾ ਇਸਤੇਮਾਲ ਕੀਤਾ ਜਾ ਰਿਹਾ ਸੀ। ਦੂਜੇ ਪਾਸੇ ਵਾਈ ਐੱਸ ਆਰ ਕਾਂਗਰਸ ਨੇ ਮੁੱਖ ਮੰਤਰੀ ਉਤੇ ਸਿਆਸੀ ਲਾਹੇ ਲਈ ਘਿਨਾਉਣੇ ਇਲਜ਼ਾਮ ਲਾਉਣ ਦਾ ਦੋਸ਼ ਲਾਇਆ ਹੈ।

ਕੋਰਟ ਨੇ ਕਿਹਾ ਕਿ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਜਿਹੜੇ ਘਿਓ ਦੀ ਜਾਂਚ ਕੀਤੀ ਗਈ ਸੀ, ਉਹ ਰਿਜੈਕਟ ਕੀਤਾ ਗਿਆ ਘਿਓ ਸੀ। ਇਸ ਤੋਂ ਇਲਾਵਾ ਕੋਰਟ ਨੇ ਆਂਧਰਾ ਸਰਕਾਰ ਤੋਂ ਪੁੱਛਿਆ ਕਿ ਐੱਸ ਆਈ ਟੀ ਜਾਂਚ ਦਾ ਹੁਕਮ ਦੇਣ ਤੋਂ ਬਾਅਦ ਪ੍ਰੈੱਸ 'ਚ ਜਾਣ ਦੀ ਕੀ ਲੋੜ ਸੀ? ਸੁਬਰਾਮਨੀਅਮ ਸਵਾਮੀ ਵੱਲੋਂ ਦਾਇਰ ਇਕ ਪਟੀਸ਼ਨ ਦੀ ਪ੍ਰਤੀਨਿਧਤਾ ਕਰਨ ਵਾਲੇ ਸੀਨੀਅਰ ਵਕੀਲ ਰਾਜਸ਼ੇਖਰ ਰਾਓ ਨੇ ਕਿਹਾ ਕਿ ਉਹ ਇਕ ਭਗਤ ਦੇ ਰੂਪ 'ਚ ਇੱਥੇ ਆਏ ਹਨ ਤੇ ਪ੍ਰਸ਼ਾਦ 'ਚ ਗੰਦਗੀ ਬਾਰੇ ਪ੍ਰੈੱਸ 'ਚ ਦਿੱਤੇ ਗਏ ਬਿਆਨ ਦੇ ਦੂਰਗਾਮੀ ਨਤੀਜੇ ਹੋ ਸਕਦੇ ਹਨ। ਇਸ ਨਾਲ ਕਈ ਹੋਰ ਮੁੱਦੇ ਉੱਠ ਸਕਦੇ ਹਨ ਤੇ ਫਿਰਕੂ ਸਦਭਾਵਨਾ ਵਿਗੜ ਸਕਦੀ ਹੈ, ਇਹ ਚਿੰਤਾ ਦਾ ਵਿਸ਼ਾ ਹੈ। ਜੇ ਭਗਵਾਨ ਦੇ ਪ੍ਰਸ਼ਾਦ 'ਤੇ ਕੋਈ ਪ੍ਰਸ਼ਨ ਚਿੰਨ੍ਹ ਹੈ ਤਾਂ ਇਸ ਦੀ ਜਾਂਚ ਹੋਣੀ ਚਾਹੀਦੀ ਹੈ।

ਕੋਰਟ ਨੇ ਕਿਹਾ ਕਿ ਇਹ ਉਚਿਤ ਹੋਵੇਗਾ ਕਿ ਸਾਲੀਸਿਟਰ ਜਨਰਲ ਇਹ ਫੈਸਲਾ ਕਰਨ 'ਚ ਉਸ ਦੀ ਮਦਦ ਕਰੇ ਕਿ ਪਹਿਲਾਂ ਤੋਂ ਨਿਯੁਕਤ ਐੱਸ ਆਈ ਟੀ ਨੂੰ ਜਾਰੀ ਰੱਖਿਆ ਜਾਵੇ ਜਾਂ ਜਾਂਚ ਕਿਸੇ ਸੁਤੰਤਰ ਏਜੰਸੀ ਤੋਂ ਕਰਵਾਈ ਜਾਵੇ।

ਇਸ ਤੋਂ ਬਾਅਦ ਕੋਰਟ ਨੇ ਮਾਮਲੇ ਦੀ ਸੁਣਵਾਈ 3 ਅਕਤੂਬਰ ਨੂੰ ਦੁਪਹਿਰ 3:30 ਵਜੇ ਕਰਨ ਦਾ ਨਿਰਦੇਸ਼ ਦਿੱਤਾ। ਬੈਂਚ ਨੇ ਇਕ ਵਕੀਲ ਲੂਥਰਾ ਨੂੰ ਕਿਹਾ ਕਿ ਤੁਸੀਂ ਆਪਣੇ ਸਾਰੇ ਮੁਵੱਕਲਾਂ ਨੂੰ ਬਿਆਨ ਦਿੰਦੇ ਸਮੇਂ ਸੰਜਮ ਵਰਤਣ ਲਈ ਕਹੋ। ਸਿਰਫ ਇਸ ਲਈ ਕਿ ਨਮੂਨੇ 'ਚ ਸੋਇਆਬੀਨ ਦਾ ਤੇਲ ਹੋ ਸਕਦਾ ਹੈ, ਇਸ ਦਾ ਮਤਲਬ ਇਹ ਨਹੀਂ ਕਿ ਮੱਛੀ ਦੇ ਤੇਲ ਦੀ ਵਰਤੋਂ ਕੀਤੀ ਗਈ ਹੈ। ਸਪਲਾਇਰ 'ਤੇ ਸ਼ੱਕ ਜ਼ਾਹਰ ਕੀਤਾ ਜਾ ਸਕਦਾ ਹੈ, ਪਰ ਬਿਨਾਂ ਸਬੂਤਾਂ ਦੇ ਅਜਿਹਾ ਬਿਆਨ ਦੇਣਾ ਸਹੀ ਨਹੀਂ ਹੈ।

## ਬੱਸ ਬੇਕਾਬੂ ਹੋ ਕੇ ਸ਼ੈਲਟਰ 'ਚ ਵੱਜੀ, 3 ਮੌਤਾਂ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਸੋਮਵਾਰ ਬਾਅਦ ਦੁਪਹਿਰ ਬਟਾਲਾ-ਕਾਦੀਆਂ ਰੋਡ ਉਤੇ ਪ੍ਰਾਈਵੇਟ ਬੱਸ ਸਕੂਟਰੀ ਨੂੰ ਬਚਾਉਂਦੀ ਬੇਕਾਬੂ ਹੋ ਕੇ ਪਿੰਡ ਸ਼ਾਹਬਾਦ ਦੇ ਸ਼ੈਲਟਰ ਵਿਚ ਜਾ ਵੱਜਣ ਕਾਰਨ ਇਕ ਬੱਚੇ ਤੇ ਇਕ ਔਰਤ ਸਣੇ ਘੱਟੋ-ਘੱਟ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ, ਜਦੋਂਕਿ ਇਕ ਹੋਰ ਔਰਤ ਦੇ ਵੀ ਮਾਰੇ ਜਾਣ ਦਾ ਖਦਸ਼ਾ ਹੈ। ਡੇਢ ਦਰਜਨ ਦੇ ਕਰੀਬ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਕਰੀਬ ਅੱਧੀ ਦਰਜਨ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਸੀ। ਇਕ ਔਰਤ ਦਾ ਸਿਰ ਧੜ ਤੋਂ ਵੱਖ ਹੋ ਗਿਆ। ਮਾਰੇ ਗਏ ਬੱਚੇ ਦੀ ਪਛਾਣ ਅਭਿਜੋਤ ਸਿੰਘ (13) ਪੁੱਤਰ ਭੁਪਿੰਦਰ ਸਿੰਘ ਪਿੰਡ ਸੰਗਤਪੁਰਾ ਵਜੋਂ ਹੋਈ ਹੈ, ਜਦੋਂਕਿ ਇਕ ਹੋਰ ਦੀ ਪਛਾਣ ਕਾਲੂ (26) ਪਿੰਡ ਤਲਵੰਡੀ ਖੁੱਬਣ ਵਜੋਂ ਹੋਈ ਹੈ, ਜੋ ਆਪਣੀ ਪਤਨੀ ਜੋਤੀ ਸਮੇਤ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆਪਣੇ ਸਹੁਰੇ ਪਿੰਡ ਜਾ ਰਿਹਾ ਸੀ। ਬੱਸ ਹੇਠ ਆ ਕੇ ਕੁਝ ਮੋਟਰਸਾਈਕਲ ਤੇ ਸਕੂਟਰੀਆਂ ਨੁਕਸਾਨੀਆਂ ਗਈਆਂ।



ਬਟਾਲਾ ਦੇ ਐੱਸ ਐੱਸ ਪੀ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਛੇ ਜ਼ਖਮੀ ਬਟਾਲਾ ਦੇ ਸਿਵਲ ਹਸਪਤਾਲ ਵਿਚ ਦਾਖਲ ਸਨ, ਜਦੋਂਕਿ ਕਰੀਬ ਛੇ ਨੂੰ ਹੀ ਅੰਮ੍ਰਿਤਸਰ ਰੈਫਰ ਕਰਨਾ ਪਿਆ। ਬੱਸ ਬਟਾਲਾ ਤੋਂ ਮੁਹਾਲੀ ਜਾ ਰਹੀ ਸੀ। ਚਸ਼ਮਦੀਦਾਂ ਮੁਤਾਬਕ ਹਾਦਸਾ ਏਨਾ ਭਿਆਨਕ ਸੀ ਕਿ ਸ਼ੈਲਟਰ ਦਾ ਲੈਂਟਰ ਹੀ ਬੱਸ ਦੇ ਅੰਦਰ ਧਸ ਗਿਆ। ਪਿੰਡ ਸ਼ਾਹਬਾਦ ਨੇੜੇ ਹੋਏ ਇਸ ਹਾਦਸੇ ਵਿੱਚ ਮਰਨ ਵਾਲੇ ਸਾਰੇ ਲੋਕ ਨੇੜਲੇ ਪਿੰਡਾਂ ਦੇ ਵਸਨੀਕ ਸਨ।

## ਦਾਦਾ ਸਾਹਿਬ ਫਾਲਕੇ ਐਵਾਰਡ ਮਿਥੁਨ ਚੱਕਰਵਰਤੀ ਨੂੰ



**ਨਵੀਂ ਦਿੱਲੀ** : ਇਸ ਵਾਰ ਦਾ ਫਿਲਮਾਂ ਦਾ ਸਭ ਤੋਂ ਵਕਾਰੀ 'ਦਾਦਾ ਸਾਹਿਬ ਫਾਲਕੇ ਐਵਾਰਡ' ਮਿਥੁਨ ਚੱਕਰਵਰਤੀ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਮਿਥੁਨ 'ਮ੍ਰਿਗਯਾ', 'ਸੁਰਕਸ਼ਾ' ਅਤੇ 'ਡਾਂਸ ਡਾਂਸ' ਵਰਗੀਆਂ ਫਿਲਮਾਂ ਲਈ ਜਾਣੇ ਜਾਂਦੇ ਹਨ। ਕੁਝ ਮਹੀਨੇ ਪਹਿਲਾਂ ਹੀ ਕੇਂਦਰ ਸਰਕਾਰ ਨੇ ਉਨ੍ਹਾ ਨੂੰ ਦੇਸ਼ ਦੇ ਤੀਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਪਦਮ ਭੂਸ਼ਣ' ਨਾਲ ਵੀ ਨਿਵਾਜਿਆ ਸੀ। ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਣਵ ਨੇ ਸੋਮਵਾਰ ਕਿਹਾ—ਮਿਥੁਨ ਦਾਦਾ ਦਾ ਲਾਸਾਨੀ ਫਿਲਮੀ ਸਫਰ ਪੀੜ੍ਹੀਆਂ ਨੂੰ ਪ੍ਰੇਰਤ ਕਰਦਾ ਹੈ! ਮੈਨੂੰ ਇਹ ਐਲਾਨ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਦਾਦਾ ਸਾਹਿਬ ਫਾਲਕੇ ਚੋਣ ਜਿਊਰੀ ਨੇ ਇਹ ਐਵਾਰਡ ਭਾਰਤੀ ਸਿਨੇਮਾ ਵਿਚ ਸ਼ਾਨਦਾਰ ਯੋਗਦਾਨ ਲਈ ਨਾਮੀ ਅਦਾਕਾਰ ਸ੍ਰੀ ਮਿਥੁਨ ਚੱਕਰਵਰਤੀ ਜੀ ਨੂੰ ਦੇਣ ਦਾ ਫੈਸਲਾ ਕੀਤਾ ਹੈ। ਵੈਸ਼ਣਵ ਨੇ ਕਿਹਾ ਕਿ ਉਨ੍ਹਾ ਨੂੰ ਇਸ ਐਵਾਰਡ ਨਾਲ 8 ਅਕਤੂਬਰ ਨੂੰ ਹੋਣ ਵਾਲੇ 70ਵੇਂ ਨੈਸ਼ਨਲ ਫਿਲਮ ਐਵਾਰਡ ਸਮਾਗਮ ਦੌਰਾਨ ਸਨਮਾਨਿਆ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਿਥੁਨ ਨੂੰ ਵਧਾਈ ਦਿੰਦਿਆਂ ਕਿਹਾ—ਉਹ ਇਕ ਸੱਭਿਆਚਾਰਕ ਪ੍ਰਤੀਕ ਹਨ, ਜੋ ਆਪਣੀਆਂ ਵਿਆਪਕ ਕਾਰਗੁਜ਼ਾਰੀਆਂ ਰਾਹੀਂ ਬਹੁਤ ਸਾਰੀਆਂ ਪੀੜ੍ਹੀਆਂ ਨੂੰ ਪ੍ਰੇਰਤ ਕਰਦੇ ਹਨ। ਉਨ੍ਹਾ ਨੂੰ ਮੁਬਾਰਕਾਂ ਤੇ ਸ਼ੁੱਭਕਾਮਨਾਵਾਂ।

## ਕੋਲਕਾਤਾ ਕਾਂਡ ਦੀ ਜਾਂਚ ਤੋਂ ਸੁਪਰੀਮ ਕੋਰਟ ਫਿਲਹਾਲ ਸੰਤੁਸ਼ਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਕੋਲਕਾਤਾ ਦੇ ਜਬਰ-ਜ਼ਨਾਹ ਤੇ ਕਤਲ ਮਾਮਲੇ ਦੀ ਸੁਣਵਾਈ ਅਗਾਂਹ ਤੋਰੀ।

ਕੋਲਕਾਤਾ ਦੇ ਸਰਕਾਰੀ ਆਰ ਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਇਕ ਟਰੇਨੀ ਡਾਕਟਰ ਨਾਲ ਵਾਪਰੀ ਇਸ ਭਿਆਨਕ ਘਟਨਾ ਦਾ ਸੁਪਰੀਮ ਕੋਰਟ ਨੇ ਆਪਣੇ ਤੌਰ 'ਤੇ ਨੋਟਿਸ ਲਿਆ ਸੀ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਇਸ ਮਾਮਲੇ ਵਿਚ ਹਾਲੇ ਤੱਕ ਦੀ ਸੀ ਬੀ ਆਈ ਜਾਂਚ ਦੀ ਸਥਿਤੀ ਰਿਪੋਰਟ ਉਤੇ ਗੌਰ ਕਰਦਿਆਂ ਕਿਹਾ ਕਿ ਕੌਮੀ ਜਾਂਚ ਏਜੰਸੀ ਦੀ ਤਫਤੀਸ਼ ਵਿਚ ਅਹਿਮ ਸੁਰਾਗ ਸਾਹਮਣੇ ਆਏ ਹਨ।

ਇਸ ਤੋਂ ਪਹਿਲਾਂ ਬੀਤੀ 17 ਸਤੰਬਰ ਨੂੰ ਮਾਮਲੇ ਦੀ ਸੁਣਵਾਈ ਦੌਰਾਨ ਬੈਂਚ ਨੇ ਕਿਹਾ ਸੀ ਕਿ ਮਾਮਲੇ ਦੀਆਂ ਸੀ ਬੀ ਆਈ ਵੱਲੋਂ ਕੀਤੀਆਂ ਗਈਆਂ ਲੱਭਤਾਂ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਹਨ। ਉਂਝ ਅਦਾਲਤ ਨੇ ਇਹ ਕਹਿੰਦਿਆਂ ਇਨ੍ਹਾਂ ਲੱਭਤਾਂ ਦਾ ਖੁਲਾਸਾ ਕਰਨ ਤੋਂ ਨਾਂਹ ਕਰ ਦਿੱਤੀ ਸੀ ਕਿ ਇਸ ਨਾਲ ਮਾਮਲੇ ਦੀ ਜਾਰੀ ਜਾਂਚ ਨੂੰ ਨੁਕਸਾਨ ਪੁੱਜ ਸਕਦਾ ਹੈ।

### ਆਖਰੀ ਗੇੜ ਦੀ ਪੋਲਿੰਗ ਅੱਜ

**ਸ੍ਰੀਨਗਰ** : ਜੰਮੂ-ਕਸ਼ਮੀਰ ਅਸੈਂਬਲੀ ਚੋਣਾਂ ਦੇ ਤੀਜੇ ਤੇ ਆਖਰੀ ਗੇੜ 'ਚ ਮੰਗਲਵਾਰ 7 ਜ਼ਿਲ੍ਹਿਆਂ 'ਚ 40 ਸੀਟਾਂ ਲਈ ਵੋਟਾਂ ਪੈਣਗੀਆਂ। ਇਨ੍ਹਾਂ 'ਚ ਜੰਮੂ ਖੇਤਰ ਦੇ ਚਾਰ ਜ਼ਿਲ੍ਹੇ ਜੰਮੂ, ਊਧਮਪੁਰ, ਸਾਂਬਾ ਤੇ ਕਠੂਆ, ਜਦਕਿ ਉੱਤਰੀ ਕਸ਼ਮੀਰ ਅਧੀਨ ਆਉਂਦੇ ਤਿੰਨ ਜ਼ਿਲ੍ਹੇ ਬਾਰਾਮੂਲਾ, ਬਾਂਡੀਪੋਰਾ ਤੇ ਕੁਪਵਾੜਾ ਹਨ। 18 ਤੇ 26 ਸਤੰਬਰ ਨੂੰ ਦੋ ਗੇੜਾਂ ਦੌਰਾਨ ਕ੍ਰਮਵਾਰ 61.38 ਫੀਸਦ ਤੇ 57.31 ਫੀਸਦ ਪੋਲਿੰਗ ਹੋਈ ਸੀ। ਨਤੀਜੇ 8 ਅਕਤੂਬਰ ਨੂੰ ਆਉਣੇ ਹਨ।

### ਸਰਹੱਦਾਂ ਲੋਕ ਨਹੀਂ ਬਣਾਉਂਦੇ...

**ਲੰਡਨ** : ਦਿਲਜੀਤ ਦੁਸਾਂਝ ਅੱਜਕੱਲ੍ਹ ਆਪਣੇ ਦਿਲ-ਲੁਮੀਨੇਟੀ ਟੂਰ ਲਈ ਯੂ ਕੇ ਦੇ ਦੌਰੇ 'ਤੇ ਹੈ। ਉਸ ਨੇ ਹਾਲ ਹੀ 'ਚ ਮਾਨਚੈਸਟਰ ਦੇ ਭਰੇ ਸਟੇਡੀਅਮ 'ਚ ਪ੍ਰਦਰਸ਼ਨ ਕੀਤਾ। ਉਸ ਦੀ ਵਾਇਰਲ ਵੀਡੀਓ ਵਿਚ ਦਿਲਜੀਤ ਸਟੇਜ 'ਤੇ ਆਪਣੀ ਪ੍ਰਸ਼ੰਸਕ ਨੂੰ ਤੋਹਫਾ ਦਿੰਦੇ ਹੋਏ ਪੁੱਛਦਾ ਹੈ ਕਿ ਉਹ ਕਿੱਥੋਂ ਦੀ ਹੈ। ਜਦੋਂ ਉਸ ਨੇ ਦੱਸਿਆ ਕਿ ਉਹ ਪਾਕਿਸਤਾਨ ਤੋਂ ਹੈ ਤਾਂ ਦਿਲਜੀਤ ਕਹਿੰਦਾ ਹੈ ਕਿ ਉਹ ਨਹੀਂ ਮੰਨਦਾ ਕਿ ਸਰਹੱਦਾਂ ਲੋਕਾਂ ਨੂੰ ਵੰਡਦੀਆਂ ਹਨ। ਉਸ ਲਈ, ਦੇਸ਼ਾਂ ਦੀਆਂ ਸਰਹੱਦਾਂ ਉਹੀ ਹਨ, ਜੋ ਸਿਆਸਤਦਾਨ ਚਾਹੁੰਦੇ ਹਨ, ਨਾ ਕਿ ਕਿਸੇ ਵੀ ਦੇਸ਼ ਦੇ ਲੋਕ।

### ਪੰਚਾਇਤ ਚੋਣਾਂ ਦਾ ਨੋਟੀਫਿਕੇਸ਼ਨ ਚੈਲੰਜ

**ਚੰਡੀਗੜ੍ਹ** : ਕੁਲਜਿੰਦਰ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਖਲ ਕਰਕੇ ਪੰਜਾਬ ਵਿਚ ਪੰਚਾਇਤ ਚੋਣਾਂ ਦਾ ਨੋਟੀਫਿਕੇਸ਼ਨ ਰੱਦ ਕਰਨ ਦੀ ਮੰਗ ਕੀਤੀ ਹੈ। ਉਸਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਜਲਦਬਾਜ਼ੀ 'ਚ ਨੋਟੀਫਿਕੇਸ਼ਨ ਜਾਰੀ ਕਰਕੇ ਕਈ ਗਲਤੀਆਂ ਕੀਤੀਆਂ ਹਨ। ਪਟੀਸ਼ਨਰ ਨੇ ਨਾਮਜ਼ਦਗੀ ਲਈ ਥੋੜ੍ਹੇ ਦਿਨ ਦੇਣ ਤੇ ਸੀਟਾਂ ਦੀ ਰਿਜ਼ਰਵੇਸ਼ਨ ਆਦਿ ਨੂੰ ਲੈ ਕੇ ਸਵਾਲ ਚੁੱਕੇ ਹਨ। ਹਾਈਕੋਰਟ ਨੇ ਇਸ 'ਤੇ ਪੰਜਾਬ ਸਰਕਾਰ ਨੂੰ ਬੁੱਧਵਾਰ ਸਵੇਰ ਤੱਕ ਜਵਾਬ ਦਾਖਲ ਕਰਨ ਦਾ ਹੁਕਮ ਦਿੱਤਾ ਹੈ।

### ਨਿਰਮਲਾ ਖਿਲਾਫ ਜਾਂਚ 'ਤੇ ਅੰਤਰਮ ਰੋਕ

**ਬੇਂਗਲੁਰੂ** : ਕਰਨਾਟਕ ਹਾਈ ਕੋਰਟ ਨੇ ਚੋਣ ਬਾਂਡਾਂ ਰਾਹੀਂ ਕਥਿਤ ਵਸੂਲੀ ਦੇ ਕੇਸ ਵਿਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਿਰੁੱਧ ਦਰਜ ਐੱਫ ਆਈ ਆਰ 'ਤੇ ਸੋਮਵਾਰ ਅੰਤਰਮ ਸਟੇਅ ਦੇ ਦਿੱਤਾ। ਕੋਰਟ ਨੇ ਮਾਮਲੇ ਦੇ ਇਕ ਹੋਰ ਮੁਲਜ਼ਮ ਸਾਬਕਾ ਸੂਬਾ ਭਾਜਪਾ ਪ੍ਰਧਾਨ ਨਲਿਨ ਕੁਮਾਰ ਕਟੀਲ ਖਿਲਾਫ ਜਾਂਚ ਵੀ ਰੋਕ ਦਿੱਤੀ ਹੈ।

## ਪਰਾਲੀ ਫੂਕਣ ਦੀ ਸਮੱਸਿਆ ਨੂੰ ਠੱਲ੍ਹਣ ਲਈ ਟਿਕਾਊ ਮੁਹਿੰਮ ਚਲਾਉਣ ਦੀ ਵਕਾਲਤ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਪਰਾਲੀ ਫੂਕਣ ਦੇ ਮਾਮਲਿਆਂ ਨੂੰ ਹੋਰ ਘਟਾਉਣ ਲਈ ਪਰਾਲੀ ਦੇ ਪ੍ਰਬੰਧਨ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਵਾਸਤੇ ਟਿਕਾਊ ਮੁਹਿੰਮ ਚਲਾਉਣ ਦੀ ਵਕਾਲਤ ਕੀਤੀ ਹੈ।ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਨਿਬੇੜੇ ਸਬੰਧੀ ਤਿਆਰੀਆਂ ਬਾਰੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਪ੍ਰਚਾਰ ਮੁਹਿੰਮ ਰਾਹੀਂ ਪਰਾਲੀ ਫੂਕਣ ਦੇ ਮਾੜੇ ਪ੍ਰਭਾਵਾਂ ਬਾਰੇ ਜ਼ਰੂਰ ਜਾਗਰੂਕ ਕੀਤਾ ਜਾਵੇ। ਉਨ੍ਹਾਂ ਨੂੰ ਪਰਾਲੀ ਦੇ ਪ੍ਰਬੰਧਨ ਲਈ ਮਸ਼ੀਨਾਂ ਉਤੇ ਮਿਲਦੀ ਸਬਸਿਡੀ ਬਾਰੇ ਵੀ ਚੰਗੀ ਤਰ੍ਹਾਂ ਪਤਾ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਕਸਟਮ ਹਾਇਰਿੰਗ ਸੈਂਟਰਾਂ ਰਾਹੀਂ ਉਹ ਪਰਾਲੀ ਦੇ ਪ੍ਰਬੰਧਨ ਉਪਰ ਆਉਂਦੇ ਖ਼ਰਚੇ ਘਟਾ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਪੰਚਾਇਤਾਂ ਤੇ ਹੋਰ ਸਾਂਝੀਆਂ ਥਾਵਾਂ ਉਤੇ ਕਸਟਮ ਹਾਇਰਿੰਗ ਸੈਂਟਰ (ਸੀ.ਐਚ.ਸੀ.) ਸਥਾਪਤ ਕਰਨ ਲਈ ਵੀ ਆਖਿਆ।ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤਾ ਕਿ ਪਰਾਲੀ ਫੂਕਣ ਦੇ ਮਾੜੇ ਪ੍ਰਭਾਵਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਜ਼ੋਰ-ਸ਼ੋਰ ਨਾਲ ਮੁਹਿੰਮ ਵਿੱਢੀ ਜਾਵੇ। ਉਨ੍ਹਾਂ ਕਿਹਾ ਕਿ ਇਸ ਨਾਲ ਪਰਾਲੀ ਫੂਕਣ ਵਿਰੁੱਧ ਜੰਗ ਨੂੰ ਲੋਕ ਲਹਿਰ ਵਿੱਚ ਬਦਲਣ ਵਿੱਚ ਮਦਦ ਮਿਲੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਮੁਹਿੰਮ 2024-25 ਤਹਿਤ agrimachinerypb.com ਪੋਰਟਲ ਰਾਹੀਂ ਸਬਸਿਡੀ ਲੈਣ ਲਈ ਇੱਛੁਕ ਕਿਸਾਨਾਂ ਕੋਲੋਂ ਅਰਜ਼ੀਆਂ ਮੰਗੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ 20 ਜੂਨ 2024 ਤੱਕ ਮਸ਼ੀਨਰੀ ਲਈ ਕੁੱਲ 63,904 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਉਨ੍ਹਾਂ ਕਿਹਾ ਕਿ ਜ਼ਿਲ੍ਹਿਆਂ ਦੀ ਮੰਗ ਉਤੇ ਇਸ ਪੋਰਟਲ ਨੂੰ 13 ਸਤੰਬਰ ਤੋਂ 19 ਸਤੰਬਰ 2024 ਤੱਕ ਮੁੜ ਖੋਲ੍ਹਿਆ ਗਿਆ ਸੀ ਅਤੇ ਇਸ ਉਤੇ 19 ਸਤੰਬਰ ਤੱਕ ਕੁੱਲ 1.07 ਲੱਖ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਨੂੰ 14 ਹਜ਼ਾਰ ਮਸ਼ੀਨਾਂ ਅਤੇ ਜ਼ਿਲ੍ਹਿਆਂ ਵਿੱਚ ਕਸਟਮ ਹਾਇਰਿੰਗ ਸੈਂਟਰਾਂ ਨੂੰ 1100 ਮਸ਼ੀਨਾਂ ਦੇਣ ਦਾ ਟੀਚਾ ਨਿਰਧਾਰਤ ਕੀਤਾ ਹੈ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਵੱਲੋਂ 'ਉੱਨਤ ਕਿਸਾਨ' ਮੋਬਾਈਲ ਐਪਲੀਕੇਸ਼ਨ ਵੀ ਲਾਂਚ ਕੀਤੀ ਗਈ ਹੈ, ਜਿਸ ਦੀ ਮਦਦ ਨਾਲ ਝੋਨੇ ਦੇ ਵਾਢੀ ਸੀਜ਼ਨ-2024 ਤੋਂ ਪਹਿਲਾਂ ਕਿਸਾਨ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਆਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਐਪ ਰਾਹੀਂ ਛੋਟੇ ਅਤੇ ਹਾਸ਼ੀਏ ਉੱਤੇ ਧੱਕੇ ਕਿਸਾਨਾਂ ਲਈ ਇਹ ਮਸ਼ੀਨਾਂ ਵਧੇਰੇ ਪਹੁੰਚ ਵਿੱਚ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਐਪ 'ਤੇ ਕਿਸਾਨਾਂ ਲਈ 1.30 ਲੱਖ ਤੋਂ ਵੱਧ ਸੀ.ਆਰ.ਐਮ. ਮਸ਼ੀਨਾਂ ਨੂੰ ਮੈਪ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਮੋਬਾਈਲ ਐਪਲੀਕੇਸ਼ਨ ਨਾਲ ਕਿਸਾਨ ਆਪਣੇ ਆਸ-ਪਾਸ ਦੇ ਉਪਲੱਬਧ ਕਸਟਮ ਹਾਇਰਿੰਗ ਸੈਂਟਰਾਂ (ਸੀ.ਐਚ.ਸੀ.) ਤੋਂ ਆਸਾਨੀ ਨਾਲ ਮਸ਼ੀਨ ਬੁੱਕ ਕਰ ਸਕਦੇ ਹਨ ਅਤੇ ਵਧੇਰੇ ਸਹੂਲਤ ਲਈ ਗ੍ਰਾਮ ਪੱਧਰੀ ਨੋਡਲ ਅਫ਼ਸਰ/ਕਲੱਸਟਰ ਹੈੱਡ ਕਿਸਾਨਾਂ ਨੂੰ ਉਨ੍ਹਾਂ ਦੀ ਪਸੰਦੀਦਾ ਮਸ਼ੀਨ ਪਹਿਲਾਂ ਹੀ ਨਿਰਧਾਰਤ ਕਰ ਦੇਣਗੇ ਤਾਂ ਜੋ ਕਿਸਾਨ ਆਸਾਨੀ ਨਾਲ ਮਸ਼ੀਨ ਬੁੱਕ ਕਰ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਮਸ਼ੀਨਾਂ ਦੀ ਵਰਤੋਂ ਅਤੇ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਸਦਕਾ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ 'ਚ ਕਾਫੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ 2021-22 ਵਿੱਚ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ 76,929 ਘਟਨਾਵਾਂ ਦੇ ਮੁਕਾਬਲੇ 2022-23 ਇਨ੍ਹਾਂ ਘਟਨਾਵਾਂ (71,159) ਵਿੱਚ 30 ਫ਼ੀਸਦ ਦੀ ਕਮੀ ਆਈ ਹੈ ਅਤੇ 2022-23 ਵਿੱਚ ਅੱਗ ਲਗਾਉਣ ਦੀਆਂ 71,159 ਘਟਨਾਵਾਂ ਦੇ ਮੁਕਾਬਲੇ 2023-24 ਵਿੱਚ 26 ਫ਼ੀਸਦ ਕਮੀ ਨਾਲ ਇਹ ਘਟਨਾਵਾਂ 49,922 ਰਹਿ ਗਈਆਂ।

ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ 2020-21 ਦੇ ਮੁਕਾਬਲੇ 2023-24 ਵਿੱਚ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਕੁੱਲ 52 ਫ਼ੀਸਦੀ ਕਮੀ ਆਈ ਹੈ।

## ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਹਵਾਈ ਫੌਜ ਦੇ ਮੁਖੀ ਦਾ ਅਹੁਦਾ ਸੰਭਾਲਿਆ



**ਨਵੀਂ ਦਿੱਲੀ** : ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ (ਏ ਪੀ ਸਿੰਘ) ਨੇ ਸੋਮਵਾਰ ਭਾਰਤੀ ਹਵਾਈ ਫੌਜ ਦੇ ਨਵੇਂ ਮੁਖੀ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾ ਏਅਰ ਚੀਫ ਮਾਰਸ਼ਲ ਵੀ ਆਰ ਚੌਧਰੀ ਦੀ ਥਾਂ ਲਈ ਹੈ, ਜਿਨ੍ਹਾ ਨੂੰ ਇਸ ਤੋਂ ਪਹਿਲਾਂ ਭਾਰਤੀ ਹਵਾਈ ਫੌਜ ਦੇ ਹੈੱਡਕੁਆਰਟਰ ਵਾਯੂ ਭਵਨ ਵਿਖੇ ਇਕ ਸ਼ਾਨਦਾਰ ਸਮਾਗਮ ਦੌਰਾਨ ਨਿੱਘੀ ਵਿਦਾਇਗੀ ਦਿੱਤੀ ਗਈ। ਏਅਰ ਚੀਫ ਮਾਰਸ਼ਲ ਚੌਧਰੀ ਨੇ ਇਸ ਅਹੁਦੇ ਉਤੇ ਤਿੰਨ ਸਾਲ ਸੇਵਾ ਨਿਭਾਈ।

ਏਅਰ ਚੀਫ ਮਾਰਸ਼ਲ ਏ ਪੀ ਸਿੰਘ ਪਹਿਲਾਂ ਹਵਾਈ ਫੌਜ ਦੇ ਉਪ ਮੁਖੀ ਸਨ। ਉਨ੍ਹਾ ਦਾ ਜਨਮ 27 ਅਕਤੂਬਰ, 1964 ਨੂੰ ਹੋਇਆ ਅਤੇ ਉਨ੍ਹਾ ਨੂੰ ਭਾਰਤੀ ਹਵਾਈ ਫੌਜ ਦੀ ਫਾਈਟਰ ਪਾਇਲਟ ਸਟਰੀਮ ਵਿਚ ਦਸੰਬਰ 1984 ਵਿਚ ਕਮਿਸ਼ਨ ਪ੍ਰਾਪਤ ਹੋਇਆ ਸੀ।

ਆਪਣੀ ਕਰੀਬ 40 ਸਾਲਾਂ ਦੀ ਸੇਵਾ ਦੌਰਾਨ ਉਨ੍ਹਾ ਵੱਖੋ-ਵੱਖ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ, ਜਿਨ੍ਹਾਂ ਵਿਚ ਵਿਦੇਸ਼ਾਂ ਵਿਚ ਨਿਯੁਕਤੀਆਂ ਵੀ ਸ਼ਾਮਲ ਹਨ।

ਇਕ ਪਾਇਲਟ ਵਜੋਂ ਉਨ੍ਹਾ ਰੂਸ 'ਚ ਮਾਸਕੋ ਵਿਖੇ ਮਿਗ-29 ਅਪਗਰੇਡ ਪ੍ਰਾਜੈਕਟ ਮੈਨੇਜਮੈਂਟ ਟੀਮ ਦੀ ਅਗਵਾਈ ਕੀਤੀ ਅਤੇ ਉਹ ਨੈਸ਼ਨਲ ਫਲਾਈਟ ਟੈਸਟ ਸੈਂਟਰ ਵਿਖੇ ਪ੍ਰਾਜੈਕਟ ਡਾਇਰੈਕਟਰ (ਫਲਾਈਟ ਟੈਸਟ) ਵੀ ਰਹੇ. ਉਨ੍ਹਾ ਨੂੰ ਹਲਕੇ ਜੰਗੀ ਹਵਾਈ ਜਹਾਜ਼ ਤੇਜਸ ਦੀਆਂ ਉਡਾਣਾਂ ਰਾਹੀਂ ਅਜ਼ਮਾਇਸ਼ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਸੀ।

### ਅਮਰੀਕਾ ਨੇ ਹੋਰ ਢਾਈ ਲੱਖ ਵੀਜ਼ਾ ਸਲਾਟ ਖੋਲ੍ਹੇ

**ਨਵੀਂ ਦਿੱਲੀ** : ਭਾਰਤ ਵਿਚਲੇ ਅਮਰੀਕੀ ਦੂਤਘਰ ਨੇ ਦੱਸਿਆ ਕਿ ਅਮਰੀਕਾ ਨੇ ਭਾਰਤੀ ਸੈਲਾਨੀਆਂ, ਹੁਨਰਮੰਦ ਕਾਮਿਆਂ ਅਤੇ ਵਿਦਿਆਰਥੀਆਂ ਲਈ ਵਾਧੂ 2,50,000 ਵੀਜ਼ਾ ਸਲਾਟ (ਵੀਜ਼ਾ ਲੈਣ ਲਈ ਦਰਖਾਸਤ ਕਰਨ ਦੀ ਪ੍ਰਕਿਰਿਆ) ਖੋਲ੍ਹ ਦਿੱਤੇ ਹਨ। ਉਸ ਨੇ ਕਿਹਾ ਕਿ ਨਵੇਂ ਸਲਾਟ ਭਾਰਤੀ ਬਿਨੈਕਾਰਾਂ ਨੂੰ ਸਮੇਂ ਸਿਰ ਇੰਟਰਵਿਊ ਦੇਣ ਤੇ ਉਨ੍ਹਾਂ ਵੱਲੋਂ ਅਮਰੀਕਾ ਦੀ ਯਾਤਰਾ ਕਰਨ ਦੀ ਸਹੂਲਤ ਪ੍ਰਦਾਨ ਕਰਨਗੇ। ਦੱਸਣਾ ਬਣਦਾ ਹੈ ਕਿ ਭਾਰਤ ਵਾਸੀਆਂ ਨੂੰ ਕਈ-ਕਈ ਮਹੀਨੇ ਤੇ ਸਾਲ ਤੋਂ ਉਪਰ ਅਮਰੀਕਾ ਦੀ ਇੰਟਰਵਿਊ ਦੇਣ ਲਈ ਇੰਤਜ਼ਾਰ ਕਰਨਾ ਪੈਂਦਾ ਸੀ ਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਵੀਜ਼ਾ ਮਿਲਣ ਜਾਂ ਨਾ ਮਿਲਣ ਦਾ ਫੈਸਲਾ ਹੁੰਦਾ ਸੀ, ਪਰ ਅਮਰੀਕਾ ਦੇ ਇਸ ਕਦਮ ਨਾਲ ਵੱਡੀ ਗਿਣਤੀ ਭਾਰਤੀਆਂ ਨੂੰ ਫਾਇਦਾ ਹੋਵੇਗਾ। ਇਸ ਸਾਲ ਵਿਚ ਹੁਣ ਤੱਕ 12 ਲੱਖ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦੀ ਯਾਤਰਾ ਕੀਤੀ ਹੈ, ਜੋ ਕਿ 2023 ਦੇ ਮੁਕਾਬਲੇ 35 ਫੀਸਦੀ ਵੱਧ ਹੈ।

### ਚੀਫ ਜਸਟਿਸ ਵਕੀਲ ਦੀ 'ਯਾ-ਯਾ' ਤੋਂ ਖਿਝੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਸੋਮਵਾਰ ਵਕੀਲ ਦੇ ਅੰਗਰੇਜ਼ੀ ਵਿਚ 'ਯਾ...ਯਾ...' ਕਹਿਣ 'ਤੇ ਖਿਝ ਗਏ ਤੇ ਝਾੜਦਿਆਂ ਕਿਹਾ—ਇਹ ਕੋਈ ਕੌਫੀ ਸ਼ਾਪ ਨਹੀਂ ਹੈ। ਇਹ ਯਾ-ਯਾ ਕੀ ਹੁੰਦੈ? ਮੈਨੂੰ ਇਸ ਤੋਂ ਬਹੁਤ ਐਲਰਜੀ ਹੈ, ਇਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਤੁਸੀਂ ਯੈੱਸ ਬੋਲੋ।

ਝਾੜ ਖਾਣ ਤੋਂ ਬਾਅਦ ਵਕੀਲ ਨੇ ਦੱਸਿਆ ਕਿ ਉਹ ਪੁਣੇ ਦਾ ਰਹਿਣ ਵਾਲਾ ਹੈ ਤੇ ਫਿਰ ਮਰਾਠੀ ਵਿਚ ਦਲੀਲਾਂ ਦੇਣ ਲੱਗਾ। ਇਸ 'ਤੇ ਚੀਫ ਜਸਟਿਸ ਨੇ ਵੀ ਮਰਾਠੀ ਵਿਚ ਹੀ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਦਰਅਸਲ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਖਿਲਾਫ ਇਨ ਹਾਊਸ ਜਾਂਚ ਦੀ ਮੰਗ ਦੀ ਪਟੀਸ਼ਨ 'ਤੇ ਸੁਣਵਾਈ ਹੋ ਰਹੀ ਸੀ। ਚੀਫ ਜਸਟਿਸ ਨੇ ਵਕੀਲ ਨੂੰ ਕੇਸ ਵਿੱਚੋਂ ਗੋਗੋਈ ਦਾ ਨਾਂਅ ਹਟਾਉਣ ਦੀ ਹਦਾਇਤ ਕੀਤੀ। ਉਨ੍ਹਾ ਕਿਹਾ ਕਿ ਕਿਸੇ ਜੱਜ ਨੂੰ ਧਿਰ ਬਣਾ ਕੇ ਜਨ ਹਿੱਤ ਪਟੀਸ਼ਨ ਨਹੀਂ ਕੀਤੀ ਜਾ ਸਕਦੀ।

## ਅੱਜ-ਨਾਮਾ

ਲੱਗੇ ਸੀ ਲਾਉਣ ਸਰਪੰਚੀ ਦੀ ਜਦੋਂ ਬੋਲੀ,
ਸਾਰਾ ਪਿੰਡ ਸੀ ਪਹੁੰਚ ਗਿਆ ਆਣ ਬੇਲੀ।
ਮੂਹਰੇ ਆਕੜ ਕੇ ਸੱਜਣ ਉਹ ਆਣ ਬੈਠੇ,
ਬਹੁਤ ਮਾਇਆ ਦਾ ਜਿਨ੍ਹਾਂ ਨੂੰ ਮਾਣ ਬੇਲੀ।
ਲੱਖ-ਦੋ ਲੱਖ ਤੋਂ ਪਹਿਲ ਇਹ ਸ਼ੁਰੂ ਹੋਈ,
ਲੱਗ ਪਈ ਸਿੱਧੀ ਕਰੋੜ ਵੱਲ ਜਾਣ ਬੇਲੀ।
ਜਿੱਥੋਂ ਤੀਕਰ ਫਿਰ ਕਿਸੇ ਦੀ ਪਹੁੰਚ ਹੋਈ,
ਓਥੋਂ ਤੀਕਰ ਹੈ ਲਾਈ ਗਿਆ ਤਾਣ ਬੇਲੀ।
ਆ ਗਈ ਜਦੋਂ ਨੀਲਾਮੀ ਹੈ ਮੀਡੀਏ ਵਿੱਚ,
ਅਧਿਕਾਰੀ ਫੇਰ ਵੀ ਰਹੇ ਨਹੀਂ ਬੋਲ ਬੇਲੀ।
ਵਿਕਦਾ ਪਿਆ ਜਦ ਪਿੰਡਾਂ ਦਾ ਲੋਕਤੰਤਰ,
ਸ਼ਰਮ-ਹਯਾ ਸਭ ਦਿੱਤੀ ਗਈ ਰੋਲ ਬੇਲੀ।

-ਤੀਸ ਮਾਰ ਖਾਂ

## ਗੋਬਰਧਨ ਯੋਜਨਾ ਛੇ ਸਾਲਾਂ 'ਚ 10 ਫੀਸਦੀ ਪੈਂਡਾ ਤੈਅ ਕਰ ਸਕੀ



**ਨਵੀਂ ਦਿੱਲੀ** : 2 ਅਕਤੂਬਰ 2014 ਨੂੰ ਸ਼ੁਰੂ ਹੋਏ ਸਵੱਛ ਭਾਰਤ ਮਿਸ਼ਨ ਦੇ ਦਸ ਸਾਲਾਂ ਦੇ ਸਫਰ ਵਿਚ ਸਭ ਤੋਂ ਵੱਡੀ ਚੁਣੌਤੀ ਕੂੜਾ ਪ੍ਰਬੰਧਨ ਲਈ ਸਥਾਈ ਅਤੇ ਪ੍ਰਭਾਵਸ਼ਾਲੀ ਪ੍ਰਬੰਧ ਕਰਨਾ ਰਿਹਾ ਹੈ। ਵਾਤਾਵਰਨ ਮੰਤਰਾਲੇ ਦੀ ਰਿਪੋਰਟ ਅਨੁਸਾਰ ਅਗਲੇ ਸਾਲ ਯਾਨੀ 2025 ਤੱਕ ਸ਼ਹਿਰੀ ਖੇਤਰਾਂ ਵਿਚ ਪ੍ਰਤੀ ਵਿਅਕਤੀ ਪ੍ਰਤੀ ਦਿਨ 0.70 ਕਿੱਲੋ ਠੋਸ ਰਹਿੰਦ-ਖੂੰਹਦ ਪੈਦਾ ਕੀਤੀ ਜਾਵੇਗੀ। ਇਹ 1999 ਦੇ ਮੁਕਾਬਲੇ ਚਾਰ ਤੋਂ ਛੇ ਗੁਣਾ ਜ਼ਿਆਦਾ ਹੈ ਪਰ ਸਾਡੀ ਕੂੜਾ ਪ੍ਰਬੰਧਨ ਸਮਰੱਥਾ ਇਸ ਦਾ ਚੌਥਾ ਹਿੱਸਾ ਵੀ ਨਹੀਂ ਹੈ। ਕੂੜਾ ਹਰ ਸਾਲ ਚਾਰ ਫੀਸਦੀ ਦੀ ਦਰ ਨਾਲ ਵਧ ਰਿਹਾ ਹੈ ਅਤੇ ਸਰਕਾਰਾਂ ਦਾ ਇਸ ਨਾਲ ਨਜਿੱਠਣ ਲਈ ਸਾਹ ਫੁੱਲ ਰਿਹਾ ਹੈ।

ਭਾਰਤ ਮਿਸ਼ਨ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਾਲ 2016 ਵਿਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ ਨਿਯਮ ਬਣਾਏ ਗਏ ਸਨ। ਸਥਾਨਕ ਰਹਿੰਦ-ਖੂੰਹਦ ਦੇ ਨਿਪਟਾਰੇ ਦੀ ਪੂਰੀ ਪ੍ਰਣਾਲੀ ਬਣਾਉਣ ਲਈ ਇਸ ਨੂੰ ਆਰਥਿਕਤਾ ਨਾਲ ਜੋੜਨਾ ਵੱਡਾ ਵਿਚਾਰ ਸੀ। ਗੋਬਰਧਨ ਯੋਜਨਾ 2018 ਵਿਚ ਸ਼ੁਰੂ ਕੀਤੀ ਗਈ ਸੀ। ਕਈ ਮੰਤਰਾਲੇ ਵੀ ਇਸ ਸੋਚ ਨਾਲ ਜੁੜੇ ਹੋਏ ਸਨ। ਬਾਇਓ ਗੈਸ ਪਲਾਂਟ ਸਥਾਪਤ ਕਰਨ ਲਈ ਰਾਜਾਂ ਨੂੰ ਕੇਂਦਰੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ। ਕਈ ਤਰ੍ਹਾਂ ਦੇ ਲਾਭ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਸਭ ਦੇ ਬਾਵਜੂਦ ਗੋਬਰਧਨ ਯੋਜਨਾ ਨੂੰ ਲੈ ਕੇ ਵਿਖਾਇਆ ਗਿਆ ਸ਼ੁਰੂਆਤੀ ਉਤਸ਼ਾਹ ਮੁਹਿੰਮ ਦਾ ਰੂਪ ਨਹੀਂ ਲੈ ਸਕਿਆ। ਅੱਜ ਸਥਿਤੀ ਇਹ ਹੈ ਕਿ ਪੂਰੇ ਦੇਸ਼ ਵਿਚ ਸਿਰਫ 23 ਫੀਸਦੀ ਠੋਸ ਰਹਿੰਦ-ਖੂੰਹਦ ਨੂੰ ਟਰੀਟ ਕੀਤਾ ਜਾ ਰਿਹਾ ਹੈ ਅਤੇ ਉਸ ਵਿਚ ਵੀ ਬਾਇਓ ਗੈਸ ਰੂਟ ਦਾ ਯੋਗਦਾਨ ਅੱਧਾ ਫੀਸਦੀ ਵੀ ਨਹੀਂ ਹੈ। ਸ਼ਹਿਰਾਂ ਵਿਚ ਹਰ ਰੋਜ਼ 1.45 ਲੱਖ ਟਨ ਠੋਸ ਕੂੜਾ ਪੈਦਾ ਹੋ ਰਿਹਾ ਹੈ। ਇਸ ਦਾ 67 ਪ੍ਰਤੀਸ਼ਤ ਲੈਂਡਫਿਲ ਸਾਈਟਾਂ ਤੱਕ ਪਹੁੰਚ ਰਿਹਾ ਹੈ।

ਜਲ ਸ਼ਕਤੀ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਹੁਣ ਤੱਕ 1,388 ਬਾਇਓ ਗੈਸ ਪਲਾਂਟ ਰਜਿਸਟਰਡ ਹੋ ਚੁੱਕੇ ਹਨ, ਪਰ ਸਥਿਤੀ ਇਹ ਹੈ ਕਿ ਇਨ੍ਹਾਂ ਵਿੱਚੋਂ ਸਿਰਫ 103 ਹੀ ਮੁਕੰਮਲ ਹੋ ਸਕੇ ਹਨ। ਛੱਤੀਸਗੜ੍ਹ 'ਚ 19, ਕਰਨਾਟਕ 14, ਆਸਾਮ 13, ਉੱਤਰ ਪ੍ਰਦੇਸ਼ 9, ਮਹਾਰਾਸ਼ਟਰ 9, ਰਾਜਸਥਾਨ 8, ਹਰਿਆਣਾ ਤੇ ਹਿਮਾਚਲ 6-6, ਗੁਜਰਾਤ 5, ਤਾਮਿਲਨਾਡੂ ਤੇ ਬਿਹਾਰ 4-4, ਆਂਧਰਾ ਪ੍ਰਦੇਸ਼ ਤੇ ਮੱਧ ਪ੍ਰਦੇਸ਼ 3-3 ਪਲਾਂਟ ਲੱਗੇ ਹਨ। ਇਸ ਦਾ ਮਤਲਬ ਹੈ ਕਿ ਬਾਇਓ ਗੈਸ ਪਲਾਂਟਾਂ ਦਾ ਮੁਸ਼ਕਲ ਨਾਲ ਦਸ ਫੀਸਦੀ ਕੰਮ ਪੂਰਾ ਹੋਇਆ ਹੈ।

ਪਿਛਲੇ ਮਹੀਨੇ ਜਲ ਸ਼ਕਤੀ ਮੰਤਰੀ ਸੀ ਆਰ ਪਾਟਿਲ ਨੇ ਗੋਬਰਧਨ ਯੋਜਨਾ ਦੀ ਸਮੀਖਿਆ ਕੀਤੀ ਸੀ ਤਾਂ ਇਨ੍ਹਾਂ ਪਲਾਂਟਾਂ ਦੇ ਸੰਚਾਲਕਾਂ ਨੇ ਆਪਣੀਆਂ ਸਾਰੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਗਿਣਾਈਆਂ। ਸਭ ਤੋਂ ਪ੍ਰਮੁੱਖ ਰਸਾਇਣਕ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਦਾ ਨਿਰੰਤਰ ਰੁਝਾਨ ਅਤੇ ਕਾਰਬਨ ਕ੍ਰੈਡਿਟ ਬਾਰੇ ਸਪੱਸ਼ਟ ਤੇ ਚੰਗੀ ਤਰ੍ਹਾਂ ਪ੍ਰੀਭਾਸ਼ਤ ਪ੍ਰਣਾਲੀ ਦੀ ਘਾਟ ਸੀ। ਉਨ੍ਹਾਂ ਨੂੰ ਮਿਉਂਸਪਲ ਸੰਸਥਾਵਾਂ ਦੀ ਅਕੁਸ਼ਲਤਾ ਨਾਲ ਨਜਿੱਠਣਾ ਪੈਂਦਾ ਹੈ, ਜਿਨ੍ਹਾਂ ਕੋਲ ਕੂੜੇ ਨੂੰ ਵੱਖ ਕਰਨ ਲਈ ਸਰੋਤ ਅਤੇ ਤਕਨਾਲੋਜੀ ਦੀ ਘਾਟ ਦੇ ਨਾਲ-ਨਾਲ ਇੱਛਾ ਸ਼ਕਤੀ ਦੀ ਵੀ ਘਾਟ ਹੈ। ਇਸ ਸਭ ਕਾਰਨ ਇਨ੍ਹਾਂ ਪਲਾਂਟਾਂ ਦੀ ਆਰਥਿਕ ਸੰਭਾਵਨਾ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ।

## ਸਰਦਾਰਨੀ ਗੁਰਮੇਲ ਕੌਰ ਮਾਂਗਟ ਨਮਿਤ ਭੋਗ ਅੱਜ

ਸਾਡੇ ਸਤਿਕਾਰਯੋਗ ਮਾਤਾ
ਸਰਦਾਰਨੀ ਗੁਰਮੇਲ ਕੌਰ ਮਾਂਗਟ
ਪਤਨੀ ਸਵ: ਮਿਲਖਰਾਜ ਸਿੰਘ ਮਾਂਗਟ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ।ਉਨ੍ਹਾ ਨਮਿਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ ਅੱਜ 1 ਅਕਤੂਬਰ 2024 (ਮੰਗਲਵਾਰ) ਨੂੰ ਇਕ ਵਜੇ ਕੈਪਟਨ ਚੰਦਾ ਸਿੰਘ ਮਾਂਗਟ ਰਾਈਸ ਮਿੱਲਜ਼ ਕਰਮਗੜ੍ਹ ਰੋਡ, ਹਮੀਦੀ (ਬਰਨਾਲਾ) ਵਿਖੇ ਹੋਵੇਗਾ। ਆਪ ਜੀ ਨੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।



ਦੁਖੀ ਹਿਰਦੇ
ਸ: ਹਰਦਿਆਲ ਸਿੰਘ ਮਾਂਗਟ ਆੜ੍ਹਤੀਆ-ਬੀਬੀ ਹਰਬੰਸ ਕੌਰ (ਪੁੱਤਰ-ਨੂੰਹ)
ਬੀਬੀ ਬਲਵੰਤ ਕੌਰ ਮਾਂਗਟ ਪਤਨੀ ਸਵ: ਜਗਦੇਵ ਸਿੰਘ (ਨੂੰਹ)
ਅਮਨਦੀਪ ਸਿੰਘ ਮਾਂਗਟ ਕੈਨੇਡਾ-ਸਰਬਜੀਤ ਕੌਰ (ਪੋਤਰਾ-ਪੋਤ ਨੂੰਹ)
ਜਸਵਿੰਦਰ ਸਿੰਘ ਮਾਂਗਟ ਜ਼ਿਲ੍ਹਾ ਮੀਤ ਪ੍ਰਧਾਨ ਕਾਂਗਰਸ-ਜਸਪ੍ਰੀਤ ਕੌਰ ਮਾਂਗਟ (ਪੋਤਰਾ-ਪੋਤ ਨੂੰਹ), ਕੁਲਵਿੰਦਰ ਸਿੰਘ ਮਾਂਗਟ-ਅਮਨਦੀਪ ਕੌਰ (ਪੋਤਰਾ-ਪੋਤ ਨੂੰਹ), ਗੁਰਜੋਤ ਸਿੰਘ ਮਾਂਗਟ ਕੈਨੇਡਾ, ਜੋਬਨਪ੍ਰੀਤ ਸਿੰਘ ਮਾਂਗਟ, ਨੋਬਲਪ੍ਰੀਤ ਸਿੰਘ ਮਾਂਗਟ (ਪੜਪੋਤਰੇ), ਸਮੂਹ ਮਾਂਗਟ ਪਰਵਾਰ ਤੇ ਰਿਸ਼ਤੇਦਾਰ।

ਨੋਟ : ਵੱਖਰੇ ਕਾਰਡ ਨਹੀਂ ਭੇਜੇ ਜਾਣਗੇ
ਮੋਬਾਇਲ : 95926-00311, 98729-36361

## ਰਾਮਪੁਰਾ ਫੂਲ ਤੇ ਬਾਘਾ ਪੁਰਾਣਾ ਹਲਕੇ 'ਚ ਸਰਬਸੰਮਤੀ ਨਾਲ ਚੁਣੀ ਪੰਚਾਇਤ ਨੂੰ ਸਵਾ ਲੱਖ ਰੁਪਏ ਦਿੱਤੇ ਜਾਣਗੇ : ਕੁਲਵੰਤ ਮਲੂਕਾ



**ਬਠਿੰਡਾ (ਰਾਜੀਵ ਗੋਇਲ)**-ਹਲਕਾ ਰਾਮਪੁਰਾ ਫੂਲ ਨਾਲ ਸੰਬੰਧਤ ਉੱਘੇ ਸਮਾਜਸੇਵੀ ਕੁਲਵੰਤ ਸਿੰਘ ਮਲੂਕਾ ਵੱਲੋਂ ਆਪਣੇ ਜੱਦੀ ਹਲਕੇ ਰਾਮਪੁਰਾ ਫੂਲ ਤੇ ਬਾਘਾ ਪੁਰਾਣਾ ਹਲਕੇ ਦੀਆਂ ਸਮੂਹ ਪਿੰਡਾਂ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਜਿਹੜੀ ਪੰਚਾਇਤ ਸਰਬਸੰਮਤੀ ਨਾਲ ਚੁਣੀ ਜਾਵੇਗੀ, ਉਸ ਹਰ ਇੱਕ ਪੰਚਾਇਤ ਨੂੰ ਸਵਾ ਲੱਖ ਰੁਪਏ ਦੀ ਰਾਸ਼ੀ ਇਨਾਮ ਵਜੋਂ ਪਿੰਡ ਦੇ ਵਿਕਾਸ ਲਈ ਦਿੱਤੀ ਜਾਵੇਗੀ। ਦੱਸਣਾ ਬਣਦਾ ਹੈ ਕਿ ਹਲਕੇ ਦੇ ਇੱਕ ਸਿਆਸੀ ਆਗੂ ਵੱਲੋਂ ਸਿਰਫ ਆਪਣੇ ਨਾਨਕੇ ਪਿੰਡ ਦੀ ਪੰਚਾਇਤ ਲਈ ਇਨਾਮ ਰਾਸ਼ੀ ਦਾ ਐਲਾਨ ਕੀਤਾ ਗਿਆ ਸੀ, ਜਿਸ ਨੂੰ ਲੈ ਕੇ ਬਾਕੀ ਪਿੰਡਾਂ ਦੇ ਲੋਕਾਂ ਅੰਦਰ ਰੋਸ ਭਾਵਨਾ ਦੇਖਣ ਨੂੰ ਮਿਲੀ ਸੀ ਅਤੇ ਅੱਜ ਇਸੇ ਹੀ ਲੜੀ ਤਹਿਤ ਸਾਰੇ ਹੀ ਪਿੰਡਾਂ ਨੂੰ ਬਰਾਬਰ ਸਮਝਦੇ ਹੋਏ ਕੁਲਵੰਤ ਸਿੰਘ ਮਲੂਕਾ, ਜਿਹੜੇ ਕਿ ਹਲਕਾ ਰਾਮਪੁਰਾ ਫੂਲ ਦੇ ਜੱਦੀ ਵਸਨੀਕ ਹਨ ਅਤੇ ਬਾਘਾ ਪੁਰਾਣਾ ਹਲਕੇ ਅੰਦਰ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਚਲਾ ਰਹੇ ਹਨ, ਜਿਸ ਕਾਰਨ ਬਾਘਾ ਪੁਰਾਣਾ ਹਲਕੇ ਵਿੱਚ ਵੀ ਮਲੂਕਾ ਕਾਫੀ ਰਸੂਖ ਰੱਖਦੇ ਹਨ, ਵੱਲੋਂ ਹਰ ਉਸ ਪਿੰਡ ਨੂੰ ਸਵਾ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ, ਜਿਹੜੇ ਪਿੰਡ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕਰਨਗੇ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਪੰਚਾਇਤੀ ਚੋਣਾਂ 'ਤੇ ਹੋਣ ਵਾਲਾ ਖਰਚ ਬਚੇਗਾ, ਉੱਥੇ ਹੀ ਆਪਸੀ ਭਾਈਚਾਰਕ ਸਾਂਝ ਵੀ ਵਧੇਗੀ।

## ਫੋਰਟਿਸ ਨੇ ਵਿਸ਼ਵ ਦਿਲ ਦਿਵਸ ਮੌਕੇ ਕੱਢੀ ਸਾਈਕਲ ਰੈਲੀ



**ਲੁਧਿਆਣਾ (ਰਾਜ ਸਿੰਗਲਾ)**-ਦਿਲ ਦੀ ਸਿਹਤ ਨੂੰ ਉਤਸ਼ਾਹਤ ਕਰਨ ਦੇ ਮਕਸਦ ਨਾਲ ਫੋਰਟਿਸ ਹਸਪਤਾਲ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਮਿਲ ਕੇ ਵਰਲਡ ਹਾਰਟ ਡੇਅ ਦੇ ਮੌਕੇ 'ਤੇ ਆਪਣੀ ਦੂਜੀ ਸਾਈਕਲੋਥਾਨ ਦਾ ਆਯੋਜਨ ਕੀਤਾ।ਪ੍ਰੋਗਰਾਮ 'ਚ 1000 ਤੋਂ ਵੱਧ ਸਾਈਕਲਿੰਗ ਪ੍ਰੇਮੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ, ਜਿੱਥੇ ਸਭ ਨੇ ਸਾਈਕਲਿੰਗ ਦੇ ਸਧਾਰਨ ਤੇ ਪ੍ਰਭਾਵਸ਼ਾਲੀ ਵਰਜ਼ਿਸ਼ ਰਾਹੀਂ ਦਿਲ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਦਾ ਸੁਨੇਹਾ ਦਿੱਤਾ।ਸਾਈਕਲੋਥਾਨ ਦੀ ਸ਼ੁਰੂਆਤ ਫੋਰਟਿਸ ਹਸਪਤਾਲ, ਮਾਲ ਰੋਡ, ਲੁਧਿਆਣਾ ਤੋਂ ਹੋਈ ਤੇ ਇਸ ਦਾ ਸਮਾਪਨ ਫੋਰਟਿਸ ਹਸਪਤਾਲ, ਚੰਡੀਗੜ੍ਹ ਰੋਡ 'ਤੇ ਹੋਇਆ।ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਸ਼੍ਰੀ ਜਤਿੰਦਰ ਜੋਰਵਾਲ (ਡਿਪਟੀ ਕਮਿਸ਼ਨਰ) ਨੇ ਕੀਤਾ।ਉਨ੍ਹਾਂ ਦਾ ਸਵਾਗਤ ਫੋਰਟਿਸ ਹਸਪਤਾਲ ਅੰਮ੍ਰਿਤਸਰ ਤੇ ਲੁਧਿਆਣਾ ਦੇ ਜ਼ੋਨਲ ਹੈੱਡ ਡਾ. ਵਿਸ਼ਵਦੀਪ ਗੋਯਲ, ਫੋਰਟਿਸ ਹਸਪਤਾਲ ਮਾਲ ਰੋਡ ਲੁਧਿਆਣਾ ਦੇ ਯੂਨਿਟ ਹੈੱਡ ਸ਼੍ਰੀ ਗੁਰਦਰਸ਼ਨ ਮੰਗਟ ਡਾ. ਪਰਮਦੀਪ ਸਿੰਘ ਸੰਧੂ, ਡਾ. ਸੰਦੀਪ ਚੋਪੜਾ, ਡਾ. ਮਨਿੰਦਰ ਸਿੰਗਲਾ, ਡਾ. ਨਿਖਲ ਬਾਂਸਲ ਤੇ ਡਾ. ਮਨਵ ਵਧੇਰਾ ਨੇ ਕੀਤਾ।ਪ੍ਰੋਗਰਾਮ ਸਵੇਰੇ 5:00 ਵਜੇ ਸ਼ੁਰੂ ਹੋਇਆ, ਜਿਸ ਵਿੱਚ ਹਿੱਸੇਦਾਰਾਂ ਨੇ ਦਿਲ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਨਿਯਮਤ ਸਰੀਰਕ ਗਤੀਵਿਧੀਆਂ ਨੂੰ ਉਤਸ਼ਾਹਤ ਕਰਨ ਲਈ ਆਪਣਾ ਸਾਈਕਲ ਸਫ਼ਰ ਸ਼ੁਰੂ ਕੀਤਾ।

## ਰਾਮਲੀਲ੍ਹਾ ਦਾ ਮੰਚਨ ਅੱਜ ਤੋਂ ਸ਼ੁਰੂ : ਸੂਦ, ਕੁੰਦਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਵਹਿੱਤਕਾਰੀ ਸਭਾ ਸ੍ਰੀ ਰਾਮਲੀਲਾ ਕਮੇਟੀ ਵੱਲੋਂ ਰਾਮਲੀਲਾ ਦਾ ਮੰਚਨ 1 ਅਕਤੂਬਰ ਤੋਂ ਦੁਸਹਿਰਾ ਗਰਾਊਂਡ ਵਿਖੇ ਸ਼ੁਰੂ ਕਰਾਇਆ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਅਸ਼ੋਕ ਸੂਦ ਤੇ ਚੇਅਰਮੈਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਰਾਮਲੀਲਾ ਮੰਚਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਛੀਵਾੜਾ ਸਾਹਿਬ ਦੇ ਨੌਜਵਾਨਾਂ ਵਲੋਂ ਪਿਛਲੇ 1 ਮਹੀਨੇ ਤੋਂ ਰਾਮਲੀਲਾ ਮੰਚਨ ਸਬੰਧੀ ਰੀਹਰਸਲ ਕੀਤੀ ਜਾ ਰਹੀ ਹੈ ਤੇ ਇਸ ਵਾਰ ਪਵਿੱਤਰ ਗ੍ਰੰਥ ਰਮਾਇਣ ਦੇ ਅਧਾਰ 'ਤੇ ਬੜੇ ਹੀ ਸੁੰਦਰ ਦ੍ਰਿਸ਼ ਦਰਸ਼ਕਾਂ ਨੂੰ ਦਿਖਾਏ ਜਾਣਗੇ। ਉਨ੍ਹਾਂ ਦੱਸਿਆ ਕਿ 1 ਅਕਤੂਬਰ ਤੋਂ 11 ਅਕਤੂਬਰ ਤੱਕ ਰੋਜ਼ਾਨਾ ਰਾਤ 9 ਵਜੇ ਤੋਂ 12 ਵਜੇ ਤੱਕ ਰਾਮਲੀਲਾ ਦਾ ਮੰਚਨ ਬੜੀ ਮਰਿਯਾਦਾ ਨਾਲ ਕਲਾਕਾਰਾਂ ਵੱਲੋਂ ਕੀਤਾ ਜਾਵੇਗਾ। ਪ੍ਰਧਾਨ ਸੂਦ ਤੇ ਚੇਅਰਮੈਨ ਕੁੰਦਰਾ ਨੇ ਦੱਸਿਆ ਕਿ ਦੁਸਹਿਰਾ ਮੈਦਾਨ ਨੂੰ ਸੁੰਦਰ ਲਾਈਟਾਂ ਨਾਲ ਸਜਾਇਆ ਗਿਆ ਹੈ ਤੇ ਬੱਚਿਆਂ ਦੇ ਮਨੋਰੰਜਨ ਲਈ ਵੱਖ-ਵੱਖ ਤਰ੍ਹਾਂ ਦੇ ਝੂਲੇ ਵੀ ਲਾਏ ਗਏ ਹਨ। ਉਨ੍ਹਾਂ ਦੱਸਿਆ ਕਿ ਦੁਸਹਿਰਾ ਮੈਦਾਨ ਵਿਚ ਸੁਰੱਖਿਆ ਦੇ ਮੱਦੇਨਜ਼ਰ ਸੀਸੀਟੀਵੀ ਕੈਮਰੇ ਲਾ ਦਿੱਤੇ ਗਏ ਹਨ ਤੇ ਪੁਲਸ ਵੱਲੋਂ ਪੂਰੀ ਮੁਸ਼ਤੈਦੀ ਵਰਤੀ ਜਾਵੇਗੀ। ਇਸ ਲਈ ਜੇਕਰ ਕਿਸੇ ਨੇ ਵੀ ਕੋਈ ਸ਼ਰਾਰਤ ਕੀਤੀ ਤਾਂ ਉਹ ਕੈਮਰੇ ਦੀ ਅੱਖ ਤੋਂ ਬਚ ਨਹੀਂ ਸਕੇਗਾ। ਉਨ੍ਹਾਂ ਦੱਸਿਆ ਕਿ 12 ਅਕਤੂਬਰ ਨੂੰ ਦੁਸਹਿਰਾ ਮੇਲਾ ਬੜੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸਭਾ ਦੇ ਅਹੁਦੇਦਾਰਾਂ ਵਲੋਂ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਭਗਵਾਨ ਸ੍ਰੀ ਰਾਮ ਜੀ ਦੇ ਜੀਵਨ ਨਾਲ ਸਬੰਧਤ ਦ੍ਰਿਸ਼ਾਂ ਨੂੰ ਦੇਖਣ ਲਈ ਵਧ-ਚੜ੍ਹ ਕੇ ਪਹੁੰਚਣ। ਇਸ ਮੌਕੇ ਸਭਾ ਦੇ ਹੋਰ ਅਹੁਦੇਦਾਰ ਤੇ ਆਗੂ ਵੀ ਮੌਜੂਦ ਸਨ।

## 'ਪੰਜਾਬੀ ਸਮਾਜ ਦੀਆਂ ਸਮੱਸਿਆਵਾਂ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਪੰਜਾਬੀ ਸਮਾਜ ਦੀਆਂ ਸਮੱਸਿਆਵਾਂ ਦੇ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਾਇਆ ਗਿਆ।ਸਮਾਗਮ ਵਿੱਚ ਪ੍ਰੋਫ਼ੈਸਰ ਹਰਵਿੰਦਰ ਸਿੰਘ ਭੱਟੀ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸ਼ਿਰਕਤ ਕੀਤੀ।ਡਾ. ਭੱਟੀ ਨੇ ਪੰਜਾਬੀ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਜਿਵੇਂ ਕਿ ਨਸ਼ਾਖੋਰੀ, ਬੇਰੁਜ਼ਗਾਰੀ, ਪਰਵਾਸ, ਵਾਤਾਵਰਣ, ਰਾਜਨੀਤਿਕ ਆਦਿ ਦੇ ਕਾਰਨ ਦੱਸਣ ਦੇ ਨਾਲ-ਨਾਲ ਉਨ੍ਹਾਂ ਦੇ ਹੱਲ ਨੂੰ ਵੀ ਬਹੁਤ ਹੀ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਨਾਲ ਸਾਂਝਾ ਕੀਤਾ।ਇਸ ਮੌਕੇ ਪ੍ਰੋਫ਼ੈਸਰ ਜਮਸ਼ੀਦ ਅਲੀ ਖਾਨ, ਰਾਜਨੀਤੀ ਸ਼ਾਸਤਰ ਵਿਭਾਗ, ਪ੍ਰੋਫ਼ੈਸਰ ਜਸਪਾਲ ਕੌਰ ਕਾਂਗ, ਧਰਮ ਅਧਿਐਨ ਵਿਭਾਗ, ਡਾ. ਅੰਕਦੀਪ ਕੌਰ ਅਟਵਾਲ, ਕੋਡੀਨੇਟਰ ਅੰਦਰੂਨੀ ਗੁਣਵਤਾ ਨਿਰਧਾਰਣ ਸੈੱਲ, ਜਸਪ੍ਰੀਤ ਕੌਰ, ਮੁਖੀ, ਅੰਗਰੇਜ਼ੀ ਵਿਭਾਗ, ਨਰਿੰਦਰ ਕੌਰ, ਇੰਚਾਰਜ, ਸੋਸ਼ਲ ਸਾਇੰਸ ਵਿਭਾਗ, ਡਾ. ਬਲਵਿੰਦਰ ਕੌਰ, ਸਹਾਇਕ ਪ੍ਰੋਫ਼ੈਸਰ, ਰਾਜਨੀਤੀ ਸ਼ਾਸ਼ਤਰ, ਏਕਰੂਪ ਕੌਰ, ਸਹਾਇਕ ਪ੍ਰੋਫ਼ੈਸਰ, ਸਮਾਜ ਵਿਗਿਆਨ ਵਿਭਾਗ ਨੇ ਮਹਿਮਾਨਾਂ ਵਜੋਂ ਸ਼ਮੂਲੀਅਤ ਕੀਤੀ।ਵਿਭਾਗ ਮੁਖੀ ਡਾ. ਨਵ ਸ਼ਗਨਦੀਪ ਕੌਰ ਨੇ ਮੁੱਖ ਬੁਲਾਰੇ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਸਹਾਇਕ ਪ੍ਰੋਫ਼ੈਸਰ ਪਰਮਦੀਪ ਸਿੰਘ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

## ਰੂਬਲ ਗਿੱਲ ਕੈਨੇਡਾ ਨੂੰ ਸਰਪੰਚੀ ਲਈ ਉਮੀਦਵਾਰ ਐਲਾਨਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਮਹਿਲ ਖ਼ੁਰਦ ਵਿਖੇ ਪਿੰਡ ਦੇ ਲੋਕਾਂ ਨੇ ਭਰਵਾਂ ਇਕੱਠ ਕਰਕੇ ਨੌਜਵਾਨ ਆਗੂ ਰੂਬਲ ਗਿੱਲ ਕੈਨੇਡਾ ਨੂੰ ਸਰਪੰਚੀ ਲਈ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ।ਨਿੱਕੇ ਜਿਹੇ ਸੱਦੇ 'ਤੇ ਗਿੱਲ ਦੇ ਗ੍ਰਹਿ ਵਿਖੇ ਪਹੁੰਚੇ ਵੱਡੀ ਗਿਣਤੀ ਹਰ ਵਰਗ ਨਾਲ ਸਬੰਧਤ ਲੋਕਾਂ ਨੇ ਹੱਥ ਖੜੇ ਕਰਕੇ ਰੂਬਲ ਗਿੱਲ ਨੂੰ ਉਮੀਦਵਾਰ ਵਜੋਂ ਸਹਿਮਤੀ ਦਿੱਤੀ।ਬੁਲਾਰਿਆਂ ਨੇ ਨੌਜਵਾਨ ਰੂਬਲ ਗਿੱਲ ਵੱਲੋਂ ਪਿਛਲੇ ਸਮੇਂ ਦੌਰਾਨ ਪਿੰਡ ਮਹਿਲ ਖ਼ੁਰਦ ਪ੍ਰਤੀ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਰੂਬਲ ਗਿੱਲ ਹਰ ਪੱਖੋਂ ਸਮਰੱਥ ਆਗੂ ਹੈ, ਜੋ ਪਿੰਡ ਦੇ ਲੋਕਾਂ ਦੀ ਅਗਵਾਈ ਕਰਨ ਦੇ ਕਾਬਲ ਹੈ। ਸਰਪੰਚ ਉਮੀਦਵਾਰ ਰੂਬਲ ਗਿੱਲ ਨੇ ਕਿਹਾ ਕਿ ਜੋ ਅੱਜ ਜਿਸ ਵੀ ਮੁਕਾਮ 'ਤੇ ਹਨ, ਆਪਣੇ ਪਿੰਡ ਦੇ ਲੋਕਾਂ ਦੀ ਬਦੌਲਤ ਹਨ।ਹੁਣ ਪਿੰਡ ਦੇ ਲੋਕਾਂ ਦੇ ਕਹਿਣ ਅਨੁਸਾਰ ਉਹ ਚੋਣ ਮੈਦਾਨ 'ਚ ਆਏ ਹਨ।

## ਸਰੀਰਕ ਮਿਹਨਤ ਨਾ ਕਰਨਾ ਬਿਮਾਰੀਆਂ ਨੂੰ ਸੱਦਾ ਦੇਣਾ : ਡਾ. ਚੰਦਰ ਸ਼ੇਖਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਵਿਖੇ ਵਿਸ਼ਵ ਦਿਲ ਦਿਵਸ ਮਨਾਇਆ ਗਿਆ।ਇਸ ਮੌਕੇ ਡਾ. ਚੰਦਰ ਸ਼ੇਖਰ ਕੱਕੜ ਨੇ ਕਿਹਾ ਕਿ ਮਸ਼ੀਨੀ ਯੁੱਗ ਆਉਣ ਕਾਰਨ ਹਰ ਕੰਮ ਥੋੜ੍ਹੇ ਸਮੇਂ ਵਿੱਚ ਹੋ ਜਾਂਦਾ ਹੈ ਤੇ ਸ਼ਰੀਰਕ ਬਲ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ, ਪ੍ਰੰਤੂ ਪੁਰਾਣੇ ਸਮਿਆਂ ਵਿੱਚ ਪੰਜਾਬ ਦੇ ਲੋਕ ਸਖਤ ਮਿਹਨਤ ਕਰਨ ਕਾਰਨ ਜਾਣੇ ਜਾਂਦੇ ਸਨ, ਜਿਸ ਕਾਰਨ ਸ਼ੂਗਰ ਤੇ ਦਿਲ ਨਾਲ ਸਬੰਧਤ ਬਿਮਾਰੀਆਂ ਬਹੁਤ ਘੱਟ ਲੋਕਾਂ ਨੂੰ ਹੁੰਦੀਆਂ ਸਨ, ਪਰ ਜਿਸ ਤਰ੍ਹਾਂ ਮਨੁੱਖ ਨੇ ਕੰਮ ਕਰਨ ਦੀ ਆਦਤ ਨੂੰ ਘੱਟ ਕੀਤਾ, ਉਸਦੇ ਮੁਤਾਬਕ ਆਪਣੀ ਖੁਰਾਕ ਘੱਟ ਨਹੀਂ ਕੀਤੀ, ਜੋ ਉਸਦੀ ਬਿਮਾਰੀ ਦਾ ਮੁੱਖ ਕਾਰਨ ਹੈ।ਉਨ੍ਹਾਂ ਕਿਹਾ ਕਿ ਮਨੁੱਖ ਨੂੰ ਹਰ 6 ਮਹੀਨੇ ਬਾਅਦ ਆਪਣਾ ਬਲੱਡ ਪ੍ਰੈਸ਼ਰ, ਸ਼ੂਗਰ ਤੇ ਖ਼ੂਨ ਵਿੱਚ ਚਰਬੀ ਦੀ ਮਾਤਰਾ ਦੀ ਜਾਂਚ ਕਰਾਉਣੀ ਚਾਹੀਦੀ ਹੈ ਤਾਂ ਜੁ ਨੌਜਵਾਨ ਇਸ ਬਿਮਾਰੀ ਤੋਂ ਬਚੇ ਰਹਿ ਸਕਣ ਤੇ ਬਿਮਾਰੀ ਹੋਣ 'ਤੇ ਸਮੇਂ ਸਿਰ ਉਸਦਾ ਇਲਾਜ ਕੀਤਾ ਜਾ ਸਕੇ।ਡਾ. ਪਰਮਜੀਤ ਸਿੰਘ ਬਰਾੜ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਨੇ ਕਿਹਾ ਕਿ ਦਿਲ ਤੇ ਸ਼ੂਗਰ ਦੀਆਂ ਬਿਮਾਰੀਆਂ ਤੋਂ ਬਚਣ ਲਈ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਅਤੇ ਖੁਰਾਕ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।ਰੋਜ਼ਾਨਾ ਘੱਟੋ ਘੱਟ 45 ਮਿੰਟ ਤੱਕ ਸਰੀਰਕ ਕਸਰਤ ਜਾਂ ਸੈਰ ਕਰਨੀ ਚਾਹੀਦੀ ਹੈ ਤੇ ਸਮੇਂ-ਸਮੇਂ 'ਤੇ ਆਪਣੀ ਡਾਕਟਰੀ ਜਾਂਚ ਜ਼ਰੂਰ ਕਰਾਉਂਦੇ ਰਹਿਣਾ ਚਾਹੀਦਾ ਹੈ।ਸਰੀਰ ਦੇ ਭਾਰ ਨੂੰ ਨਿਯੰਤਰਿਤ ਰੱਖਣਾ ਚਾਹੀਦਾ ਹੈ ਤੇ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਵੀ ਕੰਟਰੋਲ ਵਿੱਚ ਰੱਖਣੀ ਚਾਹੀਦੀ ਹੈ।ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਕੁਲਵੰਤ ਸਿੰਘ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਸੁਧੀਰ ਧੀਰ ਨੇ ਦੱਸਿਆ ਕਿ ਤੰਦਰੁਸਤ ਜੀਵਨ ਲਈ ਦਿਲ ਦਾ ਤੰਦਰੁਸਤ ਹੋਣਾ ਬਹੁਤ ਜ਼ਰੂਰੀ ਹੈ ਤੇ ਦਿਲ ਨੂੰ ਤੰਦਰੁਸਤ ਰੱਖਣ ਲਈ ਤੰਬਾਕੂਨੋਸ਼ੀ ਅਤੇ ਸ਼ਰਾਬ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ, ਪੌਸ਼ਟਿਕ ਖੁਰਾਕ ਖਾਣੀ ਚਾਹੀਦੀ ਹੈ, ਤਲੇ ਹੋਏ ਭੋਜਨ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਤੇ ਖਾਣੇ ਵਿੱਚ ਨਮਕ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ ਅਤੇ ਤਣਾਅਮੁਕਤ ਜੀਵਨ ਬਤੀਤ ਕਰਨਾ ਚਾਹੀਦਾ ਹੈ।

# 20 ਲੱਖ ਦੀ ਫਿਰੌਤੀ ਮੰਗਣ ਵਾਲੇ 2 ਦੋਸ਼ੀ ਕਾਬੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਸੀਨੀਅਰ ਕਪਤਾਨ ਪੁਲਸ ਨੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚਲਾਈ ਹੋਈ ਮੁਹਿੰਮ ਨੂੰ ਉਸ ਵਕਤ ਕਾਮਯਾਬੀ ਮਿਲੀ, ਜਦੋਂ 13 ਸਤੰਬਰ ਸਵੇਰੇ ਸਵਾ 8 ਵਜੇ ਸਵੇਰੇ ਟੋਲ ਪਲਾਜਾ ਵਰਕਰ ਯੂਨੀਅਨ ਪੰਜਾਬ ਦੇ ਪ੍ਰਧਾਨ ਦਰਸ਼ਨ ਸਿੰਘ ਲਾਡੀ ਵਾਸੀ ਚੈਠਲ ਨੂੰ ਕਿਸੇ ਵਿਅਕਤੀ ਵੱਲੋਂ ਗੈਂਗਸਟਰ ਦਾ ਨਾਂਅ ਲੈ ਕੇ 20 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ ਤੇ ਨਾ ਦੇਣ ਦੀ ਸੂਰਤ ਵਿੱਚ ਮਾਰਨ ਦੀ ਧਮਕੀ ਦਿੱਤੀ ਗਈ ਸੀ। ਕੇਸ ਨੂੰ ਟਰੇਸ ਕਰਨ ਲਈ ਯੁਗੇਸ਼ ਸ਼ਰਮਾ ਐਸ ਪੀ ਸ੍ਰੀ ਵੈਭਵ ਚੌਧਰੀ ਏ ਐਸ ਪੀ ਡਿਟੈਕਟਿਵ ਪਟਿਆਲਾ ਦੀ ਅਗਵਾਈ ਵਿੱਚ ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ.ਆਈ.ਏ ਪਟਿਆਲਾ ਦੀ ਟੀਮ ਵੱਲੋਂ ਫਿਰੌਤੀ ਮੰਗਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਸਫ਼ਲਤਾ ਹਾਸਲ ਕੀਤੀ ਹੈ, ਜਿਸ ਦੇ ਤਹਿਤ 28 ਸਤੰਬਰ ਨੂੰ ਦੋਸ਼ੀਆਨ ਨੂੰ ਸਨਪ੍ਰੀਤ ਸਿੰਘ ਉਰਫ਼ ਸੰਨੀ ਪੁੱਤਰ ਗੁਰਮੇਲ ਸਿੰਘ ਵਾਸੀ ਮਕਾਨ ਨੰਬਰ 189 ਵਾਰਡ ਨੰਬਰ 15 ਅਮਰਪੁਰਾ ਮੁਹੱਲਾ ਮੰਡੀ ਅਹਿਮਦਗੜ੍ਹ ਥਾਣਾ ਅਹਿਮਦਗੜ੍ਹ ਜ਼ਿਲ੍ਹਾ ਮਲੇਰਕੋਟਲਾ ਤੇ ਰੋਹਿਤ ਰਾਮ ਪੁੱਤਰ ਅਮਰਜੀਤ ਸਿੰਘ ਵਾਸੀ ਵਾਰਡ ਨੰਬਰ 06 ਨੇੜੇ ਰਾਮੇਵਾਲੀ ਖੂਹੀ ਲਹਿਰਾਗਾਗਾ ਥਾਣਾ ਲਹਿਰਾਗਾਗਾ ਜ਼ਿਲ੍ਹਾ ਸੰਗਰੂਰ ਨੂੰ ਬੱਸ ਅੱਡਾ ਫ਼ਤਿਹਪੁਰ, ਸਮਾਣਾ ਪਟਿਆਲਾ ਰੋਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।ਐਸ.ਐਸ.ਪੀ. ਪਟਿਆਲਾ ਨੇ ਸੰਖੇਪ ਵਿੱਚ ਦੱਸਿਆ ਕਿ 13 ਸਤੰਬਰ ਨੂੰ ਮੁਦਈ ਦਰਸ਼ਨ ਸਿੰਘ ਲਾਡੀ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਚੈਠਲ ਥਾਣਾ ਸਦਰ ਸਮਾਣਾ ਜ਼ਿਲ੍ਹਾ ਪਟਿਆਲਾ ਟੋਲ ਪਲਾਜ਼ਾ ਵਰਕਰਜ਼ ਯੂਨੀਅਨ ਪੰਜਾਬ ਸੂਬਾ ਪ੍ਰਧਾਨ ਨੂੰ ਕਿਸੇ ਵਿਅਕਤੀ ਵੱਲੋਂ ਗੈਂਗਸਟਰ ਦਾ ਨਾਂਅ ਲੈ ਕੇ ਧਮਕੀ ਦੇ ਕੇ 20 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ, ਜਿਸ ਸਬੰਧੀ ਦਰਸ਼ਨ ਸਿੰਘ ਲਾਡੀ ਵਿਰੁੱਧ ਐਨ.ਐਸ ਥਾਣਾ ਸਦਰ ਦਰਜ ਰਜਿਸਟਰ ਕਰਕੇ ਦੋਸ਼ੀਆਨ ਦੀ ਤਲਾਸ਼ ਕੀਤੀ ਗਈ ਸੀ।

ਸਨਪ੍ਰੀਤ ਸਿੰਘ ਸੰਨੀ ਤੇ ਰੋਹਿਤ ਰਾਮ ਨੂੰ 29.09.2024 ਨੂੰ ਅਦਾਲਤ 'ਚ ਪੇਸ਼ ਕਰਕੇ ਪਹਿਲੀ ਅਕਤੂਬਰ ਤੱਕ ਦਾ ਪੁਲਿਸ ਰਿਮਾਡ ਹਾਸਲ ਕੀਤਾ ਗਿਆ ਹੈ, ਜਿਸ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸੀ ਪੀ ਆਈ ਐੱਮ ਤਹਿਸੀਲ ਜਲਾਲਾਬਾਦ ਦਾ ਡੈਲੀਗੇਟ ਅਜਲਾਸ ਸੰਪੰਨ

### ਕਾਮਰੇਡ ਗੁਰਦੀਪ ਸਿੰਘ ਚੱਕ ਮੌਜਦੀਨ ਤਹਿਸੀਲ ਸਕੱਤਰ ਚੁਣੇ



**ਜਲਾਲਾਬਾਦ (ਜੀਤ ਕੁਮਾਰ)**-ਸੀ ਪੀ ਆਈ ਐੱਮ ਤਹਿਸੀਲ ਜਲਾਲਾਬਾਦ ਦਾ ਚੋਣ ਅਜਲਾਸ ਕਾਮਰੇਡ ਨੱਥਾ ਸਿੰਘ ਦੇ ਗ੍ਰਹਿ ਜੰਮੂ ਬਸਤੀ ਜਲਾਲਾਬਾਦ ਵਿਖੇ ਕਾਮਰੇਡ ਸੁਰਜੀਤ ਟਿਵਾਣਾ, ਕਾਮਰੇਡ ਗੁਰਦੀਪ ਸਿੰਘ, ਕਾਮਰੇਡ ਹਰਮੀਤ ਕੌਰ ਦੀ ਪ੍ਰਧਾਨਗੀ ਹੇਠ ਸੰਪੰਨ ਹੋਇਆ, ਜਿਸ ਵਿੱਚ ਕਾਮਰੇਡ ਕਾਲੂ ਰਾਮ ਪੰਜਾਵਾ ਤੇ ਕਾਮਰੇਡ ਵਣਜਾਰ ਸਿੰਘ ਜ਼ਿਲ੍ਹਾ ਸਕੱਤਰੇਤ ਮੈਂਬਰ ਉਚੇਚੇ ਤੌਰ 'ਤੇ ਚੋਣ ਕਰਵਾਉਣ ਲਈ ਪਹੁੰਚੇ। ਕਾਮਰੇਡ ਅਰਜਨ ਸਿੰਘ ਬਾਹਮਣੀ ਵਾਲਾ ਵੱਲੋਂ ਝੰਡਾ ਲਹਿਰਾਉਣ ਉਪਰੰਤ ਅਜਲਾਸ ਦੇ ਸ਼ੁਰੂ ਵਿੱਚ ਸੀ ਪੀ ਆਈ ਐੱਮ ਭਾਰਤ ਦੇ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ ਦੇ ਅਚਨਚੇਤ ਵਿੱਛੜ ਜਾਣ ਦਾ ਸ਼ੋਕ ਮਤਾ ਪਾਸ ਕਰਕੇ ਉਨ੍ਹਾਂ ਨੂੰ ਸਮੂਹ ਸਾਥੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਦੇ ਬਾਅਦ ਕਾਮਰੇਡ ਕਾਲੂ ਰਾਮ ਨੇ ਤਹਿਸੀਲ ਜਲਾਲਾਬਾਦ ਦੇ ਅਜਲਾਸ ਦੇ ਉਦਘਾਟਨੀ ਭਾਸ਼ਣ ਵਿੱਚ ਕਿਹਾ ਕਿ ਭਾਰਤ ਦੀ ਸੀ ਪੀ ਆਈ ਐੱਮ ਹੀ ਇੱਕ ਅਜਿਹੀ ਪਾਰਟੀ ਹੈ, ਜੋ ਮਜ਼ਦੂਰ ਜਮਾਤ ਦੀ ਮੁਕਤੀ ਲਈ ਇਨਕਲਾਬ ਲਿਆਉਣ ਲਈ ਲਗਾਤਾਰ ਸੰਘਰਸ਼ਸ਼ੀਲ ਹੈ।

ਉਨ੍ਹਾ ਕਿਹਾ ਕਿ ਆਰ ਐੱਸ ਐੱਸ ਦੀ ਅਗਵਾਈ ਵਿੱਚ 10 ਸਾਲਾਂ ਤੋਂ ਕੇਂਦਰ ਦੀ ਸੱਤਾ 'ਤੇ ਬਿਰਾਜ਼ਮਾਨ ਮੋਦੀ ਸਰਕਾਰ ਦੀਆਂ ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਲੋਕਮਾਰੂ ਨੀਤੀਆਂ, ਜੋ ਲਗਾਤਾਰ ਦੇਸ਼ ਤੇ ਲੋਕਾਂ ਦਾ ਘਾਣ ਕਰ ਰਹੀਆਂ ਹਨ, ਉਨ੍ਹਾਂ ਦੀ ਸੀ ਪੀ ਆਈ ਐੱਮ ਨੇ ਡੱਟ ਕੇ ਵਿਰੋਧਤਾ ਕੀਤੀ ਹੈ। ਇਸ ਅਜਲਾਸ ਨੂੰ ਕਾਮਰੇਡ ਵਣਜਾਰ ਸਿੰਘ ਫਾਜ਼ਿਲਕਾ ਨੇ ਵੀ ਸੰਬੋਧਨ ਕੀਤਾ। ਇਸ ਤੋਂ ਬਾਅਦ ਤਹਿਸੀਲ ਸਕੱਤਰ ਕਾਮਰੇਡ ਨੱਥਾ ਸਿੰਘ ਵੱਲੋਂ ਪਿਛਲੇ ਤਿੰਨ ਸਾਲਾਂ ਦੀਆਂ ਜਥੇਬੰਦਕ ਸਰਗਰਮੀਆਂ ਦੀ ਰਿਪੋਰਟ ਪੜ੍ਹੀ ਗਈ, ਜਿਸ ਨੂੰ ਹਾਜ਼ਰ ਡੈਲੀਗੇਟਸ ਵੱਲੋਂ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਦੇ ਬਾਅਦ ਤਹਿਸੀਲ ਕਮੇਟੀ ਦੇ ਨਵਾਂ ਚੋਣ ਪੈਨਲ ਬਣਾ ਕੇ ਦਿੱਤਾ, ਜਿਸ ਨੂੰ ਕਾਮਰੇਡ ਕਾਲੂ ਰਾਮ ਵੱਲੋਂ ਪੇਸ਼ ਕੀਤਾ ਗਿਆ ਅਤੇ ਸਰਵਸੰਮਤੀ ਦੀ ਪ੍ਰਵਾਨਗੀ ਦੇ ਦਿੱਤੀ। ਨਵੀਂ ਤਹਿਸੀਲ ਕਮੇਟੀ ਵਿੱਚ ਕਾਮਰੇਡ ਗੁਰਦੀਪ ਸਿੰਘ ਚੱਕ ਮੌਜਦੀਨ, ਕਾਮਰੇਡ ਨੱਥਾ ਸਿੰਘ, ਕਾਮਰੇਡ ਸੁਰਜੀਤ ਟਿਵਾਣਾ, ਕਾਮਰੇਡ ਰੇਸ਼ਮ ਸਿੰਘ, ਕਾਮਰੇਡ ਹਰਮੀਤ ਕੌਰ, ਕਾਮਰੇਡ ਅਮਰਜੀਤ ਟਿਵਾਣਾ, ਕਾਮਰੇਡ ਗੁਰਮੀਤ ਸਿੰਘ, ਕਾਮਰੇਡ ਰੇਸ਼ਮਾ, ਗੁਰਮੀਤ ਫਲੀਆਂ ਵਾਲਾ ਚੁਣੇ ਗਏ।

ਉਪਰੰਤ ਤਹਿਸੀਲ ਕਮੇਟੀ ਨੇ ਸਰਵਸੰਮਤੀ ਨਾਲ ਕਾਮਰੇਡ ਗੁਰਦੀਪ ਸਿੰਘ ਚੱਕ ਮੌਜਦੀਨ ਨੂੰ ਤਹਿਸੀਲ ਸਕੱਤਰ ਚੁਣ ਲਿਆ ਗਿਆ। ਇਸ ਤਰ੍ਹਾਂ ਅੱਜ ਸੀ ਪੀ ਆਈ ਐੱਮ ਤਹਿਸੀਲ ਜਲਾਲਾਬਾਦ ਦਾ ਚੋਣ ਅਜਲਾਸ ਸੰਪੰਨ ਹੋ ਗਿਆ।

## ਪਰਾਲੀ ਨੂੰ ਅੱਗ ਲਗਾਉਣ 'ਤੇ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮੱਲਾਂਵਾਲਾ ਪੁਲਸ ਨੇ ਬੀਤੇ ਦਿਨੀਂ ਗਸ਼ਤ ਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ 'ਤੇ ਪਿੰਡ ਜੌੜਾ ਵਿਖੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨ ਖ਼ਿਲਾਫ਼ ਥਾਣਾ ਮੱਲਾਂਵਾਲਾ ਦੀ ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।ਜਾਣਕਾਰੀ ਦਿੰਦੇ ਹੋਏ ਥਾਣਾ ਮੱਲਾਂਵਾਲਾ ਦੇ ਸਹਾਇਕ ਇੰਸਪੈਕਟਰ ਸਤਪਾਲ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਪੁਲਸ ਪਾਰਟੀ ਸਮੇਤ ਗਸ਼ਤ ਤੇ ਚੈਕਿੰਗ ਦੌਰਾਨ ਉਨ੍ਹਾਂ ਨੂੰ ਪਿੰਡ ਜੌੜਾ 'ਚ ਸੂਚਨਾ ਮਿਲੀ ਸੀ ਕਿ ਕਥਿਤ ਮੁਲਜ਼ਮ ਪਿਆਰਾ ਸਿੰਘ ਪੁੱਤਰ ਲਸ਼ਮਣ ਸਿੰਘ ਵਾਸੀ ਬਸਤੀ ਸਾਵਨ ਸਿੰਘ ਵਾਸੀ ਜੌੜਾ ਆਪਣੇ ਖੇਤਾਂ ਵਿੱਚ ਪਾਬੰਦੀਆਂ ਦੇ ਬਾਵਜੂਦ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਰਿਹਾ ਹੈ।ਮਾਮਲੇ ਦੀ ਜਾਂਚ ਕਰ ਰਹੇ ਸਤਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰੇਰਨਾ ਲੈਣ ਦੀ ਲੋੜ : ਲੋਕ ਮੋਰਚਾ ਪੰਜਾਬ



**ਸਮਰਾਲਾ (ਸੁਰਜੀਤ ਸਿੰਘ)**
ਲੋਕ ਮੋਰਚਾ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਪੈਨਸ਼ਨਰ ਭਵਨ ਵਿਖੇ ਇਕਾਈ ਸਮਰਾਲਾ ਦੇ ਕਨਵੀਨਰ ਕੁਲਵੰਤ ਸਿੰਘ ਤਰਕ ਦੀ ਅਗਵਾਈ 'ਚ ਇੱਕ ਵਿਸ਼ਾਲ ਇਕੱਤਰਤਾ ਕੀਤੀ ਗਈ।ਇਕੱਤਰਤਾ ਵਿੱਚ ਵੱਡੇ ਪੱਧਰ 'ਤੇ ਲੋਕ ਪੱਖੀ ਜਥੇਬੰਦੀਆਂ ਦੇ ਆਗੂ, ਕਾਰਕੁੰਨ, ਵਰਕਰ ਤੇ ਹੋਰ ਕਿਰਤੀ ਲੋਕਾਂ ਨੇ ਸ਼ਮੂਲੀਅਤ ਕੀਤੀ।ਇਕੱਤਰਤਾ ਦੀ ਪ੍ਰਧਾਨਗੀ ਹਿੰਮਤ ਸਿੰਘ ਲੁਧਿਆਣਾ ਨੇ ਕੀਤੀ।ਸ਼ੁਰੂ ਵਿੱਚ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ 'ਤੇ ਉਨ੍ਹਾਂ ਨੂੰ ਇਨਕਲਾਬੀ ਮੁਬਾਰਕਾਂ ਭੇਟ ਕਰਦੇ ਹੋਏ ਉਨ੍ਹਾਂ ਦਾ ਸੁਪਨਾ ਸਾਕਾਰ ਕਰਨ ਦਾ ਅਹਿਦ ਲਿਆ।ਸਭ ਤੋਂ ਪਹਿਲਾਂ ਮੋਰਚੇ ਦੇ ਆਗੂ ਕੁਲਵੰਤ ਸਿੰਘ ਤਰਕ ਨੇ ਇਕੱਤਰਤਾ ਵਿੱਚ ਸ਼ਾਮਲ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਅੱਜ ਵੀ ਉਨੀਂ ਹੀ ਪ੍ਰਸੰਗਿਕ ਹੈ, ਜਿੰਨੀ ਬਰਤਾਨਵੀ ਸਾਮਰਾਜ ਸਮੇਂ ਸੀ, ਕਿਉਂਕਿ ਅੱਜ ਵੀ ਦੇਸ਼ ਦੇ ਕਿਰਤੀ ਲੋਕ ਤੇ ਕੁਦਰਤੀ ਸੋਮੇ ਲੁੱਟੇ ਜਾ ਰਹੇ ਹਨ, ਸਾਮਰਾਜ ਪੱਖੀ ਨੀਤੀਆਂ ਲਾਗੂ ਕਰਕੇ ਦੇਸ਼ ਦੇ ਲੁਟੇਰੇ ਹਾਕਮ ਧਨਾਢ ਕਾਰਪੋਰੇਟ ਅਡਾਨੀ, ਅੰਬਾਨੀਆਂ ਨੂੰ ਹਰ ਖੇਤਰ ਖੇਤੀ, ਸਨਅਤ, ਸੇਵਾਵਾਂ ਆਦਿ ਕੁਦਰਤੀ ਸੋਮੇ ਲੁਟਾਉਣ ਵਿੱਚ ਜੁਟੇ ਹੋਏ ਹਨ ਤੇ ਲੋਕਾਂ ਦੇ ਰੋਜ਼ਗਾਰ ਤੇ ਕੁਦਰਤੀ ਸੋਮਿਆਂ ਦੀ ਤਬਾਹੀ ਕਰ ਰਹੀਆਂ ਹਨ।ਆਗੂ ਨੇ ਕਿਹਾ ਕਿ ਇਨ੍ਹਾਂ ਸਾਮਰਾਜੀ ਨੀਤੀਆਂ ਨੂੰ ਠੱਲ੍ਹ ਪਾਉਣ ਲਈ ਕਿਰਤੀ ਲੋਕਾਂ ਨੂੰ ਸਾਂਝੇ ਸੰਘਰਸ਼ ਰਾਹੀਂ ਇੱਕ ਜੁੱਟ ਹੋ ਕੇ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਮਜ਼ਦੂਰ ਆਗੂ ਹਰਜਿੰਦਰ ਸਿੰਘ ਨੇ ਕਿਹਾ ਕਿ ਅੱਜ ਦੇ ਹਾਲਾਤ 'ਚ ਸ਼ਹੀਦ ਭਗਤ ਸਿੰਘ ਦੀ ਦੇਸ਼ ਭਗਤੀ, ਕੁਰਬਾਨੀ ਤੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਬੁਨਿਆਦੀ ਮੰਗਾਂ ਮਸਲਿਆਂ ਤੋਂ ਉੱਪਰ ਉੱਠ ਕੇ ਸਾਮਰਾਜੀ ਨੀਤੀਆਂ, ਲੁਟੇਰੇ ਹਾਕਮਾਂ ਖਿਲਾਫ ਹੱਕੀ ਅਵਾਜ਼ ਬੁਲੰਦ ਕਰਨ ਦੀ ਲੋੜ ਹੈ।ਦੇਸ਼ ਦੇ ਕਿਰਤੀ ਲੋਕਾਂ ਦੀ ਅਸਲ ਅਜ਼ਾਦੀ ਲਈ ਤੇ ਬਰਾਬਰਤਾ ਵਾਲਾ ਰਾਜ ਪ੍ਰਬੰਧ ਸਿਰਜਣ ਲਈ ਸਾਮਰਾਜੀ ਨੀਤੀਆਂ ਦਾ ਇੱਕਜੁੱਟ ਹੋ ਕੇ ਸਮੁੱਚੇ ਲੋਕਾਂ ਨੂੰ ਡੱਟ ਕੇ ਵਿਰੋਧ ਕਰਨ ਦੀ ਲੋੜ ਹੈ ਤਾਂ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਰਾਜ ਸਿਰਜਿਆ ਜਾ ਸਕੇ।ਅੱਜ ਦੇਸ਼ ਦਾ ਹਰ ਵਰਗ ਆਪਣੇ ਹੱਕਾਂ ਲਈ ਸੰਘਰਸ਼ ਦੇ ਮੈਦਾਨ 'ਚ ਲੜ ਰਿਹਾ ਹੈ।ਉਪਰੋਕਤ ਤੋਂ ਇਲਾਵਾ ਭਰਪੂਰ ਸਿੰਘ, ਸੁਦਾਗਰ ਸਿੰਘ ਘੁਡਾਣੀ, ਮਲਕੀਤ ਸਿੰਘ, ਗੁਰਬਖਸ਼ੀਸ਼ ਸਿੰਘ, ਬਿਹਾਰੀ ਲਾਲ ਸੱਦੀ, ਦੀਪ ਦਿਲਬਰ ਨੇ ਵੀ ਇਕੱਤਰਤਾ ਵਿੱਚ ਆਏ ਸਾਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਜੰਗ ਸਿੰਘ ਨੇ ਆਪਣਾ ਇਨਕਲਾਬੀ ਗੀਤ ਸਾਂਝਾ ਕੀਤਾ।ਇਕੱਤਰਤਾ ਵਿੱਚ ਮਰੂਤੀ ਸਜ਼ੂਕੀ ਦੇ ਮਜ਼ਦੂਰਾਂ ਦੇ ਹੱਕੀ ਘੋਲ ਦੀ ਹਮਾਇਤ ਵਿੱਚ ਮਤਾ ਵੀ ਪਾਇਆ ਗਿਆ।ਇਕੱਤਰਤਾ ਵਿੱਚ ਭੁਪਿੰਦਰਪਾਲ ਸਿੰਘ, ਸਿਕੰਦਰ ਸਿੰਘ, ਰਾਮ ਸਿੰਘ ਕਾਲੜਾ, ਜਗਤਾਰ ਸਿੰਘ, ਦਲੀਪ ਸਿੰਘ, ਕਾਮਰੇਡ ਭਜਨ ਸਿੰਘ, ਸੰਜੀਵ ਸ਼ੁਕਲਾ, ਮਹਿੰਦਰ ਸਿੰਘ ਕੋਟਾਲਾ, ਆਤਮਾ ਸਿੰਘ, ਸਮਸ਼ੇਰ ਸਿੰਘ, ਨਰਿੰਦਰ ਸਿੰਘ ਮੁਸ਼ਕਾਬਾਦ, ਬਖ਼ਸ਼ੀ ਰਾਮ, ਨੇਤਰ ਸਿੰਘ ਮੁਤਿਓਂ, ਮੇਲਾ ਸਿੰਘ, ਜਗਪਾਲ ਸਿੰਘ, ਪਵਨ ਕੁਮਾਰ, ਅਵਤਾਰ ਸਿੰਘ, ਗੁਰਦੀਪ ਸਿੰਘ, ਜਗਦੇਵ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਅਖੀਰ ਤੇ ਕੁਲਵੰਤ ਸਿੰਘ ਤਰਕ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

## ਸਰਕਾਰ ਲਾਟਰੀਆਂ ਦੀ ਆੜ ਹੇਠ ਠੱਗੀ ਦਾ ਸ਼ਿਕਾਰ ਲੋਕਾਂ ਦੇ ਪੈਸੇ ਵਾਪਸ ਕਰਵਾਏ : ਗੁਰਭੇਜ ਸੰਧੂ



**ਬਠਿੰਡਾ (ਰਾਜੀਵ ਗੋਇਲ)** : ਭਗਤਾ ਭਾਈ ਕਾ ਇਲਾਕੇ ਅੰਦਰ ਲਾਟਰੀਆਂ ਦੀ ਆੜ ਹੇਠ ਠੱਗੀ ਦੇ ਸ਼ਿਕਾਰ ਹੋਏ ਲੋਕਾਂ ਦੇ ਸਰਕਾਰ ਪੈਸੇ ਵਾਪਸ ਕਰਵਾਏ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਰਲ ਕੰਪਨੀ ਦੇ ਪੀੜਤ ਲੋਕਾਂ ਦੀ ਅਗਵਾਈ ਕਰ ਰਹੇ ਤੇ ਇਨਸਾਫ ਦੀ ਲਹਿਰ ਖਾਤੇਦਾਰ ਯੂਨੀਅਨ ਦੇ ਸੂਬਾਈ ਚੇਅਰਮੈਨ ਗੁਰਭੇਜ ਸਿੰਘ ਸੰਧੂ ਵੱਲੋਂ ਵਿਸ਼ੇਸ਼ ਗੱਲਬਾਤ ਦਰਮਿਆਨ ਕੀਤਾ ਗਿਆ। ਉਨ੍ਹਾ ਕਿਹਾ ਕਿ ਸਰਕਾਰ ਨੂੰ ਅਜਿਹੇ ਨੌਸਰਬਾਜ਼ਾਂ ਖਿਲਾਫ ਜਾਂਚ ਕਰਕੇ ਇਨ੍ਹਾਂ ਦੇ ਪਿੱਛੇ ਕੰਮ ਕਰ ਰਹੇ ਵੱਡੇ ਮਗਰਮੱਛਾਂ 'ਤੇ ਵੀ ਸ਼ਿਕੰਜਾ ਕੱਸਣਾ ਚਾਹੀਦਾ ਹੈ। ਇਹ ਲੋਕ ਇਨ੍ਹਾਂ ਦੀ ਪਿੱਠ 'ਤੇ ਬੈਠੇ ਤਾਕਤਵਰ ਲੋਕਾਂ ਦੀ ਸ਼ਹਿ 'ਤੇ ਹੀ ਠੱਗੀਆਂ ਦਾ ਧੰਦਾ ਚਲਾਉਂਦੇ ਹਨ। ਉਧਰ ਇਸ ਮਸਲੇ ਵਿੱਚ ਇੱਕ ਸਿਆਸੀ ਆਗੂ ਵੀ ਚਰਚਾ 'ਤੇ ਹੈ। ਉਨ੍ਹਾ ਸੂਬੇ ਦੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ ਕਿ 'ਤੁਸੀਂ ਸੰਸਦ ਮੈਂਬਰ ਹੁੰਦਿਆਂ ਪਾਰਲੀਮੈਂਟ ਵਿੱਚ ਇੱਕ ਬਿਆਨ ਦਿੱਤਾ ਸੀ ਕਿ ਪਰਲ ਕੰਪਨੀ ਦਾ ਮਾਲਕ ਭਾਵੇਂ ਜੇਲ੍ਹ ਵਿੱਚ ਰਹੇ, ਪਰ ਪੀੜਤਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ, ਇਸੇ ਤਰ੍ਹਾਂ ਹੀ ਹੁਣ ਭਾਵੇਂ ਹੀ ਇਨ੍ਹਾਂ ਲਾਟਰੀ ਸੰਚਾਲਕਾਂ ਖਿਲਾਫ ਪੁਲਸ ਵੱਲੋਂ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ, ਪਰ ਆਮ ਲੋਕਾਂ ਦਾ ਪੈਸਾ ਵੀ ਵਾਪਸ ਕਰਵਾਇਆ ਜਾਣਾ ਚਾਹੀਦਾ ਹੈ।

# ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਫ਼ਿਰੋਜ਼ਪੁਰ (ਦਿਹਾਤੀ) ਇਕਾਈ ਦਾ ਗਠਨ

### ਸਰਬਸੰਮਤੀ ਨਾਲ ਜਸਬੀਰ ਸਿੰਘ ਕੰਬੋਜ ਚੇਅਰਮੈਨ ਤੇ ਜਸਵੰਤ ਸਿੰਘ ਥਿੰਦ ਪ੍ਰਧਾਨ ਚੁਣੇ



**ਮਮਦੋਟ (ਪੱਤਰ ਪ੍ਰੇਰਕ)**-ਫ਼ਿਰੋਜ਼ਪੁਰ ਦਿਹਾਤੀ ਦੇ ਵੱਖ ਵੱਖ ਕਸਬਿਆਂ ਮਮਦੋਟ, ਮੱਲਾਂਵਾਲਾ, ਮੁਦਕੀ, ਤਲਵੰਡੀ ਭਾਈ, ਮਖੂ ਦੇ ਪੱਤਰਕਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਹਰੀਸ਼ ਵੈਜੀਟੇਰੀਅਨ ਫਿਰੋਜ਼ਪੁਰ ਵਿਖੇ ਬਲਬੀਰ ਜੰਡੂ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਤੇ ਬਲਵਿੰਦਰ ਜੰਮੂ ਚੇਅਰਮੈਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪੰਜਾਬ ਕਾਰਜਕਾਰਨੀ ਮੈਂਬਰ ਬਲਦੇਵ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਜਸਵੰਤ ਸਿੰਘ ਥਿੰਦ ਨੂੰ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਫਿਰੋਜ਼ਪੁਰ ਦਿਹਾਤੀ ਦਾ ਪ੍ਰਧਾਨ ਤੇ ਜਸਬੀਰ ਸਿੰਘ ਕੰਬੋਜ ਨੂੰ ਚੇਅਰਮੈਨ ਚੁਣ ਲਿਆ ਗਿਆ। ਇਸ ਮੌਕੇ ਸੁਰਜਨ ਸਿੰਘ ਮੱਲਾਂ ਵਾਲਾ ਨੂੰ ਸਰਪ੍ਰਸਤ, ਜਸਪਾਲ ਸਿੰਘ ਮੱਲਾਂਵਾਲਾ ਸੀਨੀਅਰ ਮੀਤ ਪ੍ਰਧਾਨ, ਜਗਦੀਸ਼ ਪਾਲ ਤਲਵੰਡੀ ਭਾਈ ਸੀਨੀਅਰ ਮੀਤ ਪ੍ਰਧਾਨ, ਰਵਿੰਦਰ ਸਿੰਘ ਕਾਲਾ ਮਮਦੋਟ ਮੀਤ ਪ੍ਰਧਾਨ, ਬਲਵੀਰ ਸਿੰਘ ਲਹਿਰਾ ਮਖੂ ਜਨਰਲ ਸਕੱਤਰ, ਰਵਿੰਦਰ ਸਿੰਘ ਬਜਾਜ ਤਲਵੰਡੀ ਭਾਈ ਸਕੱਤਰ, ਸੁਦੇਸ਼ ਕੁਮਾਰ ਹੈਪੀ ਮੁਦਕੀ ਪ੍ਰੈੱਸ ਸਕੱਤਰ, ਕੁਲਵਿੰਦਰ ਸਿੰਘ ਖਜ਼ਾਨਚੀ, ਰਛਪਾਲ ਸਿੰਘ ਸੰਧੂ ਮੁੱਖ ਸਲਾਹਕਾਰ ਤੇ ਗੁਰਪ੍ਰੀਤ ਸਿੰਘ ਸੰਧੂ ਮਮਦੋਟ ਨੂੰ ਸਕੱਤਰ ਬਣਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਜਸਵੰਤ ਸਿੰਘ ਥਿੰਦ ਨੇ ਕਿਹਾ ਕਿ ਪੱਤਰਕਾਰਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਫਿਰੋਜ਼ਸ਼ਾਹ ਟੋਲ ਪਲਾਜਾ ਤੇ ਕੋਟ ਕਰੋੜ ਟੋਲ ਪਲਾਜੇ ਪੱਤਰਕਾਰਾਂ ਨੂੰ ਛੋਟ ਦਿਵਾਉਣ ਸਬੰਧੀ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਜਲਦ ਹੀ ਇੱਕ ਵਫਦ ਲੈ ਕੇ ਮਿਲਿਆ ਜਾਵੇਗਾ।

# ਪੰਜਾਬ ਰਿਟਾਇਰਡ ਮਿਊਂਸਪਲ ਵਰਕਰਜ਼ ਯੂਨੀਅਨ ਦਾ ਅਜਲਾਸ

### ਭੋਲਾ ਸਿੰਘ ਢਿੱਲੋਂ ਯੂਨੀਅਨ ਦੇ ਸੂਬਾਈ ਪ੍ਰਧਾਨ ਬਣੇ



**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬ ਰਿਟਾਇਰਡ ਮਿਊਂਸਪਲ ਵਰਕਰਜ਼ ਯੂਨੀਅਨ ਦੇ ਬਾਘਾ ਪੁਰਾਣਾ ਵਿਖੇ ਹੋਏ ਜਨਰਲ ਅਜਲਾਸ ਵਿੱਚ 36 ਦੇ ਕਰੀਬ ਨਗਰ ਨਿਗਮਾਂ, ਨਗਰ ਕੌਂਸਲਾਂ ਦੇ ਮੁਲਾਜ਼ਮ ਸ਼ਾਮਲ ਹੋਏ। ਪੰਜਾਬ ਮਿਊਂਸਪਲ ਵਰਕਰ ਯੂਨੀਅਨ ਦੇ ਸੂਬਾ ਪ੍ਰਧਾਨ ਅਮਨਦੀਪ ਸਿੰਘ ਜ਼ੀਰਾ ਦੀ ਅਗਵਾਈ ਵਿੱਚ ਮਿਊਂਸਪਲ ਦੇ ਮੌਜੂਦਾ ਮੁਲਾਜ਼ਮਾਂ ਨੇ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ। ਭਰਾਤਰੀ ਜਥੇਬੰਦੀਆਂ ਵੱਲੋਂ ਸ੍ਰੀ ਸੁਰਿੰਦਰ ਰਾਮ ਕੁੱਸਾ, ਸੁਖਵਿੰਦਰ ਸਿੰਘ ਲੈਕਚਰਾਰ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ ਤੇ ਹਮੇਸ਼ਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਅਜਲਾਸ ਦੇ ਪ੍ਰਧਾਨਗੀ ਮੰਡਲ ਵਿੱਚ ਸਰਵਸ੍ਰੀ ਭੋਲਾ ਸਿੰਘ ਬਠਿੰਡਾ ਪ੍ਰਧਾਨ, ਜਨਕ ਰਾਜ ਮਾਨਸਾ ਚੇਅਰਮੈਨ ਤੇ ਪਰਮਜੀਤ ਸਿੰਘ ਬਾਘਾ ਪੁਰਾਣਾ ਸ਼ਾਮਲ ਹੋਏ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਧਰਮਿੰਦਰ ਸਿੰਘ ਬਾਂਡਾ ਜਨਰਲ ਸਕੱਤਰ ਨੇ ਨਿਭਾਈ। ਸਮਾਗਮ ਨੂੰ ਸੰਬੋਧਨ ਕਰਦਿਆਂ ਸਰਵਸ੍ਰੀ ਰਜਿੰਦਰ ਨੰਦਾ ਮੋਗਾ, ਤਾਰਾ ਸਿੰਘ ਗੁਰਾਇਆ, ਸਤਨਾਮ ਸਿੰਘ ਸਾਹਕੋਟ ਤੇ ਜਸਪਾਲ ਮਾਨਖੇੜਾ ਬਠਿੰਡਾ ਨੇ ਯੂਨੀਅਨ ਦੀਆਂ ਪ੍ਰਾਪਤੀਆਂ ਤੇ ਕੰਮ ਕਾਰ ਦੇ ਚਰਚਾ ਕੀਤੀ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਸ੍ਰੀ ਭੋਲਾ ਸਿੰਘ ਢਿੱਲੋਂ ਨੇ ਯੂਨੀਅਨ ਦੀ ਪਿਛਲੇ ਦੋ ਸਾਲਾਂ ਦੀ ਜਥੇਬੰਦਕ ਤੇ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ।

ਅਜਲਾਸ ਵੱਲੋਂ ਜਥੇਬੰਦੀ ਦੀ ਚੋਣ ਲਈ ਪੰਜ ਮੈਂਬਰਾਂ ਦੀ ਪ੍ਰਜ਼ੀਡੀਅਮ ਸਥਾਪਤ ਕੀਤੀ ਗਈ, ਜਿਸ ਵਿੱਚ ਸਰਵਸ੍ਰੀ ਬਲਵਿੰਦਰ ਪਾਲ ਜਗਰਾਉਂ, ਜਰਨੈਲ ਸਿੰਘ ਸਾਹਕੋਟ, ਗੁਰਬਖਸ਼ ਸਿੰਘ ਸੋਢੀ ਫਾਜ਼ਿਲਕਾ, ਮੁਹੰਮਦ ਅਖ਼ਤਰ ਮਲੇਰਕੋਟਲਾ ਤੇ ਜਸਪਾਲ ਮਾਨਖੇੜਾ ਬਠਿੰਡਾ ਸ਼ਾਮਲ ਸਨ। ਪ੍ਰਜ਼ੀਡੀਅਮ ਨੇ ਭੋਲਾ ਸਿੰਘ ਢਿੱਲੋਂ ਦਾ ਨਾਂਅ ਪੰਜਾਬ ਪ੍ਰਧਾਨ ਦੇ ਅਹੁਦੇ ਲਈ ਪੇਸ਼ ਕੀਤਾ, ਜਿਸ ਨੂੰ ਸਰਵਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਬਾਕੀ ਅਹੁਦੇਦਾਰ ਨਾਮਜ਼ਦ ਕਰਨ ਦਾ ਅਧਿਕਾਰ ਪ੍ਰਧਾਨ ਨੂੰ ਦੇ ਦਿੱਤਾ ਗਿਆ।

# ਡੀ ਏ ਵੀ ਸਕੂਲ ਦੇ ਅਧਿਆਪਕਾਂ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਡੀ ਏ ਵੀ ਪਬਲਿਕ ਸਕੂਲ ਵਿਖੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਹੇਠ ਸਰੀਰਕ ਸਿੱਖਿਆ ਵਿਭਾਗ ਦੇ ਅਧਿਆਪਕ ਸ੍ਰੀ ਓਮ ਪ੍ਰਕਾਸ਼ ਕੰਬੋਜ ਤੇ ਪ੍ਰਾਇਮਰੀ ਅਧਿਆਪਕ ਸ੍ਰੀਮਤੀ ਆਸ਼ਿਮਾ ਮੱਕੜ ਦੀ ਸੇਵਾ ਮੁਕਤੀ ਮੌਕੇ ਸਮਾਗਮ ਕਰਵਾਇਆ ਗਿਆ। ਸਭ ਤੋਂ ਪਹਿਲਾਂ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਤੇ ਅਧਿਆਪਕਾਂ ਨੇ ਸ੍ਰੀ ਓਮ ਪ੍ਰਕਾਸ਼ ਕੰਬੋਜ ਤੇ ਸ੍ਰੀਮਤੀ ਆਸ਼ਿਮਾ ਮੱਕੜ ਨੂੰ ਫੁੱਲਾਂ ਦੇ ਬੁੱਕੇ ਤੇ ਪ੍ਰਸੰਸਾ ਪੱਤਰ ਦੇ ਕੇ ਜੀ ਆਇਆਂ ਕਿਹਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ੍ਰੀ ਓਮ ਪ੍ਰਕਾਸ਼ ਕੰਬੋਜ ਤੇ ਸ੍ਰੀਮਤੀ ਆਸ਼ਿਮਾ ਮੱਕੜ ਨੇ ਪੜ੍ਹਾਉਂਦੇ ਸਮੇਂ ਸਕੂਲ ਦੀ ਬਹੁਤ ਸੇਵਾ ਕੀਤੀ।

ਆਪਣੇ ਅਧਿਆਪਨ ਜੀਵਨ ਦੌਰਾਨ ਉਨ੍ਹਾਂ ਨੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਤੇ ਆਪਣੀ ਮਿਹਨਤ ਅਤੇ ਸੇਵਾ ਦੇ ਬਲਬੂਤੇ ਇਸ ਸਕੂਲ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ।

ਉਨ੍ਹਾਂ ਮਿਹਨਤ ਤੇ ਇਮਾਨਦਾਰੀ ਨਾਲ ਸਕੂਲ ਦੀ ਸੇਵਾ ਕੀਤੀ ਅਤੇ ਆਪਣੀ ਸੇਵਾ ਸਦਕਾ ਉਹ ਆਪਣੇ ਪਿੱਛੇ ਬਹੁਤ ਸਾਰੀਆਂ ਯਾਦਾਂ ਛੱਡ ਰਹੇ ਹਨ ਅਤੇ ਸਕੂਲ ਤੁਹਾਡੇ ਅਧਿਆਪਨ ਤੇ ਸੇਵਾ ਭਾਵਨਾ ਨੂੰ ਹਮੇਸ਼ਾ ਯਾਦ ਰੱਖੇਗਾ। ਅੰਤ ਵਿੱਚ ਸ੍ਰੀ ਓਮ ਪ੍ਰਕਾਸ਼ ਕੰਬੋਜ ਤੇ ਸ੍ਰੀਮਤੀ ਆਸ਼ਿਮਾ ਮੱਕੜ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਵਿੱਚ ਪੜ੍ਹਾਉਂਦੇ ਸਮੇਂ ਮਿਲੇ ਪਿਆਰ ਤੇ ਸਹਿਯੋਗ ਨੂੰ ਉਹ ਹਮੇਸ਼ਾ ਯਾਦ ਰੱਖਣਗੇ। ਸਟੇਜ ਦਾ ਸੰਚਾਲਨ ਅਧਿਆਪਕਾ ਸ੍ਰੀਮਤੀ ਆਸ਼ੂ ਗਾਂਧੀ ਨੇ ਕੀਤਾ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਨਸ਼ਿਆਂ ਦੀ ਰੋਕਥਾਮ ਲਈ ਜਾਗਰੂਕਤਾ ਸੈਮੀਨਾਰ ਦਾ ਆਯੋਜਨ



**ਸੰਗਰੂਰ (ਪ੍ਰਵੀਨ ਸਿੰਘ)**
ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਸ਼ਿਆਂ ਦੀ ਰੋਕਥਾਮ ਲਈ ਜਾਗਰੂਕਤਾ ਫੈਲਾਉਣ ਲਈ ਕਾਰਜਸ਼ੀਲ ਜ਼ਿਲ੍ਹਾ ਪੱਧਰੀ ਸਪੈਸ਼ਲ ਸੈੱਲ ਦੇ ਪ੍ਰਬੰਧਾਂ ਹੇਠ ਸਰਕਾਰੀ ਰਣਬੀਰ ਕਾਲਜ ਵਿਖੇ ਜਾਗਰੂਕਤਾ ਸੈਮੀਨਾਰ ਕਰਾਇਆ ਗਿਆ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਜਿਹੀ ਮਾਰੂ ਸਮਾਜਿਕ ਬੁਰਾਈ ਦੇ ਖਾਤਮੇ ਲਈ ਪੁਲਸ ਤੇ ਪ੍ਰਸ਼ਾਸਨ ਨੂੰ ਸਰਗਰਮ ਸਹਿਯੋਗ ਦੇਣ ਦਾ ਸੱਦਾ ਦਿੱਤਾ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੀ ਅਗਵਾਈ ਹੇਠ ਜ਼ਿਲ੍ਹਾ ਸੰਗਰੂਰ ਨੂੰ ਨਸ਼ਿਆਂ ਦੇ ਕੋਹੜ ਤੋਂ ਮੁਕੰਮਲ ਤੌਰ 'ਤੇ ਛੁਟਕਾਰਾ ਦਿਵਾਉਣ ਲਈ ਨਿਰੰਤਰ ਸਾਰਥਕ ਕਦਮ ਚੁੱਕੇ ਜਾ ਰਹੇ ਹਨ ਤੇ ਜੇਕਰ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਵੀ ਇਸ ਸਮਾਜਿਕ ਕੁਰੀਤੀ ਦੀ ਖਾਤਮੇ ਲਈ ਚਲਾਈ ਜਾ ਰਹੀ ਇਸ ਮੁਹਿੰਮ ਦਾ ਸਰਗਰਮ ਹਿੱਸਾ ਬਣਨ ਤਾਂ ਯਕੀਨੀ ਤੌਰ 'ਤੇ ਹੋਰ ਵੀ ਸ਼ਾਨਦਾਰ ਨਤੀਜੇ ਸਾਹਮਣੇ ਆਉਣਗੇ।ਉਨ੍ਹਾਂ ਕਿਹਾ ਕਿ ਆਪਣੇ ਪਰਵਾਰਾਂ, ਦੋਸਤਾਂ ਤੇ ਰਿਸ਼ਤੇਦਾਰਾਂ, ਗੁਆਂਢੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾਵੇ ਤੇ ਨਸ਼ਿਆਂ ਦਾ ਸੇਵਨ ਕਰਨ ਵਾਲੇ ਮਰੀਜ਼ਾਂ ਨੂੰ ਸਰਕਾਰ ਦੁਆਰਾ ਚਲਾਏ ਜਾ ਰਹੇ ਰੈੱਡ ਕਰਾਸ ਨਸ਼ਾ ਮੁਕਤੀ ਕੇਂਦਰਾਂ ਵਿਖੇ ਦਾਖ਼ਲ ਹੋ ਕੇ ਯੋਗ ਇਲਾਜ ਕਰਾਉਣ ਬਾਰੇ ਸੁਚੇਤ ਕੀਤਾ ਜਾਵੇ।ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਮੜਕਨ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਤੇ ਵਿਦਿਆਰਥੀਆਂ ਦੇ ਵੱਡੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਪੁਲਸ ਤੇ ਪ੍ਰਸ਼ਾਸਨ ਵੱਲੋਂ ਕਰਾਏ ਸੈਮੀਨਾਰ ਲਈ ਧੰਨਵਾਦ ਕੀਤਾ।ਇਸ ਦੌਰਾਨ ਜ਼ਿਲ੍ਹਾ ਪੁਲਸ ਦੀ ਤਰਫੋਂ ਡੀ.ਐਸ.ਪੀ ਸਪੈਸ਼ਲ ਬ੍ਰਾਂਚ ਹਰਪ੍ਰੀਤ ਸਿੰਘ ਤੇ ਇੰਸਪੈਕਟਰ ਸਿਮਰਨਜੋਤ ਸਿੰਘ ਨੇ ਨਸ਼ਿਆਂ ਦੀ ਰੋਕਥਾਮ ਲਈ ਜ਼ਿਲ੍ਹਾ ਪੁਲਿਸ ਵੱਲੋਂ ਜਨਵਰੀ ਤੋਂ ਹੁਣ ਤੱਕ ਕੀਤੇ ਗਏ ਉਪਰਾਲਿਆਂ ਬਾਰੇ ਵੇਰਵੇ ਸਾਂਝੇ ਕਰਨ ਦੇ ਨਾਲ ਨਾਲ ਸ਼ਹਿਰੀ ਤੇ ਦਿਹਾਤੀ ਖੇਤਰਾਂ ਵਿੱਚ ਨਸ਼ਿਆਂ ਦੇ ਸਪਲਾਈ ਨੈਟਵਰਕ ਨੂੰ ਖ਼ਤਮ ਕਰਨ ਤੇ ਨਸ਼ਾ ਕਾਰੋਬਾਰੀਆਂ ਨੂੰ ਸਲਾਖਾਂ ਪਿੱਛੇ ਪੁਚਾਉਣ ਲਈ ਕੀਤੀ ਕਾਰਵਾਈ ਬਾਰੇ ਦੱਸਿਆ।ਕਾਲਜ ਦੇ ਪ੍ਰੋਫ਼ੈਸਰ ਕੁਲਦੀਪ ਕੁਮਾਰ ਤੇ ਸਿਹਤ ਵਿਭਾਗ ਦੇ ਮੈਡੀਕਲ ਅਫ਼ਸਰ ਡਾ. ਦੀਪਕ ਕਾਂਸਲ ਨੇ ਦੱਸਿਆ ਕਿ ਆਪਣੇ ਬੱਚਿਆਂ ਦੇ ਵਿਵਹਾਰ 'ਤੇ ਨਿਰੰਤਰ ਨਜ਼ਰ ਰੱਖਣ ਦੀ ਲੋੜ ਹੈ ਤਾਂ ਜੁ ਕੋਈ ਵੀ ਬੱਚਾ ਕਿਸੇ ਮਾਨਸਿਕ ਤਣਾਅ ਜਾਂ ਮਾੜੀ ਸੰਗਤ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਨਾ ਫਸ ਸਕੇ। ਡਾ. ਦੀਪਕ ਕਾਂਸਲ ਨੇ ਨਸ਼ਾ ਰੋਗੀਆਂ ਨੂੰ ਤੰਦਰੁਸਤ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਤੇ ਮੁੜ ਵਸੇਬੇ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣੂ ਕਰਾਇਆ।ਅਖੀਰ ਵਿੱਚ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਹਰਦੀਪ ਸਿੰਘ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ।ਮੰਚ ਦਾ ਸੰਚਾਲਨ ਪ੍ਰੋ. ਰੁਪਿੰਦਰ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪੱਧਰੀ ਸਪੈਸ਼ਲ ਸੈੱਲ ਦੇ ਹੋਰ ਮੈਂਬਰ ਵੀ ਮੌਜੂਦ ਸਨ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ 'ਤੇ ਸਟੇਟ ਯੂਨੀਵਰਸਿਟੀ ਵੱਲੋਂ ਸ਼ਰਧਾਂਜਲੀ ਸਮਾਰੋਹ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਵਿਖੇ ਯੂਨੀਵਰਸਿਟੀ ਦੀ ਸ਼ਹੀਦ ਭਗਤ ਸਿੰਘ ਸੋਸਾਇਟੀ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਵਸ 'ਤੇ ਇਕ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸੁਸ਼ੀਲ ਮਿੱਤਲ ਨੇ ਸ਼ਿਰਕਤ ਕੀਤੀ।ਐੱਸ ਬੀ ਐੱਸ ਸੋਸਾਇਟੀ ਦੇ ਚੇਅਰਮੈਨ ਡਾ. ਸੁਨੀਲ ਬਹਿਲ ਵੱਲੋਂ ਮੁੱਖ ਮਹਿਮਾਨ ਨੂੰ ਗੁਲਦਸਤੇ ਭੇਟ ਕਰਦਿਆਂ ਜੀ ਆਇਆਂ ਕਿਹਾ ਗਿਆ।ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ, ਸਕਿੱਟਾਂ, ਗਿੱਧੇ ਤੇ ਭੰਗੜੇ ਦੀਆਂ ਵੰਨਗੀਆਂ ਪੇਸ਼ ਕੀਤੀਆਂ ਗਈਆਂ।ਇਸ ਦੇ ਨਾਲ ਨਾਲ ਭਗਤ ਸਿੰਘ ਦੀ ਕ੍ਰਾਂਤੀਕਾਰੀ ਸੋਚ ਨੂੰ ਸਮਰਪਤ ਗੋਸ਼ਟੀਆਂ 'ਤੇ ਚਰਚਾ ਵੀ ਕੀਤੀ ਗਈ।ਸ੍ਰੀ ਰਾਮ ਲੀਲ੍ਹਾ ਕਮੇਟੀ ਬਸਤੀ ਟੈਂਕਾਂ ਵਾਲੀ ਵੱਲੋਂ ਪੂਰਨ ਚੰਦ ਡਾਇਰੈਕਟਰ ਦੀ ਟੀਮ ਵੱਲੋਂ ਸ਼ਹੀਦ ਭਗਤ ਸਿੰਘ ਦੇ ਜੀਵਨ ਤੋਂ ਉਨ੍ਹਾਂ ਦੀ ਸ਼ਹੀਦੀ ਤੱਕ ਇੱਕ ਨਾਟਕ ਰਾਹੀਂ ਭਾਵਪੂਰਨ ਸ਼ਰਧਾਂਜਲੀ ਦਿੰਦਿਆਂ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ।ਮੁੱਖ ਮਹਿਮਾਨ ਵੱਲੋਂ ਸ਼ਹੀਦ ਭਗਤ ਸਿੰਘ ਦੀ ਜੀਵਨੀ ਤੇ ਉਨ੍ਹਾਂ ਦੇ ਦੇਸ਼ ਪ੍ਰਤੀ ਬਲੀਦਾਨ ਲਈ ਵਿਸਥਾਰ ਪੂਰਵਕ ਬੋਲਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੂੰ ਇੱਕ ਸੁਤੰਤਰਤਾ ਸੈਨਾਨੀ ਤੇ ਕ੍ਰਾਂਤੀਕਾਰੀ ਵਜੋਂ ਯਾਦ ਕੀਤਾ ਜਾਂਦਾ ਰਹੇਗਾ, ਜਿਸ ਨੇ ਆਜ਼ਾਦੀ ਦੀ ਜੋਤ ਜਗਾਉਂਦਿਆਂ ਲੱਖਾਂ ਲੋਕਾਂ ਨੂੰ ਪ੍ਰੇਰਿਤ ਕੀਤਾ।ਛੋਟੀ ਉਮਰ ਤੋਂ ਹੀ, ਉਸ ਨੇ ਆਪਣਾ ਮਕਸਦ ਲੱਭ ਲਿਆ ਤੇ ਆਪਣਾ ਜੀਵਨ ਭਾਰਤ ਦੀ ਆਜ਼ਾਦੀ ਲਈ ਸਮਰਪਤ ਕਰ ਦਿੱਤਾ। 28 ਸਤੰਬਰ 1907 ਨੂੰ ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਜਨਮੇ ਸਿੰਘ ਭਗਤ ਸਿੰਘ ਨੇ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਦੀ ਬੇਰਹਿਮੀ ਤੇ ਉਸ ਸਮੇਂ ਉਨ੍ਹਾਂ ਵੱਲੋਂ ਕੀਤੇ ਜਾਂਦੇ ਅੱਤਿਆਚਾਰਾਂ ਤੋਂ ਦੁਖੀ ਭਾਰਤੀਆਂ ਨੂੰ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਰਾਹੀਂ ਲਾਮਬੰਦ ਕਰਦਿਆਂ ਪ੍ਰਭਾਵਸ਼ਾਲੀ ਕਦਮ ਚੁੱਕੇ।ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦਾ ਜਨਮ ਪੰਜਾਬ ਵਿੱਚ ਹੋਇਆ ਤੇ ਅੱਜ ਫਿਰੋਜ਼ਪੁਰ ਵਿਖੇ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਬਣੀ ਭਾਰਤ ਦੀ ਇਕੋ ਇੱਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਹਨ।ਉਨ੍ਹਾਂ ਸਟਾਫ਼ ਤੇ ਵਿਦਿਆਰਥੀਆਂ ਨੂੰ ਭਗਤ ਸਿੰਘ ਜੀ ਦੀ ਸੋਚ ਨੂੰ ਅਪਣਾਉਣ ਤੇ ਉਨ੍ਹਾਂ ਦੀ ਸੋਚ ਦਾ ਨਵਾਂ ਭਾਰਤ ਸਿਰਜਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਇਹੀ ਭਗਤ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਅਸਲੀ ਸ਼ਰਧਾਂਜਲੀ ਹੋਵੇਗੀ।ਉਨ੍ਹਾਂ ਐੱਸ ਬੀ ਐੱਸ ਸੋਸਾਇਟੀ ਦੇ ਚੇਅਰਮੈਨ ਡਾ. ਸੁਨੀਲ ਬਹਿਲ, ਪੀਆਰਓ ਯਸ਼ਪਾਲ, ਪ੍ਰੋ. ਨਵਦੀਪ ਕੌਰ ਝੱਜ, ਗੁਰਪ੍ਰੀਤ ਸਿੰਘ ਲੈਬ ਸੁਪਰਡੈਂਟ, ਹਰਪਿੰਦਰਪਾਲ ਸਿੰਘ ਤੇ ਵਿਦਿਆਰਥੀਆਂ ਤੁਸ਼ਾਰ ਅੱਗਰਵਾਲ, ਕਬੀਰ ਸੱਭਰਵਾਲ ਤੇ ਉਨ੍ਹਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ। ਇਸ ਉਪਰੰਤ ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਤੇ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਯੂਨੀਵਰਸਿਟੀ ਰਜਿਸਟ੍ਰਾਰ ਡਾ. ਗਜ਼ਲਪ੍ਰੀਤ ਸਿੰਘ, ਡੀਨ ਸਟੂਡੈਂਟ ਵੈੱਲਫੇਅਰ ਡਾ. ਤੇਜੀਤ ਸਿੰਘ ਤੋਂ ਇਲਾਵਾ ਸਾਰੇ ਵਿਭਾਗੀ ਮੁੱਖੀ, ਫੈਕਲਟੀ, ਸਟਾਫ਼ ਤੇ ਭਾਰੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

# ਸਾਹਿਤ ਸਭਾ ਵੱਲੋਂ ਕਰਾਏ ਰੂਬਰੂ ਤੇ ਸਨਮਾਨ ਸਮਾਗਮ ਨੇ ਅਮਿੱਟ ਪੈੜਾਂ ਛੱਡੀਆਂ



**ਜਲਾਲਾਬਾਦ (ਜੀਤ ਕੁਮਾਰ)**
ਸਾਹਿਤ ਸਭਾ (ਰਜਿ.) ਵੱਲੋਂ ਇੱਕ ਰੂਬਰੂ ਤੇ ਸਨਮਾਨ ਸਮਾਗਮ ਪ੍ਰਧਾਨ ਗੋਪਾਲ ਬਜਾਜ ਦੀ ਪ੍ਰਧਾਨਗੀ ਹੇਠ ਕਿਸਾਨ ਢਾਬਾ ਵਿਖੇ ਕਰਾਇਆ ਗਿਆ, ਜਿਸ ਵਿੱਚ ਪ੍ਰਸਿੱਧ ਸ਼ਾਇਰ ਵਰਨ ਅਨੰਦ ਅਤੇ ਰਕੇਸ਼ ਰਾਜ ਵਿਸ਼ੇਸ਼ ਤੌਰ 'ਤੇ ਪਹੁੰਚੇ।

ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਲਾਡੀ ਧਵਨ, ਐਡਵੋਕੇਟ ਜੀ. ਕੇ. ਜਿੰਦਲ, ਐਡਵੋਕੇਟ ਭਾਰਤ ਛਾਬੜਾ, ਐਡਵੋਕੇਟ ਸੁਸ਼ੀਲ ਕੁੱਕੜ, ਕਾਲੀ ਡੂਮੜਾ ਤੇ ਡਾ. ਪ੍ਰਕਾਸ਼ ਦੋਸ਼ੀ ਪੁੱਜੇ। ਮੰਚ ਦਾ ਸੰਚਾਲਨ ਐਡਵੋਕੇਟ ਪ੍ਰੀਤੀ ਬਾਬੂਟਾ ਵੱਲੋਂ ਬਾਖ਼ੂਬੀ ਨਿਭਾਇਆ ਗਿਆ। ਉਨ੍ਹਾਂ ਸਾਹਿਤ ਸਭਾ ਦੇ ਸਰਪ੍ਰਸਤ ਸੂਬਾ ਸਿੰਘ ਨੰਬਰਦਾਰ ਤੇ ਖ਼ਜ਼ਾਨਚੀ ਜਸਕਰਨਜੀਤ ਸਿੰਘ ਨੂੰ ਮੰਚ 'ਤੇ ਆਉਣ ਲਈ ਸੱਦਾ ਦਿੱਤਾ, ਜਿਨ੍ਹਾਂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਬਾਅਦ 'ਚ ਰਚਨਾਵਾਂ ਦਾ ਦੌਰ ਸ਼ੁਰੂ ਕੀਤਾ ਗਿਆ, ਜਿਸ ਵਿੱਚ ਸਤਨਾਮ ਸਿੰਘ ਮਹਿਰਮ, ਤਿਲਕ ਰਾਜ ਕਾਹਲ, ਬਲਵੀਰ ਸਿੰਘ ਰਹੇਜਾ ਤੇ ਮੀਨਾ ਮਹਿਰੋਕ ਨੇ ਮਿਆਰੀ ਰਚਨਾਵਾਂ ਸੁਣਾ ਕੇ ਵਾਹ-ਵਾਹ ਖੱਟੀ। ਨਵੇਂ ਆਏ ਹੋਏ ਸਾਹਿਤਕਾਰਾਂ ਵਿੱਚੋਂ ਹਰਸ਼ਦੀਪ ਕੌਰ ਬੋਪਾਰਾਏ, ਰਜਿੰਦਰ ਸਿੱਧੂ, ਡਾਇਮੰਡ ਕਪੂਰ, ਜਸਕਰਨਜੀਤ ਸਿੰਘ ਨੇ ਨਸ਼ਿਆਂ ਵਿੱਚ ਪੈ ਰਹੇ ਬੱਚਿਆਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਨਸ਼ੇ ਤਿਆਗ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਹਲੂਣਾ ਮਾਰਿਆ।

ਐਡਵੋਕੇਟ ਸੰਦੀਪ ਝਾਂਬ, ਊਸ਼ਾ ਝਾਂਬ, ਨੀਰਜ ਛਾਬੜਾ, ਰੌਸ਼ਨ ਲਾਲ ਅਸੀਜਾ, ਸਤਨਾਮ ਸਿੰਘ ਮਹਿਰਮ, ਅਰਚਨਾ ਗਾਬਾ, ਦੀਪਕ ਨਾਰੰਗ, ਸੁਖਪ੍ਰੀਤ ਸਿੰਘ ਬਰਾੜ ਤੇ ਪ੍ਰੋਫ਼ੈਸਰ ਜਸਵੰਤ ਸਿੰਘ ਨੇ ਆਪਣੇ ਗੀਤਾਂ ਤੇ ਰਚਨਾਵਾਂ ਵਿੱਚ ਕਿਸਾਨਾਂ ਨੂੰ ਮੁੜ ਤੋਂ ਉੱਤਮ ਖੇਤੀ ਕਰਨ ਲਈ ਪ੍ਰੇਰਤ ਕੀਤਾ।

ਸਾਹਿਤ ਸਭਾ ਦੇ ਸਹਿਯੋਗੀ ਮੈਂਬਰ ਪ੍ਰਵੇਸ਼ ਖੰਨਾ ਤੇ ਕੁਲਦੀਪ ਬਰਾੜ ਨੇ ਪ੍ਰਸਿੱਧ ਸ਼ਾਇਰ ਵਰਨ ਅਨੰਦ ਤੇ ਰਕੇਸ਼ ਰਾਜ ਦੀ ਜੀਵਨੀ ਬਾਰੇ ਸਰੋਤਿਆਂ ਨੂੰ ਜਾਣੂ ਕਰਾਇਆ, ਜਿਵੇਂ ਹੀ ਵਰੁਣ ਅਨੰਦ ਤੇ ਰਕੇਸ਼ ਰਾਜ ਨੇ ਰਚਨਾਵਾਂ ਪੜ੍ਹਨੀਆਂ ਸ਼ੁਰੂ ਕੀਤੀਆਂ ਤਾਂ ਦਾਦ ਦੇਣ ਵਾਲੇ ਸਰੋਤਿਆਂ ਨਾਲ ਹਾਲ ਗੂੰਜ ਉੱਠਿਆ, ਜਿਸ ਨਾਲ ਸਰੋਤਿਆਂ ਨੂੰ ਘੰਟਿਆਂ ਦਾ ਸਮਾਂ ਮਿੰਟਾਂ ਵਿੱਚ ਬਤੀਤ ਹੋਇਆ ਲੱਗਿਆ। ਸਮਾਗਮ ਵਿੱਚ ਬਲਵੀਰ ਸਿੰਘ ਪੁਆਰ, ਸਿੰਪਲ ਬਜਾਜ ਆਦਿ ਸਾਹਿਤਕਾਰ ਤੇ ਹੋਰ ਸਰੋਤੇ ਹਾਜ਼ਰ ਸਨ।

# ਗਦਰੀ ਬਾਬਿਆਂ ਤੇ ਦੇਸ਼ ਭਗਤਾਂ ਦੀ ਸੋਚ ਦਾ ਸਮਾਜ ਬਣਨ ਨਾਲ ਹੀ ਖੁਸ਼ਹਾਲੀ ਪਰਤੇਗੀ: ਮਾੜੀਮੇਘਾ, ਦੇਵੀ ਕੁਮਾਰੀ

**ਹਰੀਕੇ** (ਨ. ਜ਼. ਸ.)

ਸੀ. ਪੀ. ਆਈ. ਵੱਲੋਂ ਪੰਜਾਬ ਦੇ ਸੱਦੇ 'ਤੇ ਪੱਟੀ ਤਹਿਸੀਲ ਦੇ ਇਲਾਕੇ ਹਰੀਕੇ ਦੇ ਪਿੰਡਾਂ ਦੇ ਪਾਰਟੀ ਮੈਂਬਰਾਂ ਤੇ ਹਮਦਰਦਾਂ ਦੀ ਜਨਰਲ ਬਾਡੀ ਮੀਟਿੰਗ ਕਰਕੇ ਕਾਮਾਗਾਟਾਮਾਰੂ ਦਿਵਸ ਤੇ ਭਗਤ ਸਿੰਘ ਦਾ ਜਨਮ ਦਿਹਾੜਾ ਸੀ. ਪੀ. ਆਈ. ਦੇ ਜ਼ਿਲ ਾ ਕੌਂਸਲ ਮੈਂਬਰ ਜਸਬੀਰ ਸਿੰਘ ਜੀਉਣਕੇ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾਈ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਕਿਹਾ ਕਿ ਹਰੀਕੇ ਇਲਾਕਾ ਗ਼ਦਰੀਆਂ ਦੀਆਂ ਪੈੜਾਂ ਦਾ ਹੈ।ਇਸ ਇਲਾਕੇ ਵਿੱਚ ਪਿੰਡ-ਪਿੰਡ ਗਦਰੀ ਹੋਏ ਹਨ।ਗਦਰੀ ਬਾਬਾ ਸੰਤਾ ਸਿੰਘ ਗੰਡੀਵਿੰਡ ਗ਼ਦਰ ਅੰਦੋਲਨ ਤੋਂ ਬਾਅਦ ਕਿਰਤੀ ਪਾਰਟੀ ਦੇ ਮੁੱਖ ਕਰਤਾ-ਧਰਤਾ ਰਹੇ ਹਨ।ਸੰਤ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਬਾਨੀ ਪ੍ਰਧਾਨ ਸਨ।ਦਦੇਹਰ ਪਿੰਡ ਗ਼ਦਰੀਆਂ ਦਾ ਮੱਕਾ ਸੀ।ਬਾਬਾ ਵਿਸਾਖਾ ਸਿੰਘ ਦੀ ਫੋਟੋ ਪਿੰਡ ਦੇ ਹਰੇਕ ਘਰ ਵਿੱਚ ਲੱਗੀ ਹੋਈ ਹੈ।ਦਦੇਹਰ ਪਿੰਡ ਦੀ ਵਸੋਂ ਪਿੰਡ ਦੇ ਗ਼ਦਰੀਆਂ ਨੂੰ ਸੰਤਾਂ ਮਹੰਤਾਂ ਦੀ ਤਰ ਾਂ ਪੂਜਦੀ ਹੈ।ਹਰ ਸਾਲ ਪਿੰਡ ਵਿੱਚ ਇਨ ਾਂ ਗ਼ਦਰੀਆਂ ਦੀ ਯਾਦ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪੈਂਦੇ ਹਨ, ਦੀਵਾਨ ਸੱਜਦੇ ਹਨ ਅਤੇ ਬਾਬਿਆਂ ਦੇ ਜੀਵਨ ਸੰਘਰਸ਼ ਬਾਰੇ ਵੱਖ-ਵੱਖ ਰਾਜਨੀਤਿਕ ਧਿਰਾਂ ਦੇ ਆਗੂ ਇੱਕ ਹੀ ਸਟੇਜ ਤੋਂ ਵਿਚਾਰ ਰੱਖਦੇ ਹਨ।ਅਗਲੇ ਦਿਨ ਨਾਟਕ ਮੇਲਾ ਹੁੰਦਾ ਤੇ ਕਬੱਡੀ ਦਾ ਮੈਚ ਵੀ ਹੁੰਦਾ ਹੈ।ਇਸੇ ਤਰ ਾਂ ਗਦਰੀ ਸੰਤਾ ਸਿੰਘ ਗੰਡੀਵਿੰਡ ਦੇ ਪਿੰਡ ਉਨ ਾਂ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਦੀਵਾਨ ਲੱਗਦਾ ਤੇ ਵਿਚਾਰਾਂ ਹੁੰਦੀਆਂ ਹਨ।ਆਗੂਆਂ ਨੇ ਕਿਹਾ ਕਿ ਸਰਹਾਲੀ ਪਿੰਡ ਦਾ ਗੁਰਦਿੱਤ ਸਿੰਘ ਹੋਇਆ। ਇਹ ਇੱਕ ਵਪਾਰੀ ਕਾਰੋਬਾਰ ਵਾਲਾ ਮਨੁੱਖ ਸੀ ਪਰ ਕਾਮਾਗਾਟਾਮਾਰੂ ਦੇ ਸੰਘਰਸ਼ ਨੇ ਉਨ ਾਂ ਨੂੰ ਇੱਕ ਮਹਾਨ ਕ੍ਰਾਂਤੀਕਾਰੀ ਮਨੁੱਖ ਬਣਾ ਦਿੱਤਾ।ਪਰ ਅਫਸੋਸ ਹੈ ਕਿ ਸਰਕਾਰ ਨੇ ਉਨ ਾਂ ਦੇ ਘਰ ਨੂੰ ਯਾਦਗਾਰ ਵੀ ਨਹੀਂ ਬਣਾਇਆ ਜਦੋਂਕਿ ਉਹ ਘਰ ਹਾਲੇ ਵੀ ਯਾਦਗਾਰ ਬਣ ਸਕਦਾ ਹੈ।ਆਗੂਆਂ ਨੇ ਕਿਹਾ ਕਿ ਇਨ ਾਂ ਦੇਸ਼ ਭਗਤਾਂ ਦਾ ਸੁਪਨਾ ਤਾਂ ਇਹ ਸੀ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਦੀ ਜਨਤਾ ਖੁਸ਼ਹਾਲ ਹੋਵੇਗੀ ਪਰ ਹੋਇਆ ਇਸ ਦੇ ਉਲਟ ਹੈ।ਦੇਸ਼ ਦੀ 80 ਫੀਸਦੀ ਆਬਾਦੀ ਗਰੀਬ ਭਾਵ ਬੇਰੁਜ਼ਗਾਰੀ ਭਰਿਆ ਜੀਵਨ ਗੁਜ਼ਾਰ ਰਹੀ ਹੈ।ਕਾਰਪੋਰੇਟ ਘਰਾਣੇ ਇਸ ਵਸੋਂ ਦਾ ਖੂਨ ਚੂਸ ਰਹੇ ਹਨ।ਗਰੀਬਾਂ ਵਿੱਚ ਸਭ ਤੋਂ ਵਧੇਰੇ ਖੇਤ ਮਜ਼ਦੂਰ ਹਨ।ਮਸ਼ੀਨ ਨੇ ਖੇਤ ਮਜ਼ਦੂਰਾਂ ਦਾ ਕੰਮ ਤਾਂ ਖੋਹ ਲਿਆ ਪਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਨ ਾਂ ਦੇ ਜੀਵਨ ਨਿਰਬਾਹ ਲਈ ਉਨ ਾਂ ਨੂੰ ਬਦਲਵਾਂ ਕੰਮ ਦੇਵੇ।ਜਦੋਂ ਕਿ ਦੇਸ਼ ਦੇ ਵਿਕਾਸ ਲਈ ਕੰਮ ਦੀ ਕੋਈ ਘਾਟ ਨਹੀਂ ਹੈ।ਜੇ ਸਰਕਾਰ ਲੋਕ ਪੱਖੀ ਹੋਵੇ ਤਾਂ ਹਰੇਕ ਵਿਅਕਤੀ ਨੂੰ ਪੱਕਾ ਰੁਜ਼ਗਾਰ ਦਿੱਤਾ ਜਾ ਸਕਦਾ ਹੈ।ਆਗੂਆਂ ਨੇ ਕਿਹਾ ਕਿ ਉਕਤ ਤੋਂ ਇਲਾਵਾ ਚੰਡੀਗੜ ਪੰਜਾਬ ਨੂੰ ਦੇਣਾ ਚਾਹੀਦਾ ਹੈ। ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਲਈ ਬਚਾ ਕੇ ਰੱਖਣਾ ਅਤੇ ਬਾਰਸ਼ਾਂ ਦੇ ਪਾਣੀ ਨੂੰ ਸਟੋਰ ਕਰਨ ਦੀ ਅਹਿਮ ਲੋੜ ਹੈ।ਚੰਡੀਗੜ ਵਿੱਚ ਮੁਲਾਜ਼ਮਾਂ ਦੇ ਹੱਕ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਪੰਜਾਬ ਦੇ ਹੱਕ ਬਹਾਲ ਕਰਨੇ ਬਹੁਤ ਜ਼ਰੂਰੀ ਹਨ।ਭਾਖੜਾ ਪ੍ਰੋਜੈਕਟ ਵਿੱਚ ਮੁਲਾਜ਼ਮਾਂ ਦੇ ਹੱਕ ਬਹਾਲ ਹੋਣੇ ਚਾਹੀਦੇ ਹਨ। ਚੰਡੀਗੜ ਵਿੱਚ ਪੰਜਾਬੀ ਭਾਸ਼ਾ ਨੂੰ ਮਾਨਤਾ ਦੇਣੀ ਚਾਹੀਦੀ ਹੈ।ਇੱਕ ਜੁਲਾਈ ਤੋਂ ਕੇਂਦਰ ਸਰਕਾਰ ਨੇ ਜੋ ਲੋਕ ਵਿਰੋਧੀ ਕਾਨੂੰਨ ਲਾਗੂ ਕੀਤੇ ਹਨ ਉਹ ਵਾਪਸ ਹੋਣ ਅਤੇ ਹਿੰਦ ਪਾਕਿ ਦੇ ਬਾਰਡਰ ਤੋਂ ਹਿੰਦੁਸਤਾਨ ਵੱਲ ਨੂੰ ਅਮਨ-ਕਾਨੂੰਨ ਦਾ ਅਧਿਕਾਰ ਬੀ ਐੱਸ ਐੱਫ ਨੂੰ ਦੇਣਾ ਸਰਸਰਾ ਰਾਜਾਂ ਨਾਲ ਧੱਕਾ ਹੈ।

# 2 ਕਰੋੜ ਦੀ ਬੋਲੀ ਲਗਾ ਕੇ ਬਣੇ ਭਾਜਪਾ ਸਰਪੰਚ ਨੂੰ ਕੀਤਾ ਜਾਵੇਗਾ ਸਨਮਾਨਿਤ : ਅੰਕੂ ਨਾਇਰ

**ਦੀਨਾਨਗਰ** (**ਬਲਵਿੰਦਰ ਸਿੰਘ ਬਿੱਲਾ**)-ਭਾਜਪਾ ਦੇ ਸਾਬਕਾ ਸੀਨੀਅਰ ਵਾਈਸ ਪ੍ਰਧਾਨ ਮੰਡਲ ਦੀਨਾਨਗਰ ਦੇ ਅੰਕੂ ਨਾਇਰ ਨੇ ਪੱਤਰਕਾਰਾਂ ਨਾਲ



ਗੱਲਬਾਤ ਕਰਦਿਆਂ ਕਿਹਾ ਕਿ ਸਰਪੰਚੀ ਨੂੰ ਲੈ ਕੇ ਪੰਜਾਬ ਭਰ ਵਿੱਚ ਪਿੰਡਾਂ ਦੇ ਲੋਕ ਸਰਗਰਮ ਹੋ ਗਏ ਹਨ ਉਥੇ ਹੀ ਜੇਕਰ ਗੱਲ ਕਰੀਏ ਪੰਜਾਬ ਦੇ ਡੇਰਾ ਬਾਬਾ ਨਾਨਕ ਦੇ ਪਿੰਡ ਹਰਦੋਰਵਾਲ ਦੀ ਤਾਂ ਬੋਲੀ ਵਿੱਚ ਸਰਪੰਚੀ ਨੂੰ ਲੈ ਕੇ ਸਾਰੇ ਰਿਕਾਰਡ ਟੁੱਟ ਗਏ ਹਨ ਅਤੇ ਸਰਪੰਚੀ ਦੀ ਬੋਲੀ 2 ਕਰੋੜ ਤੱਕ ਜਾ ਪਹੁੰਚੀ।ਉਸ ਬੋਲੀ ਵਿੱਚ ਭਾਜਪਾ ਦੇ ਆਤਮਾ ਸਿੰਘ ਵਲੋਂ 2 ਕਰੋੜ ਦੀ ਬੋਲੀ ਲਗਾ ਕੇ ਪਿੰਡ ਹਰਦੋਰਵਾਲ ਸਰਪੰਚੀ ਦੀ ਦਾਅਵੇਦਾਰੀ ਪੇਸ਼ ਕੀਤੀ ਗਈ ਹੈ ਜੋ ਕਿ ਪੰਜਾਬ ਵਿੱਚ ਭਾਜਪਾ ਲਈ ਮਾਣ ਵਾਲੀ ਗੱਲ ਹੈ।ਅੰਕੂ ਨਾਇਰ ਨੇ ਕਿਹਾ ਕਿ ਮੇਰੇ ਅਤੇ ਮੇਰੇ ਦੀਨਾਨਗਰ ਦੇ ਭਾਜਪਾ ਸਾਥੀਆਂ ਵੱਲੋਂ ਡੇਰਾ ਬਾਬਾ ਨਾਨਕ ਪਿੰਡ ਹਰਦੋਰਵਾਲ ਦੇ ਆਤਮਾ ਸਿੰਘ ਨੂੰ ਜਲਦੀ ਹੀ ਸਨਮਾਨਿਤ ਕੀਤਾ ਜਾਵੇਗਾ।ਉਨ ਾਂ ਕਿਹਾ ਕਿ ਪੰਜਾਬ ਦੇ ਕਿਸੇ ਹੋਰ ਪਿੰਡ ਵਿੱਚ ਵੀ ਜੇਕਰ ਭਾਜਪਾ ਦਾ ਕੋਈ ਕੈਂਡੀਡੇਟ ਅਜਿਹੇ ਢੰਗ ਨਾਲ ਸਰਪੰਚੀ ਦੀ ਦਾਅਵੇਦਾਰੀ ਪੇਸ਼ ਕਰਦਾ ਹੈ ਤਾਂ ਉਨ ਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ।ਉਨ ਾਂ ਕਿਹਾ ਕਿ ਇਥੋਂ ਸਾਬਿਤ ਹੋ ਰਿਹਾ ਹੈ ਕਿ ਲੋਕ ਭਾਜਪਾ ਨੂੰ ਪਸੰਦ ਕਰਨ ਲੱਗ ਪਏ ਹਨ ਤੇ ਹੁਣ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣੇਗੀ।

# ਪਠਾਨਕੋਟ ਸੜਕ 'ਤੇ ਰੇਲਵੇ ਫਾਟਕ ਬੰਦ ਹੋਣ 'ਤੇ ਲੋਕ ਅਕਸਰ ਹੁੰਦੇ ਨੇ ਪ੍ਰੇਸ਼ਾਨ

## ਗੱਡੀ ਲੰਘਣ ਦੀ ਇੰਤਜ਼ਾਰ 'ਚ ਵਾਹਨਾਂ ਦੀਆਂ ਲੱਗ ਜਾਂਦੀਆਂ ਨੇ ਲੰਬੀਆਂ-ਲੰਬੀਆਂ ਕਤਾਰਾਂ

**ਗੁਰਦਾਸਪੁਰ**, (**ਜਨਕ ਮਹਾਜਨ**)

ਗੁਰਦਾਸਪੁਰ ਰੇਲਵੇ ਸਟੇਸ਼ਨ ਦੇ ਨੇੜੇ ਪਠਾਨਕੋਟ ਨੂੰ ਜਾਣ ਵਾਲੀ ਸੜਕ 'ਤੇ ਬਣੇ ਰੇਲਵੇ ਫਾਟਕ ਦੇ ਅਕਸਰ ਬੰਦ ਰਹਿਣ ਨਾਲ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂ ਜੋ ਦਿਨ ਵਿੱਚ ਇਹ ਫਾਟਕ ਕਈ-ਕਈ ਵਾਰ ਰੇਲ ਗੱਡੀਆਂ ਦੇ ਆਉਣ ਜਾਣ ਕਾਰਨ ਬੰਦ ਰਹਿੰਦਾ ਹੈ ਅਤੇ ਵਹੀਕਲਾਂ ਦਾ ਜਾਮ ਲੱਗ ਜਾਂਦਾ ਹੈ। ਵਰਣਨਯੋਗ ਹੈ ਕਿ ਇਸ ਫਾਟਕ ਰਾਹੀਂ ਪਠਾਨਕੋਟ



ਸੜਕ ਅਤੇ ਪੰਡੋਰੀ ਸੜਕ ਨੂੰ ਜਾਣ ਵਾਲੇ ਵਾਹਨਾਂ ਨੂੰ ਕਾਫੀ ਸਮਾਂ ਫਾਟਕ ਖੁੱਲ ਣ ਦੀ ਉਡੀਕ ਵਿੱਚ ਲੱਗ ਜਾਂਦਾ ਹੈ ਜਿਸ ਨਾਲ ਸਮਾਂ ਬਰਬਾਦ ਹੁੰਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਦੇਸ਼ ਦੇ ਬਟਵਾਰੇ ਤੋਂ ਬਾਅਦ ਅਜੇ ਵੀ ਫਾਟਕ ਸਿਸਟਮ ਜਿਉਂ ਦਾ ਤਿਉਂ ਹੀ ਬਣਿਆ ਹੋਇਆ ਹੈ ਜਦਕਿ ਹੁਣ ਸ਼ਹਿਰੀ ਇਲਾਕੇ ਤੋਂ ਤਾਂ ਇਹੋ ਜਿਹੇ ਫਾਟਕ ਹਟਾ ਦੇਣੇ ਚਾਹੀਦੇ ਹਨ ਅਤੇ ਇਨ ਾਂ ਦੀ ਜਗ ਾ ਓਵਰਬ੍ਰਿਜ ਜਾਂ ਅੰਡਰ ਬ੍ਰਿਜ ਬਣਾ ਦਿੱਤੇ ਜਾਣ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਪੇਸ਼ ਨਾ ਆਵੇ। ਲੋਕਾਂ ਦਾ ਕਹਿਣਾ ਹੈ ਕਿ ਇਸ ਫਾਟਕ ਰਾਹੀਂ ਇਤਿਹਾਸਕ ਸਥਾਨ ਪੰਡੋਰੀ ਤੋਂ ਇਲਾਵਾ ਅਨੇਕਾਂ ਪਿੰਡਾਂ ਨੂੰ ਸੜਕ ਜਾਂਦੀ ਹੈ ਜਦੋਂਕਿ ਪਠਾਨਕੋਟ ਵਾਲੀ ਸੜਕ 'ਤੇ ਤਾਂ ਦਿਨ ਰਾਤ ਆਵਾਜਾਈ ਦੀ ਭਰਮਾਰ ਲੱਗੀ ਰਹਿੰਦੀ ਹੈ। ਹੁਣ ਇਸ ਰੇਲਵੇ ਲਾਈਨ 'ਤੇ ਪਠਾਨਕੋਟ, ਅੰਮ੍ਰਿਤਸਰ ਟਰੈਕ ਉਪਰ ਚੱਲਣ ਵਾਲੀਆਂ ਰੇਲ ਗੱਡੀਆਂ ਦੀ ਗਿਣਤੀ ਵੀ ਦਿਨ-ਬ-ਦਿਨ ਵਧ ਰਹੀ ਹੈ ਜਿਸ ਕਾਰਨ ਆਮ ਜਨਤਾ ਨੂੰ ਦਿਨ ਵਿੱਚ ਕਈ ਕਈ ਵਾਰ ਫਾਟਕ ਬੰਦ ਹੋਣ ਕਰਕੇ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਦੀ ਮੰਗ ਹੈ ਕਿ ਇਸ ਫਾਟਕ 'ਤੇ ਜਲਦੀ ਤੋਂ ਜਲਦੀ ਓਵਰਬ੍ਰਿਜ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਆ ਰਹੀ ਇਸ ਪਰੇਸ਼ਾਨੀ ਤੋਂ ਨਿਜਾਤ ਮਿਲ ਸਕੇ।

# ਪੰਜਾਬੀ ਨਾਟਕ ਦੇ ਪਿਤਾਮਾ ਪ੍ਰੋ. ਈਸ਼ਵਰ ਚੰਦਰ ਨੰਦਾ ਦਾ 132ਵਾਂ ਜਨਮ ਦਿਹਾੜਾ ਮਨਾਇਆ



**ਹੁਸ਼ਿਆਰਪੁਰ**, (**ਬਲਵੀਰ ਸਿੰਘ ਸੈਣੀ**)

ਪੰਜਾਬੀ ਨਾਟਕ ਦੇ ਪਿਤਾਮਾ ਪ੍ਰੋ. ਈਸ਼ਵਰ ਚੰਦਰ ਨੰਦਾ ਦੇ 132ਵੇਂ ਜਨਮ ਦਿਹਾੜੇ ਦੇ ਮੌਕੇ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਅਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਵੱਲੋਂ ਸਮਾਗਮ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਅਫਸਰ, ਐਲੀ ਰਮੇਸ਼ ਕੁਮਾਰ ਡਿਸਟ੍ਰਿਕ ਗਵਰਨਰ ਬਹੁ-ਰੰਗ ਕਲਾਮੰਚ ਦੇ ਸਰਪਰਸਤ ਡਾ. ਹਰਜਿੰਦਰ ਸਿੰਘ ਓਬਰਾਏ ਅਤੇ ਰੰਗ ਕਰਮੀ ਨਿਰਦੇਸ਼ਕ ਅਸ਼ੋਕ ਪੁਰੀ ਨੇ ਕੀਤੀ। ਸਮਾਗਮ ਦੇ ਸ਼ੁਰੂ ਵਿੱਚ ਐਲੀ ਰਮੇਸ਼ ਕੁਮਾਰ ਨੇ ਕਲੱਬ ਦੇ ਮੈਂਬਰਾਂ ਅਤੇ ਰੰਗਕਰਮੀਆਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਇਸ ਮੌਕੇ 1989 ਤੋਂ ਹੁਸ਼ਿਆਰਪੁਰ ਜ਼ਿਲ੍ਹੇ ਦੀ ਸ਼ਾਨ ਰੰਗਕ੍ਰਮੀ ਅਸ਼ੋਕ ਪੁਰੀ ਦੀ ਕਾਰਗੁਜ਼ਾਰੀ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫਸਰ ਜਸਵੰਤ ਰਾਏ ਨੇ ਪੰਜਾਬੀ ਨਾਟਕ 'ਚ ਪ੍ਰੋਫੈਸਰ ਈਸ਼ਵਰ ਚੰਦਰ ਨੰਦਾ ਦੀ ਦੇਣ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਜੋਗਿੰਦਰ ਬਾਹਰਲਾ ਅਤੇ ਚਰਨ ਦਾਸ ਸਿੱਧੂ ਦੀ ਕਾਰਗੁਜ਼ਾਰੀ ਨੂੰ ਯਾਦ ਕੀਤਾ। ਉਨ੍ਹਾਂ ਜੋਗਿੰਦਰ ਬਾਹਰਲਾ ਦੇ ਹੁਸ਼ਿਆਰਪੁਰ ਵਿੱਚ ਆਜ਼ਾਦੀ ਤੋਂ ਬਾਅਦ 1964 ਤੱਕ ਕੀਤੇ ਕੰਮ ਅਤੇ 1989 ਤੋਂ ਹੁਣ ਤੱਕ ਬਹੁ-ਰੰਗ ਕਲਾਮੰਚ ਦੇ ਨਿਰਦੇਸ਼ਕ ਅਸ਼ੋਕ ਪੁਰੀ ਅਤੇ ਸ਼ਰਨਜੀਤ ਕੌਰ, ਅਮ੍ਰਿਤ ਲਾਲ, ਗੁਰਬਿੰਦਰ ਸਿੰਘ, ਗੁਰਮੇਲ ਧਾਲੀਵਾਲ ਅਤੇ ਆਸ਼ਾ ਰਾਣੀ ਵਲੋਂ ਰੰਗਮੰਚ ਲਈ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ। ਨਾਟਕਕਾਰ ਅਸ਼ੋਕ ਪੁਰੀ ਨੇ ਦੱਸਿਆ ਕਿ ਆਜ਼ਾਦੀ ਤੋਂ ਪਹਿਲਾਂ ਪ੍ਰੋਫੈਸਰ ਈਸ਼ਵਰ ਚੰਦਰ ਨੰਦਾ ਤੋਂ ਬਾਅਦ ਪ੍ਰਿਥਵੀ ਰਾਜ ਕਪੂਰ, ਭੀਸ਼ਮ ਸਾਹਨੀ, ਬਲਵੰਤ ਗਾਰਗੀ, ਹਰਪਾਲ ਟਿਵਾਣਾ, ਸੁਦਰਸ਼ਨ ਮੈਣੀ, ਅਤੇ ਸਮਾਨਾਂਤਰ ਰਾਜਨੀਤਿਕ ਤੌਰ ਤੇ ਸੁਚੇਤ ਰੰਗਮੰਚ ਇਪਟਾ ਅਤੇ ਪਲਸ ਰੰਗਮੰਚ ਵਲੋਂ ਕੀਤੀਆਂ ਗਈਆ ਕਾਰਵਾਈਆਂ ਤੋਂ ਸੰਤੁਸ਼ਟੀ ਹੋਣ ਉਪਰੰਤ ਵੀ ਪੰਜਾਬੀ ਰੰਗਮੰਚ ਦੇ ਸਰਪਰਸਤਾਂ ਦੀ ਨਿਗਾਹ ਨੌਰਾ ਰਿਚਰਡ ਦੇ ਅੰਦਰੇਟੇ ਉਪਰ ਤਾਂ ਨਿਗਾਹ ਹੈ ਪਰ ਅਸੀਂ ਪੰਜਾਬੀ ਨਾਟਕ ਦੇ ਪਿਤਾਮਾ ਪ੍ਰੋ.ਆਈ ਸੀ ਨੰਦਾ ਦੇ ਪਿੰਡ ਗਾਂਧੀਆਂ ਨੂੰ ਭੁੱਲੀ ਬੈਠੇ ਹਾਂ। ਵਿੱਦਿਅਕ ਅਦਾਰਿਆਂ ਅਤੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਅਸੀਂ ਜੇਕਰ ਪੰਜਾਬੀ ਮਾਂ ਬੋਲੀ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਨਾਟਕ ਦੀਆਂ ਜੜ੍ਹਾਂ ਤੱਕ ਜਾਣਾ ਪਵੇਗਾ।

# ਹੈਰੋਇਨ, ਡਰੱਗ ਮਨੀ ਤੇ ਇਲੈਕਟ੍ਰੋਨਿਕ ਕੰਡੇ ਸਮੇਤ ਦੋ ਵਿਅਕਤੀ ਕਾਬੂ

**ਗੁਰਦਾਸਪੁਰ**, (**ਜਨਕ ਮਹਾਜਨ**)-ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਜੀਵਨ ਸਿੰਘ ਨੇ ਦੱਸਿਆ ਕਿ ਉਨ ਾਂ ਸਮੇਤ ਪੁਲਸ ਪਾਰਟੀ ਪੁਲੀ ਮੰਗਲ ਹੁਸੈਨ ਤੋਂ ਸਾਜਨ ਮਸੀਹ ਪੁੱਤਰ ਪ੍ਰਵੀਨ ਮਸੀਹ ਵਾਸੀ ਭੋਪਰ ਸੈਦਾ, ਜਸਵੰਤ ਸਿੰਘ ਜੱਸਾ ਪੁੱਤਰ ਕੇਵਲ ਸਿੰਘ ਜੋ ਕਲਾਨੌਰ ਸਾਇਡ ਵਲੋਂ ਆ ਰਹੇ ਸਨ, ਨੂੰ ਸ਼ੱਕ ਦੇ ਆਧਾਰ 'ਤੇ ਮੋਟਰਸਾਈਕਲ ਬਿਨਾਂ ਨੰਬਰੀ ਮਾਰਕਾ ਪਲਟੀਨਾ ਸਮੇਤ ਕਾਬੂ ਕੀਤਾ। ਉਕਤ ਵਿਅਕਤੀਆਂ ਪਾਸੋਂ ਨਸ਼ੀਲੇ ਪਦਾਰਥ ਦਾ ਸ਼ੱਕ ਹੋਣ ਤੇ ਥਾਣਾ ਸਦਰ ਗੁਰਦਾਸਪੁਰ ਵਿਖੇ ਇਤਲਾਹ ਮਿਲੀ ਜਿਸ 'ਤੇ ਤਫਤੀਸ਼ੀ ਅਫਸਰ ਏਐੱਸਆਈ ਕੁਲਦੀਪ ਸਿੰਘ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪੁੱਜ ਕੇ ਸਾਜਨ ਮਸੀਹ ਦੀ ਤਲਾਸ਼ੀ ਕੀਤੀ ਤਾਂ ਉਸ ਕੋਲੋਂ ਇਲੈਕਟਰੋਨਿਕ ਕੰਡਾ ਬ੍ਰਾਮਦ ਹੋਇਆ ਅਤੇ ਜਸਵੰਤ ਸਿੰਘ ਕੋਲੋਂ 60 ਗ੍ਰਾਮ ਹੈਰੋਇਨ ਅਤੇ 27 ਹਜ਼ਾਰ ਰੁਪਏ ਭਾਰਤੀ ਕਰੰਸੀ (ਡਰੱਗ ਮਨੀ) ਬਰਾਮਦ ਹੋਈ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਐਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# 'ਨਵਾਂ ਜ਼ਮਾਨਾ' 'ਚ ਛਪੀ ਖਬਰ ਦਾ ਅਸਰ, ਸੜਕ 'ਤੇ ਪਿਆ ਖੱਡਾ ਤੁਰੰਤ ਬੰਦ ਕਰਵਾਇਆ



**ਦੀਨਾਨਗਰ** (**ਬਲਵਿੰਦਰ ਸਿੰਘ ਬਿੱਲਾ**)

ਦੀਨਾਨਗਰ ਦੇ ਸ਼ਹਿਨਾਈ ਪੈਲੇਸ ਤੋਂ ਮਗਰਾਲਾ ਰੋਡ ਨੂੰ ਜਾਂਦੀ ਸੜਕ ਦੇ ਵਿਚਕਰ ਟੋਇਆ ਪਿਆ ਹੋਇਆ ਸੀ ਜਿਸ ਦੇ ਥੱਲਿਓਂ ਜ਼ਮੀਨ ਖਿਸਕ ਗਈ ਸੀ।ਇਸ ਮਸਲੇ ਦੀ ਖ਼ਬਰ 'ਨਵਾਂ ਜ਼ਮਾਨਾ' ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ ਜਿਸ ਤੋਂ ਬਾਅਦ ਅੱਜ ਦੁਪਹਿਰੇ ਨਗਰ ਕੌਂਸਲ ਦੇ ਪ੍ਰਧਾਨ ਨੀਟੂ ਚੌਹਾਨ ਹਰਕਤ ਵਿੱਚ ਆਏ ਅਤੇ ਜੇਸੀਬੀ ਦੀ ਮਦਦ ਨਾਲ ਖੱਡੇ ਦੀ ਮੁਰੰਮਤ ਕਰਵਾ ਕੇ ਉਸ ਨੂੰ ਬੰਦ ਕਰਵਾਇਆ ਗਿਆ।ਇਸ ਮੌਕੇ ਨਗਰ ਕੌਂਸਲ ਪ੍ਰਧਾਨ ਨੀਟੂ ਚੌਹਾਨ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਸੀਵਰੇਜ ਬੋਰਡ ਵਿਭਾਗ ਅਤੇ ਪੀਡਬਲਯੂਡੀ ਵਿਭਾਗ ਨਾਲ ਗੱਲਬਾਤ ਕੀਤੀ ਗਈ ਸੀ ਉਨ ਾਂ ਵੱਲੋਂ ਕੋਈ ਜਵਾਬ ਨਹੀਂ ਆਇਆ।ਉਨ ਾਂ ਕਿਹਾ ਕਿ ਖਬਰ ਪ੍ਰਕਾਸ਼ਿਤ ਹੋਣ ਤੇ ਖੱਡੇ ਨੂੰ ਦੇਖਣ ਤੋਂ ਬਾਅਦ ਨਗਰ ਕੌਂਸਲ ਦਾ ਪ੍ਰਧਾਨ ਹੋਣ ਦੇ ਨਾਤੇ ਇਸ ਖੱਡੇ ਦੀ ਮੁਰੰਮਤ ਕਰਵਾ ਕੇ ਇਸ ਨੂੰ ਪੂਰਿਆ ਗਿਆ ਹੈ।ਕੌਂਸਲ ਪ੍ਰਧਾਨ ਨੇ ਕਿਹਾ ਕਿ ਮੈ ਦੀਨਾਨਗਰ ਸ਼ਹਿਰ


ਸ਼ਹਿਨਾਈ ਪੈਲੇਸ ਤੋਂ ਮਗਰਾਲਾ ਨੂੰ ਜਾਂਦੀ ਸੜਕ ਥੱਲਿਓਂ ਖਿਸਕੀ ਜ਼ਮੀਨ, ਰਾਹਗੀਰਾਂ ਲਈ ਖਤਰਾ

ਦੇ ਲੋਕਾਂ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹਾਂ ਜਿੱਥੇ ਵੀ ਦੀਨਾਨਗਰ ਸ਼ਹਿਰ ਦੇ ਲੋਕਾਂ ਨੂੰ ਮੇਰੀ ਜ਼ਰੂਰਤ ਪੈਂਦੀ ਹੈ ਉਹ ਬੇਝਿਜਕ ਹੋ ਮੈਨੂੰ ਮੇਰੇ ਦਫਤਰ ਆ ਕੇ ਮਿਲ ਸਕਦੇ ਹਨ।ਉਨ ਾਂ ਕਿਹਾ ਕਿ ਸ਼ਹਿਨਾਈ ਪੈਲੇਸ ਤੋਂ ਮਗਰਾਲਾ ਵਾਲੀ ਸੜਕ ਨੂੰ ਚੰਗੇ ਢੰਗ ਨਾਲ ਠੀਕ ਕਰਵਾਉਣ ਲਈ ਸੀਵਰੇਜ ਵਿਭਾਗ ਅਤੇ ਪੀਡਬਲਯੂਡੀ ਵਿਭਾਗ ਨੂੰ ਚਿੱਠੀਆਂ ਕੱਢੀਆਂ ਜਾਣਗੀਆਂ। ਉਨ ਾਂ ਵਿਭਾਗਾਂ ਨੂੰ ਇਸ ਮਸਲੇ ਸਬੰਧੀ ਲਿਖਤੀ ਰੂਪ ਵਿੱਚ ਦੱਸਿਆ ਜਾਵੇਗਾ। ਜਿੱਥੇ ਦੀਨਾਨਗਰ ਨਗਰ ਕੌਂਸਲ ਦੀ ਲੋੜ ਹੋਵੇਗੀ ਓਥੇ ਉਨ ਾਂ ਵੱਲੋਂ ਵਿਭਾਗ ਨਾਲ ਮਿਲ ਕੇ ਇਸ ਰੋਡ ਦੀ ਜੋ ਵੀ ਸਮੱਸਿਆ ਹੋਵੇਗੀ, ਪਹਿਲ ਦੇ ਆਧਾਰ 'ਤੇ ਹੱਲ ਕੀਤੀ ਜਾਵੇਗੀ।

# ਕਨਿਸ਼ਕਾ ਕੁੰਡਲ ਨੇ ਅੰਡਰ-11 ਸ਼ਤਰੰਜ ਚੈਂਪੀਅਨਸ਼ਿਪ 'ਚ ਬਾਜ਼ੀ ਮਾਰੀ



**ਪਠਾਨਕੋਟ**, (**ਬਲਵਿੰਦਰ ਸਿੰਘ ਬਿੱਲਾ**)

ਸਕੂਲ ਸਿੱਖਿਆ ਵਿਭਾਗ ਵੱਲੋਂ ਜ਼ਿਲ ਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉਪ ਜ਼ਿਲ ਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ ਜ਼ਿਲ ਾ ਪੱਧਰੀ ਅੰਡਰ - 11 ਸ਼ਤਰੰਜ ਚੈਂਪੀਅਨਸ਼ਿਪ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਠਾਕੁਰਪੁਰ ਬਲਾਕ ਨਰੋਟ ਜੈਮਲ ਸਿੰਘ ਦੀ ਵਿਦਿਆਰਥਣ ਕਨਿਸ਼ਕਾ ਕੁੰਡਲ ਨੇ ਜ਼ਿਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰ ਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਸਟੇਟ ਐਵਾਰਡੀ ਹੈੱਡ ਟੀਚਰ ਰਾਕੇਸ਼ ਸੈਣੀ ਨੇ ਦੱਸਿਆ ਕਿ ਜ਼ਿਲ ਾ ਪੱਧਰੀ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਠਾਕੁਰਪੁਰ ਦੀ ਵਿਦਿਆਰਥਣ ਕਨਿਸ਼ਕਾ ਕੁੰਡਲ ਨੇ ਬਲਾਕ ਨਰੋਟ ਜੈਮਲ ਸਿੰਘ ਵੱਲੋਂ ਬੀਪੀਈਓ ਪੰਕਜ ਅਰੋੜਾ ਅਤੇ ਬਲਾਕ ਸਪੋਰਟਸ ਕੋਆਰਡੀਨੇਟਰ ਗੁਰਸ਼ਰਨਜੀਤ ਕੌਰ ਦੀ ਅਗਵਾਈ ਹੇਠ ਭਾਗ ਲਿਆ ਅਤੇ ਨਾਮੀ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰਾ ਕੇ ਜ਼ਿਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰ ਕੇ ਆਪਣੀ ਕੋਚ ਪੂਜਾ ਕਾਟਲ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਕਨਿਸ਼ਕਾ ਕੁੰਡਲ ਦੀ ਇਸ ਉਪਲਬਧੀ ਤੇ ਸਕੂਲ ਸਟਾਫ਼ ਅਤੇ ਐੱਸਐੱਮਸੀ ਕਮੇਟੀ ਮੈਂਬਰਾਂ ਵੱਲੋਂ ਉਸ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਰਾਕੇਸ਼ ਸੈਣੀ ਨੇ ਦੱਸਿਆ ਕਿ ਕਨਿਸ਼ਕਾ ਕੁੰਡਲ ਹੁਣ ਰਾਜ ਪੱਧਰੀ ਮੁਕਾਬਲਿਆਂ ਵਿੱਚ ਜ਼ਿਲ ਾ ਪਠਾਨਕੋਟ ਦੀ ਅਗਵਾਈ ਕਰੇਗੀ।ਇਸ ਮੌਕੇ ਪਰਮਜੀਤ ਕੌਰ, ਰਾਧਾ ਰਾਣੀ, ਸੁਦੇਸ਼ ਕੁਮਾਰੀ, ਰੇਨੂੰ ਬਾਲਾ, ਸੁਨੈਨਾ ਆਦਿ ਹਾਜ਼ਰ ਸਨ।

# ਸੰਦੀਪ ਠਾਕੁਰ ਹਵੇਲੀ ਦੇ ਸਰਬਸੰਮਤੀ ਨਾਲ ਸਰਪੰਚ ਬਣੇ

**ਦੀਨਾਨਗਰ** (**ਬਲਵਿੰਦਰ ਸਿੰਘ ਬਿੱਲਾ**)-ਭਾਜਪਾ ਦੇ ਸੰਦੀਪ ਠਾਕੁਰ ਨੂੰ ਸਰਬਸੰਮਤੀ ਨਾਲ ਪਿੰਡ ਹਵੇਲੀ ਦਾ ਸਰਪੰਚ ਚੁਣੇ ਜਾਣ ਤੇ ਦੀਨਾਨਗਰ ਤੋਂ ਭਾਜਪਾ ਸੀਨੀਅਰ ਨੇਤਾ ਵਿੰਨੇ ਚੌਧਰੀ ਬਬਲੀ ਨੇ ਪਿੰਡ ਹਵੇਲੀ ਦੇ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ ਾਂ ਕਿਹਾ ਕਿ ਸੰਦੀਪ ਠਾਕੁਰ ਬਹੁਤ ਹੀ ਨੇਕ ਦਿਲ ਅਤੇ ਠੰਡੇ ਸੁਭਾ ਦੇ ਇਨਸਾਨ ਹਨ ਉਹ ਹਮੇਸ਼ਾ ਜ਼ਰੂਰਤਮੰਦ ਇਨਸਾਨਾਂ ਨਾਲ ਮੋਢੇ ਨਾਲ ਮੋਢੇ ਜੋੜ ਕੇ ਖੜੇ ਹੁੰਦੇ ਹਨ ਅਤੇ ਕਿਸੇ ਵੀ ਇਨਸਾਨ ਨਾਲ ਪੱਖਪਾਤ ਨਹੀਂ ਕਰਦੇ।ਉਹ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਪਹਿਲਾ ਭਾਜਪਾ ਵਲੋ ਦੀਨਾਨਗਰ ਸ਼ਹਿਰ ਦੇ ਤਿੰਨ ਵਾਰ ਮੰਡਲ ਪ੍ਰਧਾਨ ਰਹਿ ਚੁੱਕੇ ਹਨ। ਅੱਗੇ ਗੱਲਬਾਤ ਕਰਦਿਆ ਭਾਜਪਾ ਦੇ ਸੀਨੀਅਰ ਨੇਤਾ ਵਿੰਨੇ ਚੌਧਰੀ ਨੇ ਕਿਹਾ ਕਿ ਪਿੰਡ ਹਵੇਲੀ ਦੇ ਲੋਕ ਬਹੁਤ ਸਮੇਂ ਤੋਂ ਇਕ ਚੰਗੇ ਲੀਡਰ ਦੀ ਤਲਾਸ਼ ਵਿੱਚ ਸਨ ਜੋ ਇਮਾਨਦਾਰੀ ਅਤੇ ਸੂਝਬੂਝ ਦੇ ਨਾਲ ਚੰਗੇ ਢੰਗ ਨਾਲ ਪਿੰਡ ਦਾ ਵਿਕਾਸ ਕਰਵਾਉਣ ਵਿੱਚ ਦਿਲਚਸਪੀ ਰਖਦਾ ਹੋਵੇ। ਪਿੰਡ ਹਵੇਲੀ ਦੇ ਲੋਕਾਂ ਸੰਦੀਪ ਠਾਕੁਰ ਦੀ ਇਮਾਨਦਾਰੀ ਨੂੰ ਦੇਖ ਕੇ ਇਸ ਵਾਰ ਪਿੰਡ ਦਾ ਸਰਪੰਚ ਨਿਯੁਕਤ ਕਰ ਕੇ ਮਿਸਾਲ ਕਾਇਮ ਕਰ ਦਿੱਤੀ ਹੈ।



## ਮਾਲਾਬਾਰ ਗਰੁੱਪ ਵੱਲੋਂ 21,000 ਤੋਂ ਵੱਧ ਲੜਕੀਆਂ ਲਈ ਵਜ਼ੀਫ਼ੇ ਦਾ ਐਲਾਨ

**ਚੰਡੀਗੜ** : ਮਾਲਾਬਾਰ ਗਰੁੱਪ ਇੱਕ ਪ੍ਰਮੁੱਖ ਡਾਈਵਰਸੀਫਾਈਡ ਭਾਰਤੀ ਵਪਾਰਕ ਸਮੂਹ ਅਤੇ ਮਾਲਾਬਾਰ ਗੋਲਡ ਐਂਡ ਡਾਇਮੰਡਸ ਦੀ ਮੂਲ ਕੰਪਨੀ ਨੇ ਭਾਰਤ ਡਾਇਮੰਡ ਬੋਰਸ, ਬੀਕੇਸੀ ਮੁੰਬਈ ਵਿਖੇ ਇੱਕ ਸਮਾਗਮ ਵਿੱਚ 2024 ਲਈ ਆਪਣੇ ਰਾਸ਼ਟਰੀ ਸਕਾਲਰਸ਼ਿਪ ਪ੍ਰੋਗਰਾਮ ਦੀ ਘੋਸ਼ਣਾ ਕੀਤੀ ਹੈ।ਇਹ ਘੋਸ਼ਣਾ ਗਰੁੱਪ ਦੀ ਫਲੈਗਸ਼ਿਪ ਸੀਐਸਆਰ ਪਹਿਲਕਦਮੀ, ਮਾਲਾਬਾਰ ਨੈਸ਼ਨਲ ਸਕਾਲਰਸ਼ਿਪ ਪ੍ਰੋਗਰਾਮ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਦੀ ਪ੍ਰਤੀਕ ਹੈ,ਜੋ ਲੜਕੀਆਂ ਦੀ ਸਿੱਖਿਆ ਨੂੰ ਵਧਾਉਣ ਲਈ ਕੰਪਨੀ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਇਸ ਸਮਾਗਮ ਦਾ ਉਦਘਾਟਨ ਮਾਨਯੋਗ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕੀਤਾ।ਐੱਮ. ਪੀ. ਅਹਿਮਦ, (ਚੇਅਰਮੈਨ-ਮਾਲਾਬਾਰ ਗਰੁੱਪ), ਅਸ਼ਰ ਓ (ਐੱਮਡੀ - ਇੰਡੀਆ ਓਪਰੇਸ਼ਨਜ਼-ਮਾਲਾਬਾਰ ਗਰੁੱਪ) ਅਤੇ ਅਬਦੁਲ ਸਲਾਮ ਕੇ ਪੀ (ਵਾਈਸ-ਚੇਅਰਮੈਨ-ਮਾਲਾਬਾਰ ਗਰੁੱਪ) ਸਮੇਤ ਇਸ ਗਰੁਪ ਦੀ ਚੋਟੀ ਦੀ ਲੀਡਰਸ਼ਿਪ ਇਸ ਸਮਾਗਮ ਵਿੱਚ ਮੌਜੂਦ ਸੀ।ਇਸ ਸਾਲ, ਇਸ ਵਜ਼ੀਫ਼ਾ ਪ੍ਰੋਗਰਾਮ ਨੇ ਪੂਰੇ ਭਾਰਤ ਵਿੱਚ 21,000 ਤੋਂ ਵੱਧ ਲੜਕੀਆਂ ਦੀ ਸਿੱਖਿਆ ਨੂੰ ਸਮਰਥਨ ਦੇਣ ਲਈ 16 ਕਰੋੜ ਰੁਪਏ ਅਲਾਟ ਕੀਤੇ ਹਨ।

# ਸੁੱਚਾ ਸਿੰਘ ਦਿਓਲ ਲੰਗਾਹ ਜੱਟਾਂ ਦੇ ਸਰਬਸੰਮਤੀ ਨਾਲ ਸਰਪੰਚ ਬਣੇ

**ਧਾਰੀਵਾਲ**, (**ਮਨਦੀਪ ਸਿੰਘ ਵਿੱਕੀ**)

ਪੰਚਾਇਤੀ ਚੋਣਾਂ ਲੜਨ ਵਾਲੇ ਸਰਪੰਚ ਅਤੇ ਪੰਚ ਦੇ ਚਾਹਵਾਨ ਉਮੀਦਵਾਰਾਂ ਵੱਲੋਂ ਜਿਥੇ ਆਪਣੇ ਸਮਰਥਕਾਂ ਨਾਲ ਆਪੋ ਆਪਣੇ ਪਿੰਡਾਂ ਵਿੱਚ ਘਰ-ਘਰ ਜਾ ਕੇ ਆਪਣੇ ਹੱਕ ਵਿੱਚ ਵੋਟਾਂ ਪੱਕੀਆਂ ਕਰਨ ਦਾ ਸਿਲਸਲਾ ਸ਼ੁਰੂ ਕਰ ਦਿੱਤਾ ਹੈ, ਉਥੇ ਬਲਾਕ ਗੁਰਦਾਸਪੁਰ ਦੇ ਇਥੋਂ ਨਜ਼ਦੀਕੀ ਪਿੰਡ ਲੰਗਾਹ ਜੱਟਾਂ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਫਰਜ਼ੰਦ ਸੁਖਜਿੰਦਰ ਸਿੰਘ ਸੋਨੂੰ ਲੰਗਾਹ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਮੁੱਖ ਸੇਵਾਦਾਰ ਦੀ ਅਗਵਾਈ ਹੇਠ ਇਕੱਤਰ ਹੋਏ ਸਮੂਹ ਪਿੰਡ ਵਾਸੀਆਂ ਵੱਲੋਂ ਪਿੰਡ ਦੇ ਨਵੇਂ ਸਰਪੰਚ ਸੁੱਚਾ ਸਿੰਘ ਦਿਓਲ ਦੀ ਸਰਬਸੰਮਤੀ ਨਾਲ ਚੋਣ ਕਰ ਲਈ ਹੈ। ਸੁਖਜਿੰਦਰ ਸਿੰਘ ਸੋਨੂੰ ਲੰਗਾਹ ਨੇ ਦੱਸਿਆ ਕਿ ਪਿੰਡ ਲੰਗਾਹ ਦੇ ਸਰਪੰਚ ਸੁੱਚਾ ਸਿੰਘ ਦੀ ਸਰਬਸੰਮਤੀ ਨਾਲ ਚੋਣ ਪਿੰਡ ਵਾਸੀਆਂ ਅਤੇ ਪਿਛਲੀਆਂ ਚਾਰ ਟਰਮਾਂ ਦੇ ਵੱਖ-ਵੱਖ ਸਿਆਸੀਆਂ ਪਾਰਟੀਆਂ ਨਾਲ ਸਬੰਧਿਤ ਪਿੰਡ ਸਾਬਕਾ ਸਰਪੰਚਾਂ ਅਤੇ ਪੰਚਾਂ ਵਲੋਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਕੀਤੀ ਗਈ ਹੈ। ਪਿੰਡ ਦੇ ਪੰਚਾਂ ਦੀ ਚੋਣ ਹੋਣੀ ਬਾਕੀ ਹੈ। ਪੰਚਾਂ ਦੀ ਚੋਣ ਵੀ ਸਰਬਸੰਮਤੀ ਨਾਲ ਕਰਨ ਲਈ ਜਲਦ ਸਮੂਹ ਪਿੰਡ ਵਾਸੀਆਂ ਦੀ ਮੀਟਿੰਗ ਹੋਵੇਗੀ। ਸਰਬਸੰਮਤੀ ਨਾਲ ਚੁਣੇ ਸਰਪੰਚ ਸੁੱਚਾ ਸਿੰਘ ਦਿਓਲ ਨੇ ਸਮੂਹ ਪਿੰਡ ਵਾਸੀਆਂ ਦਾ ਧੰਨਵਾਦ



ਕਰਦਿਆਂ ਕਿਹਾ ਕਿ ਉਹ ਪਿੰਡ ਵਾਸੀਆਂ ਦੀਆਂ ਉਮੀਦਾਂ 'ਤੇ ਪੂਰਾ ਉਤਰਨਗੇ। ਇਸ ਮੌਕੇ ਸਾਬਕਾ ਸਰਪੰਚ ਬਲਵਿੰਦਰ ਸਿੰਘ, ਸਾਬਕਾ ਸਰਪੰਚ ਸੁਖਜਿੰਦਰ ਸਿੰਘ, ਹਰਜੀਤ ਸਿੰਘ ਲੰਗਾਹ, ਮੋਹਨ ਸਿੰਘ ਲੰਗਾਹ, ਕੁਲਦੀਪ ਸਿੰਘ, ਗੁਰਮੀਤ ਸਿੰਘ, ਕਲਵੰਤਸਿੰਘ, ਬਾਬਾ ਬਲਵੰਤ ਸਿੰਘ, ਹਰਜਿੰਦਰ ਸਿੰਘ, ਮਾਸਟਰ ਸੁਰਜੀਤ ਸਿੰਘ, ਰਣਜੋਧ ਸਿੰਘ ਨੰਬਰਦਾਰ, ਸਰਵਣ ਸਿੰਘ, ਫਕੀਰ ਸਿੰਘ, ਗੁਰਮਿੰਦਰ ਸਿੰਘ ਲਾਡੀ, ਬਾਬਾ ਗੁਰਪਾਲ ਸਿੰਘ, ਸ਼ਰਨਜੀਤ ਸਿੰਘ, ਬਾਬਾ ਜੋਗਿੰਦਰ ਸਿੰਘ, ਗੁਲਜ਼ਾਰ ਸਿੰਘ, ਰੋਮਨ ਮਸੀਹ, ਤੇਜੂ ਮਸੀਹ, ਸਦੀਕ ਮਸੀਹ ਆਦਿ ਸਣੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

# ਝੋਨੇ ਦੀ ਫਸਲ ਦੀ ਰਹਿੰਦ ਖੂੰਹਦ ਨੂੰ ਸਾੜਨ 'ਤੇ ਪੂਰਨ ਤੌਰ 'ਤੇ ਪਾਬੰਦੀ

**ਮੋਹਾਲੀ**, (**ਗੁਰਜੀਤ ਬਿੱਲਾ**)- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀਮਤੀ ਆਸ਼ਿਕਾ ਜੈਨ ਨੇ ਇੱਥੇ ਕਿਹਾ ਕਿ ਝੋਨੇ ਦੀ ਕਟਾਈ ਦਾ ਸੀਜ਼ਨ ਜਲਦ ਹੀ ਸ਼ੁਰੂ ਹੋ ਹੋ ਰਿਹਾ ਹੈ, ਜਿਸ ਦੌਰਾਨ ਫਸਲ ਦੀ ਕਟਾਈ ਲਈ ਰਾਤ ਨੂੰ ਕੰਬਾਈਨਾਂ ਚਲਾਉਣ ਨਾਲ ਹਾਦਸੇ ਵਾਪਰਨ ਦਾ ਖਤਰਾ ਵੱਧ ਜਾਂਦਾ ਹੈ।ਇਸ ਤੋਂ ਇਲਾਵਾ ਝੋਨੇ ਦੀ ਫਸਲ ਤੇ ਰਾਤ ਨੂੰ ਤਰੇਲ ਪੈਣ ਅਤੇ ਬੇਮੌਸਮੀ ਬਰਸਾਤ ਕਾਰਨ ਝੋਨਾ ਸਿੱਲਾ ਹੋ ਜਾਂਦਾ ਹੈ।ਇਹ ਕੰਬਾਈਨਾਂ ਜਦੋਂ ਰਾਤ ਵੇਲੇ ਝੋਨੇ ਦੀ ਕਟਾਈ ਕਰਦੀਆਂ ਹਨ ਤਾਂ ਜਿਹੜੀ ਫਸਲ ਚੰਗੀ ਤਰ੍ਹਾਂ ਸੁੱਕੀ ਨਹੀਂ ਹੁੰਦੀ ਭਾਵ ਦਾਣਾ ਕੱਚਾ ਅਤੇ ਹਰਾ ਹੁੰਦਾ ਹੈ ਅਤੇ ਅਜਿਹਾ ਕਰਨ ਨਾਲ ਝੋਨੇ ਵਿੱਚ ਵੱਧ ਨਮੀ ਹੋਣ ਕਾਰਨ ਸਿੱਧਾ ਨੁਕਸਾਨ ਕਿਸਾਨਾਂ ਨੂੰ ਹੁੰਦਾ ਹੈ ਅਤੇ ਉਸ ਦਾ ਦੇਸ਼ ਦੇ ਉਤਪਾਦਨ ਤੇ ਵੀ ਅਸਰ ਪੈਂਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਦੇ ਧਿਆਨ 'ਚ ਇਹ ਵੀ ਆਇਆ ਹੈ ਕਿ ਝੋਨੇ ਦੀ ਕਟਾਈ ਤੋਂ ਬਾਅਦ ਕਿਸਾਨਾਂ ਵੱਲੋਂ ਇਸ ਦੀ ਰਹਿੰਦ ਨੂੰ ਅੱਗ ਲਗਾ ਕੇ ਸਾੜਿਆ ਜਾਂਦਾ ਹੈ, ਜਿਸ ਦੇ ਫਲਸਰੂਪ ਇਸ ਵਿੱਚੋਂ ਨਿਕਲਣ ਵਾਲੀਆਂ ਗੈਸਾਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਮਿੱਟੀ ਦੀ ਉਪਜਾਊ ਤਾਕਤ ਦਾ ਨੁਕਸਾਨ ਵੀ ਹੁੰਦਾ ਹੈ। ਇਸ ਸਬੰਧ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 10138/06 ਕੈਪਟਨ ਸਰਬਜੀਤ ਸਿੰਘ ਬਨਾਮ ਪੰਜਾਬ ਸਰਕਾਰ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਹੁਕਮਾਂ ਦੀ ਪਾਲਣਾ ਅਧੀਨ ਬਣਾਈ ਗਈ ਕਮੇਟੀ ਦੀ ਸਿਫਾਰਿਸ਼ ਲਾਗੂ ਕਰਨ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਝੋਨੇ ਦੀ ਕਟਾਈ ਤੋਂ ਬਾਅਦ ਫਸਲਾਂ ਦੀ ਰਹਿੰਦ ਨੂੰ ਸਾੜਨ 'ਤੇ ਪਾਬੰਦੀ ਲਗਾਈ ਜਾਵੇ।

# ਏਕਮਨੂਰ ਸਿੰਘ ਨੇ ਜ਼ਿਲਾ ਪੱਧਰੀ ਖੇਡਾਂ 'ਚ ਗੋਲਡ ਮੈਡਲ ਜਿੱਤਿਆ



**ਤਰਨ ਤਾਰਨ** (**ਪ੍ਰਿਤਪਾਲ ਸਿੰਘ**)

ਕਾਰ ਸੇਵਾ ਬਾਬਾ ਜਗਤਾਰ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਦੀ ਰਹਿਨੁਮਾਈ ਹੇਠ ਚਲਾਈ ਜਾ ਰਹੀ ਗੁਰੂ ਨਾਨਕ ਦੇਵ ਅਕੈਡਮੀ ਤਰਨ ਤਾਰਨ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3 ਦੀਆਂ ਖੇਡਾਂ ਜ਼ਿਲ ਾ ਖੇਡ ਅਫਸਰ ਮੈਡਮ ਸਤਵੰਤ ਕੌਰ ਦੀ ਨਿਗਰਾਨੀ ਹੇਠ ਜ਼ਿਲ ਾ ਪੱਧਰੀ ਬਾਕਸਿੰਗ ਟੂਰਨਾਮੈਂਟ ਮਲਟੀਪਰਪਜ਼ ਸਟੇਡੀਅਮ ਪੁਲਸ ਲਾਈਨ ਤਰਨ ਤਾਰਨ ਵਿਖੇ ਕਰਵਾਇਆ ਗਿਆ। ਜ਼ਿਲ ਾ ਪੱਧਰੀ ਟੂਰਨਾਮੈਂਟ ਵਿੱਚ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਨੇ ਭਾਗ ਲਿਆ ਜਿਸ ਵਿੱਚ ਸੱਤਵੀਂ ਕਲਾਸ ਦੇ ਵਿਦਿਆਰਥੀ ਏਕਮਨੂਰ ਸਿੰਘ ਨੇ ਅੰਡਰ-14 ਵਿੱਚ ਸਾਰੇ ਤਰਨ ਤਾਰਨ ਜ਼ਿਲੇ ਵਿੱਚੋਂ ਗੋਲਡ ਮੈਡਲ ਪ੍ਰਾਪਤ ਕੀਤਾ।ਮੁਕਾਬਲਿਆਂ ਵਿੱਚ ਤਰਨ ਤਾਰਨ ਦੇ ਵੱਖ-ਵੱਖ ਸਕੂਲਾਂ ਵੱਲੋ ਭਾਗ ਲਿਆ ਗਿਆ ਅਤੇ ਖੇਡਾਂ ਨੂੰ ਪ੍ਰਫੁੱਲਤ ਕੀਤਾ ।ਸਕੂਲ ਦੇ ਪ੍ਰਿੰਸੀਪਲ ਮੈਡਮ ਜਸਪਾਲ ਕੌਰ ਸਿੱਧੂ, ਡੀ. ਪੀ. ਈ. ਗੁਰਪ੍ਰੀਤ ਸਿੰਘ, ਡੀ. ਪੀ. ਈ. ਗੁਰਪ੍ਰਤਾਪ ਸਿੰਘ, ਡੀ. ਪੀ. ਈ. ਗਗਨਦੀਪ ਸਿੰਘ ਅਤੇ ਬੱਚੇ ਦੇ ਪਿਤਾ ਪ੍ਰਭਜੀਤ ਸਿੰਘ ਅਤੇ ਮਾਤਾ ਸ਼ਰਨਜੀਤ ਕੌਰ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਖੇਡਾਂ ਵਿੱਚ ਹੋਰ ਵੱਧ-ਚੜ ਕੇ ਹਿੱਸਾ ਲੈਣ ਲਈ ਪ੍ਰੇਰਿਆ।

# ਅਸਲਾ ਧਾਰਕ ਆਪਣਾ ਅਸਲਾ ਤੁਰੰਤ ਜਮ੍ਹਾ ਕਰਵਾਉਣ : ਡੀ ਐੱਸ ਪੀ

**ਬੁਤਾਲਾ** (**ਨਿਰਮਲ ਸਿੰਘ ਸੰਘਾ**)-ਡੀ. ਐੱਸ. ਪੀ. ਬਾਬਾ ਬਕਾਲਾ ਸਾਹਿਬ ਅਰੁਣ ਸ਼ਰਮਾ ਨੇ ਪੰਚਾਇਤੀ ਚੋਣਾਂ ਦੇ ਮੱਦੇਨਜ਼ਰ, ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪਿੰਡਾਂ ਦੇ ਸਮੂਹ ਅਸਲਾ ਧਾਰਕ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਲਾਇਸੰਸੀ ਹਥਿਆਰ ਤੁਰੰਤ ਸੰਬੰਧਿਤ ਥਾਣਿਆਂ 'ਚ ਜਮ ਾ ਕਰਵਾ ਦੇਣ।ਉਨ ਾਂ ਨੇ ਕਿਹਾ ਕਿ ਅਸਲਾ ਜਮ ਾ ਨਾ ਕਰਵਾਉਣ ਵਾਲੇ ਵਿਅਕਤੀਆਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ ਾਂ ਨੇ ਕਿਹਾ ਕਿ ਅਸੀਂ ਪੁਲਸ ਪ੍ਰਸ਼ਾਸਨ ਲੋਕਾਂ ਦੇ ਸਹਿਯੋਗ ਨਾਲ ਚੋਣਾਂ ਅਮਨ-ਅਮਾਨ ਨਾਲ ਕਰਵਾਉਣ ਲਈ ਵਚਨਬੱਧ ਹਾਂ। ਇਸ ਮੌਕੇ ਐੱਸ. ਐੱਚ. ਓ. ਥਾਣਾ ਬਿਆਸ ਗਗਨਦੀਪ ਸਿੰਘ, ਐੱਸ. ਐੱਚ. ਓ. ਖਲਚੀਆਂ ਸਰਦੂਲ ਸਿੰਘ, ਸਬ ਇੰਸਪੈਕਟਰ, ਤੇਜਿੰਦਰ ਸਿੰਘ ਚੌਕੀ ਇੰਚਾਰਜ ਬਾਬਾ ਬਕਾਲਾ ਸਾਹਿਬ, ਚਰਨਕੰਵਲਬੀਰ ਸਿੰਘ ਰੀਡਰ ਡੀ. ਐੱਸ. ਪੀ, ਏ. ਐੱਸ. ਆਈ. ਹਰਪਾਲ ਸਿੰਘ ਵੀ ਮੌਜੂਦ ਸਨ।

## ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ 'ਚ ਮਾਮਲਾ

**ਗੁਰਦਾਸਪੁਰ**, (**ਜਨਕ ਮਹਾਜਨ**)-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਮਾਣਯੋਗ ਅਦਾਲਤ ਰਮਨ ਗੋਕਲਾਨੀ ਜੱਜ ਸਪੈਸ਼ਲ ਕੋਰਟ ਗੁਰਦਾਸਪੁਰ ਵਿਖੇ ਪੇਸ਼ ਨਾ ਹੋ ਕੇ ਬਲਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਡਰੀਮ ਲੈਂਡ ਕਲੋਨੀ ਸਿਵਲ ਲਾਇਨ ਬਟਾਲਾ ਨੇ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਜ਼ੇਰੇ ਧਾਰਾ 174 ਏ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਪੀਰ ਬਾਬਾ ਜਿੰਦੇ ਸ਼ਾਹ ਮਦਾਰ ਦੀ ਦਰਗਾਹ 'ਤੇ ਲੱਗਾ 13ਵਾਂ ਸੱਭਿਆਚਾਰਕ ਮੇਲਾ



**ਅਜਨਾਲਾ**, (**ਸੁਖਤਿੰਦਰ ਸਿੰਘ ਰਾਜੂ**)

ਬੀਤੀ ਰਾਤ ਸਥਾਨਕ ਸ਼ਹਿਰ ਅਜਨਾਲਾ ਵਿਖੇ ਹਜ਼ਰਤ ਸਰਕਾਰ ਪੀਰ ਬਾਬਾ ਜਿੰਦੇ ਸ਼ਾਹ ਮਦਾਰ ਜੀ ਦੀ ਦਰਗਾਹ ਤੇ ਸਾਲਾਨਾ 13ਵਾਂ ਸੱਭਿਆਚਾਰਕ ਮੇਲਾ ਅਜਨਾਲਾ ਦੀ ਸਮੂਹ ਸੰਗਤ ਤੇ ਮੇਲਾ ਕਮੇਟੀ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਧੂਮ ਧਾਮ ਨਾਲ ਮਨਾਇਆ ਗਿਆ! ਇਸ ਮੇਲੇ ਦੀ ਸ਼ੁਰੂਆਤ ਸਮੂਹ ਮੇਲੇ ਕਮੇਟੀ ਵੱਲੋਂ ਮਹਿੰਦੀ ਡੋਰੀ ਦੀ ਰਸਮ ਅਦਾ ਕਰਨ ਤੋਂ ਬਾਅਦ ਪੀਰ ਬਾਬਾ ਜਿੰਦੇ ਸ਼ਾਹ ਮਦਾਰ ਜੀ ਦੀ ਦਰਗਾਹ ਦੇ ਚਾਦਰ ਚੜ ਾਉਣ ਦੀ ਰਸਮ ਨਾਲ ਕੀਤੀ ਗਈ, ਜਿਸ ਤੋਂ ਬਾਅਦ ਖੁੱਲੇ ਅਖਾੜੇ ਦੌਰਾਨ ਪੰਜਾਬ ਲੋਕ ਗਾਇਕ ਕੌਸ਼ਲਦੀਪ ਅਤੇ ਜੀ ਖਾਨ ਨੇ ਸਾਰੀ ਰਾਤ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਮੇਲਾ ਦੇਖਣ ਆਏ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ! ਇਸ ਮੌਕੇ ਮੇਲੇ ਰਾਜੇਸ਼ ਕੁਮਾਰ ਅਤੇ ਸੰਨੀ ਗੱਗੋਮਾਹਲ ਸਮੇਤ ਸਮੂਹ ਕੇਮਟੀ ਮੈਂਬਰਾਂ ਵੱਲੋ ਕਲਾਕਾਰਾਂ ਤੇ ਹੋਰ ਵੱਖ-ਵੱਖ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਤੇ ਬਾਬਾ ਜੀ ਦੇ ਨਾਂਅ 'ਤੇ ਅਤੁੱਟ ਲੰਗਰ ਲਗਾਏ ਗਏ। ਇਸ ਮੌਕੇ ਯੂਥ ਆਗੂ ਖੁਸ਼ਪਾਲ ਸਿੰਘ ਧਾਲੀਵਾਲ, ਸ਼ਹਿਰੀ ਪ੍ਰਧਾਨ ਅਮਿਤ ਔਲ, ਅਮਿਤ ਪੁਰੀ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਅਜੇ ਕੁਮਾਰ, ਦੀਪਕ ਭੱਟੀ ਤੋਂ ਇਲਾਵਾ ਰਾਜੇਸ਼ ਕੁਮਾਰ, ਸੰਨੀ ਗੱਗੋਮਾਹਲ, ਵਿੱਕੀ ਸ਼ਰਮਾ, ਰਾਜੇਸ਼ ਕੁਮਾਰ, ਅੰਕੁ ਸ਼ਰਮਾ, ਇੰਦਰਜੀਤ ਸਿੰਘ, ਸੋਨਾ, ਹੀਰਾ ਅਤੇ ਰਾਹੁਲ ਆਦਿ ਹਾਜ਼ਰ ਸਨ।

# ਕੇਂਦਰੀ ਜੇਲ ਗੁਰਦਾਸਪੁਰ 'ਚੋਂ ਮਿਲਿਆ ਲਾਵਾਰਿਸ ਮੋਬਾਇਲ, ਮਾਮਲਾ ਦਰਜ

**ਗੁਰਦਾਸਪੁਰ**, (**ਜਨਕ ਮਹਾਜਨ**)-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਸੁਪਰਡੈਂਟ ਕੇਂਦਰੀ ਜੇਲ ਗੁਰਦਾਸਪੁਰ ਦਫਤਰ ਦੇ ਪੱਤਰ ਨੰਬਰ 7628 ਮਿਤੀ 27 ਸਤੰਬਰ ਦੇ ਆਧਾਰ 'ਤੇ ਇਹ ਮਾਮਲਾ ਦਰਜ ਕੀਤਾ ਹੈ। ਉਨ ਾਂ ਦੱਸਿਆ ਕਿ 27 ਸਤੰਬਰ ਨੂੰ ਜੇਲ ਸਟਾਫ ਵਲੋਂ ਬੈਰਕ ਨੰਬਰ 03 ਦੀ ਤਲਾਸ਼ੀ ਕੀਤੀ ਗਈ ਤਾਂ ਬੈਰਕ ਨੰ:03 ਦੇ ਬਾਹਰਲੇ ਬਾਥਰੂਮ ਦੇ ਟਾਇਲਟ ਨੰਬਰ 04 ਦੀ ਸੀਟ ਵਿਚੋਂ ਇੱਕ ਲਾਵਾਰਿਸ ਮੋਬਾਇਲ ਫੋਨ ਕੀ-ਪੈਡ ਵਾਲਾ ਸਮੇਤ ਬੈਟਰੀ ਅਤੇ ਚਾਰਜਿੰਗ ਲੀਡ ਬ੍ਰਾਮਦ ਹੋਇਆ ਹੈ। ਥਾਣਾ ਸਿਟੀ ਪੁਲਸ ਨੇ ਨਾ-ਮਾਲੂਮ ਵਿਅਕਤੀ ਖ਼ਿਲਾਫ ਜ਼ੇਰੇ ਧਾਰਾ 52 ਏ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ 'ਚ ਖੇਡਾਂ 20 ਤੋਂ 25 ਨਵੰਬਰ ਤੱਕ

**ਗੁਰਦਾਸਪੁਰ**, (**ਜਨਕ ਮਹਾਜਨ**)

ਸਹਾਇਕ ਡਾਇਰੈਕਟਰ ਸਪੋਰਟਸ ਪੰਜਾਬ ਵੱਲੋਂ ਪਹਿਲੀ ਵਾਰ ਪੈਰਾ ਖੇਡਾਂ ਨੂੰ 'ਖੇਡਾਂ ਵਤਨ ਪੰਜਾਬ' ਦੀਆਂ' ਵਿੱਚ ਸ਼ਾਮਿਲ ਕੀਤਾ ਗਿਆ ਹੈ ਅਤੇ ਇਹ ਖੇਡਾਂ 20 ਨਵੰਬਰ ਤੋਂ ਲੈ ਕੇ 25 ਨਵੰਬਰ 2024 ਤੱਕ ਜ਼ਿਲ ਾ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਕਰਵਾਈਆਂ ਜਾਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਕਿਰਤਪ੍ਰੀਤ ਕੌਰ, ਜ਼ਿਲ ਾ ਸਮਾਜਿਕ ਸੁਰੱਖਿਆ ਅਫਸਰ, ਗੁਰਦਾਸਪੁਰ ਨੇ ਦੱਸਿਆ ਕਿ ਇਨ ਾਂ ਖੇਡਾਂ ਵਿੱਚ ਪੈਰਾ ਐਥਲੈਟਿਕਸ, ਪੈਰਾ ਬੈਡਮਿੰਟਨ ਅਤੇ ਪੈਰਾ ਪਾਵਰ ਲਿਫਟਿੰਗ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਹਰ ਇੱਕ ਚਾਹਵਾਨ ਦਿਵਿਆਂਗਜਨ ਜੋ ਕਿ ਅੰਡਰ -15 ਅਤੇ 15 ਤੋਂ ਵੱਧ ਸਾਲ ਦੀ ਉਮਰ ਦਾ ਹੈ, ਇਨ ਾਂ ਖੇਡਾਂ ਵਿੱਚ ਭਾਗ ਲੈ ਸਕਦਾ ਹੈ।ਇਨ ਾਂ ਖੇਡਾਂ ਵਿੱਚ ਭਾਗ ਲੈਣ ਲਈ ਚਾਹਵਾਨ ਦਿਵਿਆਂਗਜਨ ਆਪਣਾ ਬਿਨੈ ਪੱਤਰ ਦਫਤਰ ਜ਼ਿਲ ਾ ਸਪੋਰਟਸ ਅਫਸਰ, ਗੁਰਦਾਸਪੁਰ ਵਿਖੇ ਆਫ਼ ਲਾਈਨ ਬਿਨੈ ਪੱਤਰ 30 ਸਤੰਬਰ 2024 ਤੱਕ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਪੇਸ਼ ਕਰ ਸਕਦਾ ਹੈ।

# ਹਲਕਾ ਦੀਨਾਨਗਰ 'ਚ ਇਸ ਵਾਰ ਜ਼ਿਆਦਾਤਰ ਸਰਪੰਚ ਭਾਜਪਾ ਦੇ ਹੀ ਹੋਣਗੇ: ਵਿਨੇ ਚੌਧਰੀ

**ਦੀਨਾਨਗਰ** (**ਬਲਵਿੰਦਰ ਸਿੰਘ ਬਿੱਲਾ**)-ਸਰਪੰਚੀ ਦੀਆਂ ਚੋਣਾਂ ਨੂੰ ਲੈ ਕੇ ਪੂਰੇ ਪੰਜਾਬ ਵਿੱਚ ਭਾਜਪਾ ਵਰਕਰ ਅਤੇ ਵੋਟਰ ਸਪੋਟਰ ਖੁੱਲ2 ਕੇ ਮੈਦਾਨ ਵਿੱਚ ਆ ਗਏ ਹਨ।ਇਸ ਦਾ ਅਸਰ ਹਲਕਾ ਦੀਨਾਨਗਰ ਵਿੱਚ ਵੀ ਦਿਖਣਾ ਸ਼ੁਰੂ ਹੋ ਗਿਆ ਹੈ।ਜਿਸ ਤੋਂ ਇਹ ਸਾਬਿਤ ਹੋ ਰਿਹਾ ਹੈ ਕਿ ਇਸ ਵਾਰ ਹਲਕਾ ਦੀਨਾਨਗਰ ਅਧੀਨ ਆਉਂਦੇ ਪਿੰਡਾਂ ਵਿੱਚ ਜ਼ਿਆਦਾਤਰ ਭਾਜਪਾ ਦੇ ਹੀ ਸਰਪੰਚ/ਪੰਚ ਹੋਣਗੇ।ਇਨ ਾਂ ਗੱਲਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਸੀਨੀਅਰ ਨੇਤਾ ਵਿੰਨੇ ਚੌਧਰੀ (ਬਬਲੀ) ਨੇ ਕੀਤਾ।ਉਨ ਾਂ ਕਿਹਾ ਕਿ ਪਹਿਲਾਂ ਕਾਂਗਰਸ ਤੇ ਹੁਣ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਨਾਲ ਵੱਡੇ-ਵੱਡੇ ਦਾਅਵੇ ਅਤੇ ਵਾਅਦੇ ਕੀਤੇ ਗਏ ਸੀ ਜੋ ਕਿ ਇਨ ਾਂ ਦੋਵਾਂ ਪਾਰਟੀਆਂ ਦੇ ਵਾਅਦੇ ਅਤੇ ਦਾਅਵੇ ਖੋਖਲੇ ਹੀ ਨਿਕਲੇ ਹਨ ਜਿਸ ਕਾਰਨ ਪੰਜਾਬ ਦੇ ਲੋਕ ਇਨਾਂ ਪਾਰਟੀਆਂ ਤੋਂ ਦੁਖੀ ਹੋ ਗਏ ਹਨ ਜਿਸ ਕਾਰਨ ਇਨ ਾਂ ਪਾਰਟੀਆਂ ਤੋਂ ਪੰਜਾਬ ਦੇ ਲੋਕਾਂ ਦਾ ਮੂੰਹ ਮੁੜ ਗਿਆ ਹੈ।ਭਾਜਪਾ ਸੀਨੀਅਰ ਨੇਤਾ ਵਿਨੇ ਚੌਧਰੀ ਬਬਲੀ ਨੇ ਅੱਗੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਹੁਣ ਸਮਝ ਆ ਚੁੱਕੀ ਹੈ ਕਿ ਉਨ ਾਂ ਦੀ ਹਮਦਰਦ ਇਕੋ ਇਕ ਪਾਰਟੀ ਭਾਜਪਾ ਹੀ ਹੈ।ਉਨ ਾਂ ਕਿਹਾ ਕਿ ਇਸ ਵਾਰ ਪੂਰੇ ਪੰਜਾਬ ਅਤੇ ਹਲਕਾ ਦੀਨਾਨਗਰ ਵਿੱਚ ਵੱਧ ਤੋਂ ਵੱਧ ਸਰਪੰਚ/ਪੰਚ ਭਾਜਪਾ ਦੇ ਹੀ ਹੋਣਗੇ।

# ਪੱਤਰਕਾਰ ਕੰਗ ਭਰਾਵਾਂ ਨੂੰ ਸਦਮਾ, ਮਾਤਾ ਦਾ ਦਿਹਾਂਤ

**ਬਾਬਾ ਬਕਾਲਾ ਸਾਹਿਬ** (**ਜਸਪਾਲ ਸਿੰਘ**)

ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਹਰਜੀਪ੍ਰੀਤ ਸਿੰਘ ਕੰਗ, ਸ਼ਰਨਬੀਰ ਸਿੰਘ ਕੰਗ ਅਤੇ ਪ੍ਰਭਜੀਤ ਸਿੰਘ ਕੰਗ ਨੂੰ ਉਸ ਵਕਤ ਭਾਰੀ ਸਦਮਾ ਪੁੱਜਾ, ਜਦੋਂ ਉਨ ਾਂ ਦੇ ਸਤਿਕਾਰਤ ਮਾਤਾ ਦਲਜੀਤ ਕੌਰ ਸੰਖੇਪ ਬਿਮਾਰੀ ਪਿੱਛੋਂ ਸਦੀਵੀ ਵਿਛੋੜਾ ਦੇ ਗਏ। ਉਨ ਾਂ ਦਾ ਅੰਤਿਮ ਸਸਕਾਰ ਰਈਆ ਸਥਿਤ ਨਹਿਰ ਕੰਢੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜਨ ਬਾਬਾ ਬਕਾਲਾ ਸਾਹਿਬ, ਪੰਜਾਬ ਐਂਡ ਚੰਡੀਗੜ ਜਰਨਲਿਸਟ ਯੂਨੀਅਨ ਅਤੇ ਕਿਸਾਨ ਆਗੂਆਂ ਵੱਲੋਂ ਵੀ ਮਾਤਾ ਦੀ ਦੇਹ ਉਪਰ ਦੁਸ਼ਾਲੇ ਭੇਟ ਕੀਤੇ ਗਏ। ਇਸ ਮੌਕੇ ਸੀਨੀਅਰ ਪੱਤਰਕਾਰ ਹਰਮਿੰਦਰ ਸਿੰਘ, ਗਗਨਦੀਪ ਸ਼ਰਮਾ ਅੰਮ੍ਰਿਤਸਰ, ਬਾਬਾ ਬਕਾਲਾ ਸਾਹਿਬ ਦੇ ਪੱਤਰਕਾਰ ਭਾਈਚਾਰੇ ਵੱਲੋਂ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਪਰਮਜੀਤ ਸਿੰਘ ਰੱਖੜਾ, ਜਗੀਰ ਸਿੰਘ ਸਫਰੀ, ਬਲਵਿੰਦਰ ਸਿੰਘ ਅਠੌਲਾ, ਰਣਜੀਤ ਸਿੰਘ ਸੰਧੂ, ਗੌਰਵ ਜੋਸ਼ੀ, ਲੱਖਾ ਸਿੰਘ ਅਜ਼ਾਦ, ਸੁਸ਼ੀਲ ਅਰੋੜਾ, ਸੁਖਵਿੰਦਰ ਸਿੰਘ ਚਾਹਲ, ਗੁਰਪ੍ਰੀਤ ਸਿੰਘ ਬਾਬਾ ਬਕਾਲਾ, ਨਿਰਮਲ ਸਿੰਘ ਸੰਘਾ, ਸਤਨਾਮ ਸਿੰਘ ਨੌਰੰਗਪੁਰੀ, ਜਸਪਾਲ ਸਿੰਘ ਗੱਗੜਭਾਣਾ, ਸੁਖਵਿੰਦਰ ਸਿੰਘ, ਗੁਰਦਰਸ਼ਨ ਸਿੰਘ ਪ੍ਰਿੰਸ, ਦਵਿੰਦਰ ਸਿੰਘ ਭੰਗੂ, ਰਾਜਿੰਦਰ ਰਿਖੀ, ਸੁਮੀਤ ਕਾਲੀਆ, ਪਰਮਜੀਤ ਦੇਵਗਨ, ਰਕੇਸ਼ ਕੁਮਾਰ, ਸੋਨਲ ਦਵੇਸਰ, ਸੁਨੀਲ ਕੁਮਾਰ, ਡੀ. ਕੇ. ਰੈਡੀ,





ਬਲਰਾਜ ਰਾਜਾ ਕਾਲੇਕੇ, ਕਮਲਜੀਤ ਸਿੰਘ ਸੋਨੂੰ ਤੋਂ ਇਲਾਵਾ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾ, ਕੇ. ਕੇ. ਸ਼ਰਮਾ, ਬਾਵਾ ਗੁਰਸ਼ਰਨ ਸਿੰਘ, ਚੇਅਰਮੈਨ ਜਤਿੰਦਰ ਸਿੰਘ ਸੋਨੂੰ, ਚੇਅਰਮੈਨ ਨਿਰਵੈਰ ਸਿੰਘ ਸਾਬੀ, ਸਾਬਕਾ ਕੌਂਸਲਰ ਗੁਰਦੀਪ ਸਿੰਘ, ਜਰਮਨਜੀਤ ਸਿੰਘ, ਮਾਸਟਰ ਧਰਮ ਸਿੰਘ ਧਿਆਨਪੁਰ, ਬਾਬਾ ਮੋਹਨ ਸਿੰਘ ਕੰਗ, ਤਰਸੇਮ ਜੋਸ਼ੀ, ਸਰਬਜੀਤ ਸਿੰਘ ਸੰਧੂ, ਗੁਰਨਾਮ ਕੌਰ ਚੀਮਾ, ਬਲਵੰਤ ਰਾਏ ਬਿੱਟੂ, ਰਕੇਸ਼ ਜੋਸ਼ੀ, ਇੰਦਰਜੀਤ ਸਿੰਘ ਬਹਾਦਰਪੁਰ, ਤੀਰਥ ਸਿੰਘ ਬਹਾਦਰਪੁਰ, ਬਲਵਿੰਦਰ ਸਿੰਘ, ਪ੍ਰਿੰ: ਗੁਰਮੀਤ ਸਿੰਘ ਚੀਮਾਂ, ਬਿਕਰਮਜੀਤ ਸਿੰਘ ਚੀਮਾ, ਪੁਰਸ਼ੋਤਮ ਸਿੰਘ, ਰਾਜਬਰਿੰਦਰ ਸਿੰਘ ਰਾਜਾ, ਕੁਲਦੀਪ ਸਿੰਘ ਕੰਗ, ਡਾ: ਨਵੀਨ ਖਨੇਜਾ, ਡਾ: ਕਲੇਰ, ਫੌਜੀ ਦਿਲਬਾਗ ਸਿੰਘ, ਨਾਨਕ ਚੰਦ, ਸ਼ਿਵਰਾਜ ਸਿੰਘ, ਅਵਤਾਰ ਸਿੰਘ, ਜਗੀਰ ਸਿੰਘ ਔਲਖ, ਅਜਮੇਰ ਸਿੰਘ ਪਾਰੋਵਾਲ, ਅਮਿਤ ਸ਼ਰਮਾ, ਦਲਜੀਤ ਸਿੰਘ ਕੌਂਸਲਰ, ਰਾਜਿੰਦਰ ਬਿੱਟਾ, ਸੁਖਦੇਵ ਸਿੰਘ ਸਾ: ਕੌਂਸਲਰ, ਜਸਕਰਨ ਸਿੰਘ, ਅਮਰਜੀਤ ਸਿੰਘ, ਸੁੱਚਾ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਗੁਰਦਿਆਲ ਸਿੰਘ ਕੰਗ ਬੁਟਾਰੀ, ਬਾਜ ਸਿੰਘ ਭਲਾਈਪੁਰ, ਸੁਰਿੰਦਰ ਕੁਮਾਰ ਪ੍ਰਧਾਨ, ਤਰਸੇਮ ਸਿੰਘ ਮੱਟੂ, ਰਜਿੰਦਰ, ਮਾਸਟਰ ਸਵਰਨ ਸਿੰਘ ਮਾਨ, ਜੈਮਲ ਸਿੰਘ, ਕੁਲਦੀਪ ਸਿੰਘ ਖਾਲਸਾ, ਸਰਬਜੀਤ ਸਿੰਘ ਬੂਲੇਨੰਗਲ, ਗੁਰਮੇਜ ਸਿੰਘ ਚੀਮਾਂ ਵੜੈਚ, ਮਮਤਾ ਸ਼ਰਮਾ, ਗੁਰਭੇਜ ਸਿੰਘ, ਲਾਡੀ ਫੇਰੂਮਾਨ, ਸੁਖਵਿੰਦਰ ਸਿੰਘ ਮੱਤੇਵਾਲ, ਸੰਜੀਵ ਭੰਡਾਰੀ, ਰਜੇਸ਼ ਟਾਂਗਰੀ, ਨੰਬਰਦਾਰ ਜਸਪਾਲ ਸਿੰਘ ਨਰਿੰਜਣਪੁਰ, ਠੇਕੇਦਾਰ ਰਾਮ ਲੁਭਾਇਆ, ਬੌਬੀ ਕੌੜਾ, ਰਛਪਾਲ ਸਿੰਘ ਪਾਲ, ਕ੍ਰਿਪਾਲ ਸਿੰਘ ਖਾਲਸਾ, ਜੈਪਾਲ ਸਿੰਘ ਫੇਰੂਮਾਨ, ਜਵਾਹਰ ਸਿੰਘ ਲਾਲੀ ਚੀਮਾ, ਜੰਗੀ ਲਾਲ, ਗੁਰਭੇਜ ਸਿੰਘ, ਉਪਿੰਦਰਪਾਲ ਸਿੰਘ ਰਿੰਕੂ, ਬਲਵਿੰਦਰਜੀਤ ਕਾਲੀਆ, ਮਾ: ਜਸਵਿੰਦਰਪਾਲ ਸਿੰਘ ਜੱਸ, ਸੋਨੂੰ ਭਲਾਈਪੁਰ, ਪਰਮਜੀਤ ਸਿੰਘ, ਰਾਜਵੀਰ ਸਿੰਘ, ਬਬਲੂ ਬੁਟਾਰੀ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਮੰਗਲਵਾਰ, 1 ਅਕਤੂਬਰ 2024

# ਝੂਠ ਦੇ ਸਰਦਾਰ

*ਸਰਕਾਰਾਂ ਝੂਠ ਪਹਿਲਾਂ ਵੀ ਬੋਲਦੀਆਂ ਸਨ, ਪਰ ਫੜੇ ਜਾਣ ’ਤੇ ਸ਼ਰਮ ਦੀਆਂ ਮਾਰੀਆਂ ਕਈ ਸਾਲ ਝੂਠ ਨਹੀਂ ਪਰੋਸਦੀਆਂ ਸਨ। ਮੋਦੀ ਰਾਜ ਵਿਚ ਝੂਠ ਇੱਥੋਂ ਤੱਕ ਸਿਖਰਾਂ ਛੂਹ ਗਿਆ ਹੈ ਕਿ ਭਾਜਪਾਈ ਮੁੱਖ ਮੰਤਰੀ ਝੂਠ ਹੀ ਨਹੀਂ ਬੋਲਦੇ, ਸਗੋਂ ਫੜੇ ਜਾਣ ’ਤੇ ਹੋਰ ਬੇਸ਼ਰਮੀ ਨਾਲ ਬੋਲਦੇ ਹਨ। ਮੋਦੀ ਨੇ ਦੇਸ਼ ਨੂੰ ਆਤਮ ਨਿਰਭਰ ਬਣਾਉਣ ਲਈ ਸੱਤਾ ਵਿਚ ਆਉਂਦਿਆਂ ਹੀ 2015 ਵਿਚ ‘ਹੁਨਰ ਵਿਕਾਸ’ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਤਹਿਤ 40 ਕਰੋੜ ਲੋਕਾਂ ਨੂੰ ਹੁਨਰ ਦੀ ਸਿਖਲਾਈ ਦਿੱਤੀ ਜਾਣੀ ਸੀ। ਅੱਜ ਉਦਯੋਗ ਚੀਕ-ਚੀਕ ਕੇ ਕਹਿ ਰਹੇ ਹਨ ਕਿ ਦੇਸ਼ ਵਿਚ ਹੁਨਰਮੰਦਾਂ ਦੀ ਭਿਆਨਕ ਕਮੀ ਹੈ।*

*ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਪੰਜ ਦਿਨਾ ਕੌਮਾਂਤਰੀ ਟਰੇਡ ਸ਼ੋਅ ਵਿਚ ਦੱਸਿਆ ਕਿ ਇਕ ਸਰਵੇ ਮੁਤਾਬਕ ਰਾਜ 96 ਲੱਖ ਸੂਖਮ, ਲਘੂ ਤੇ ਦਰਮਿਆਨੇ ਉੱਦਮਾਂ (ਐੱਮ ਐੱਸ ਐੱਮ ਈ) ਨਾਲ ਦੇਸ਼ ਦਾ ਨੰਬਰ ਇੱਕ ਰਾਜ ਬਣ ਗਿਆ ਹੈ। ਜਿਹੜੀ ਗੱਲ ਨੋਟ ਕਰਨ ਵਾਲੀ ਹੈ ਕਿ ਇਨ੍ਹਾਂ ਇਕਾਈਆਂ ਦੀ ਗਿਣਤੀ ਵਧੀ ਹੈ, ਉਤਪਾਦਨ ਨਹੀਂ। ਗੈਰ-ਰਸਮੀ ਖੇਤਰ ਦੀਆਂ ਤਮਾਮ ਅਜਿਹੀਆਂ ਇਕਾਈਆਂ ਸਿਰਫ ਸਸਤੇ ਸਰਕਾਰੀ ਕਰਜ਼ੇ ਤੇ ਸਹਾਇਤਾ ਲਈ ਹੋਂਦ ਵਿਚ ਆ ਰਹੀਆਂ ਹਨ। ਇਹੀ ਕਾਰਨ ਹੈ ਕਿ ਅੱਜ ਵੀ ਮਹਾਰਾਸ਼ਟਰ ਤੇ ਤਾਮਿਲਨਾਡੂ ਦੀਆਂ ਇਕਾਈਆਂ ਦਾ ਯੋਗਦਾਨ ਸਿਖਰ ’ਤੇ ਹੈ, ਜਦਕਿ ਦੇਸ਼ ਦੀ ਆਬਾਦੀ ਵਿਚ ਇਨ੍ਹਾਂ ਦਾ ਪ੍ਰਤੀਸ਼ਤ ਕ੍ਰਮਵਾਰ ਸਿਰਫ 9 ਤੇ 5.6 ਹੈ ਅਤੇ ਯੂ ਪੀ ਦਾ 18। ਯੋਗੀ ਦੀ ਪੋਲ ਭਾਜਪਾ ਦੀ ਕੇਂਦਰੀ ਹਕੂਮਤ ਵਾਲਾ ਉਦਯੋਗ ਮੰਤਰਾਲਾ ਹੀ ਖੋਲ੍ਹ ਦਿੰਦਾ ਹੈ। ਇਸ ਵੱਲੋਂ ਤਿੰਨ ਜਨਵਰੀ ਨੂੰ ਜਾਰੀ ਬਿਆਨ ਵਿਚ ਕਿਹਾ ਗਿਆ ਸੀ ਕਿ 2.19 ਕਰੋੜ ਇਕਾਈਆਂ ਰਜਿਸਟਰਡ ਹੋਈਆਂ, ਜਿਨ੍ਹਾਂ ਵਿੱਚੋਂ 88.89 ਲੱਖ 2023 ਵਿਚ ਵਧੀਆਂ। ਜੇ ਪੂਰੇ ਦੇਸ਼ ਦੀ ਸਥਿਤੀ ਇਹ ਹੈ ਤਾਂ ਯੂ ਪੀ ਵਿਚ 96 ਲੱਖ ਇਕਾਈਆਂ ਹੋਣੀਆਂ ਝੂਠ ਹੀ ਹਨ। ਹਰਿਆਣਾ, ਜਿੱਥੇ ਅਸੰਬਲੀ ਲਈ ਪੰਜ ਅਕਤੂਬਰ ਨੂੰ ਵੋਟਾਂ ਪੈਣੀਆਂ ਹਨ, ਵਿਚ ਭਾਜਪਾ 10 ਸਾਲ ਰਾਜ ਕਰ ਚੁੱਕੀ ਹੈ। ਸਰਕਾਰੀ ਸੰਸਥਾ ਪੀਰੀਓਡਿਕ ਲੇਬਰ ਫੋਰਸ ਸਰਵੇ (ਪੀ ਐੱਲ ਐੱਫ ਐੱਸ) ਦੀ ਰਿਪੋਰਟ ਕਹਿੰਦੀ ਹੈ ਕਿ ਹਰਿਆਣਾ ਵਿਚ ਬੇਰੁਜ਼ਗਾਰੀ ਸਭ ਤੋਂ ਵੱਧ ਘਟੀ ਹੈ, ਜਦਕਿ ਆਜ਼ਾਦ ਸੰਸਥਾ ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕੌਨਮੀ (ਸੀ ਐੱਮ ਆਈ ਈ) ਦੀ ਰਿਪੋਰਟ ਸੀ ਕਿ ਦੇਸ਼ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ ਹਰਿਆਣਾ ’ਚ ਹੈ। ਰਾਜ ਵਿਚ ਅਚਾਨਕ ਅਜਿਹਾ ਕੀ ਹੋਇਆ ਕਿ ਰਾਤੋ-ਰਾਤ ਏਨੇ ਰੁਜ਼ਗਾਰ ਲੱਗ ਗਏ ਤੇ ਬੇਰੁਜ਼ਗਾਰੀ ਘਟ ਗਈ। ਦਰਅਸਲ ਕੋਰੋਨਾ ਵਿਚ ਹਿਜ਼ਰਤ ਕਰਕੇ ਹਰਿਆਣਾ ਪਰਤੇ ਲੋਕ ਪਰਵਾਰ ਦੇ ਨਾਲ ਹੀ ਬਿਨਾਂ ਉਜਰਤ ਦੇ ਨਿੱਕੇ-ਮੋਟੇ ਕੰਮ ਕਰਨ ਲੱਗੇ, ਕਿਉਂਕਿ ਉਹ ਦੇਸ਼-ਭਰ ਵਿਚ ਰੁਜ਼ਗਾਰ ਦੀ ਕਮੀ ਕਾਰਨ ਪਰਤ ਨਹੀਂ ਸਕੇ ਸਨ। ਸਰਕਾਰੀ ਅੰਕੜੇ ਇਨ੍ਹਾਂ ਲੋਕਾਂ ਨੂੰ ਰੁਜ਼ਗਾਰ ਵਾਲੇ ਮੰਨਦੇ ਹਨ। ਗੋਆ ਤੇ ਕੇਰਲਾ ਵਿਚ ਬੇਰੁਜ਼ਗਾਰੀ ਦਰ ਸਭ ਤੋਂ ਵੱਧ ਹੈ, ਜਦਕਿ ਗੋਆ ਪ੍ਰਤੀ ਵਿਅਕਤੀ ਆਮਦਨ ਵਿਚ ਦੇਸ਼ ਦੇ ਸਿਖਰਲੇ ਰਾਜਾਂ ਵਿਚ ਹੈ ਤੇ ਕੇਰਲਾ ਸਿੱਖਿਆ ਤੇ ਮਨੁੱਖੀ ਵਸੀਲਿਆਂ ਦੇ ਸੂਚਕ ਅੰਕ ਵਿਚ ਸਿਖਰ ’ਤੇ ਹੈ। ਇੱਥੇ ਬੇਰੁਜ਼ਗਾਰੀ ਵਧਣ ਦਾ ਮਤਲਬ ਹੈ ਕਿ ਲੋਕ ਕੰਮ ਮੰਗ ਰਹੇ ਹਨ, ਜਦਕਿ ਉੱਤਰ ਭਾਰਤ ਦੇ ਰਾਜਾਂ ਵਿਚ ਨਿਰਾਸ਼ ਹੋ ਕੇ ਘਰ ਬੈਠੇ ਹਨ। ਇਸੇ ਕਰਕੇ ਸਭ ਤੋਂ ਵੱਧ ਆਬਾਦੀ ਵਾਲਾ ਯੂ ਪੀ ਸਵੈ-ਰੁਜ਼ਗਾਰ ਵਿਚ ਸਿਖਰ ’ਤੇ ਹੈ, ਜਦਕਿ ਸਭ ਤੋਂ ਗਰੀਬ ਬਿਹਾਰ ਦਿਹਾੜੀ ਮਜ਼ਦੂਰਾਂ ਦੇ ਪ੍ਰਤੀਸ਼ਤ ਵਿਚ ਦੇਸ਼ ਵਿਚ ਸਿਖਰ ’ਤੇ ਹੈ। ਕਈ ਵਾਰ ਸਵੈ-ਰੁਜ਼ਗਾਰ ਇਕ ਮਜਬੂਰੀ ਵੀ ਹੁੰਦੀ ਹੈ, ਜਿਸ ਵਿਚ ਆਮਦਨ ਰੈਗੂਲਰ ਉਜਰਤ ਦੀ ਮਾਤਰ 60 ਫੀਸਦੀ ਹੀ ਹੁੰਦੀ ਹੈ। ਬੇਰੁਜ਼ਗਾਰੀ ਦੀ ਹਕੀਕਤ ਦੱਸਦੀ ਹੈ ਕਿ ਸਰਕਾਰੀ ਅੰਕੜਿਆਂ ਨਾਲ ਬੇਰੁਜ਼ਗਾਰੀ ਨੂੰ ਲੁਕੋਇਆ ਨਹੀਂ ਜਾ ਸਕਦਾ, ਰੁਜ਼ਗਾਰ-ਮੁਖੀ ਨੀਤੀਆਂ ਘੜ ਕੇ ਬੇਰੁਜ਼ਗਾਰੀ ਦੂਰ ਹੋ ਸਕਦੀ ਹੈ।*

# ਆਓ, ਜਿਊਂਦੇ-ਜਾਗਦਿਆਂ ਦੇ ਸਰਾਧ ਕਰੀਏ


ਵਿਸ਼ਵਾ ਮਿੱਤਰ

*ਜੇਕਰ ਸਰਾਧ ਕਰਨੇ ਹੀ ਹਨ ਤਾਂ ਕਿਉਂ ਨਾ ਜਿਉਂਦੇ-ਜਾਗਦੇ ਬਜ਼ੁਰਗਾਂ ਦੇ ਕਰੀਏ। ਇਹ ਤਾਂ ਸਪੱਸ਼ਟ ਹੈ ਮਰਨ ਤੋਂ ਬਾਅਦ ਨਾ ਤਾਂ ਕਿਸੇ ਕੋਲ ਕੁਝ ਪਹੁੰਚਣਾ ਹੈ ਅਤੇ ਨਾ ਹੀ ਉਹ ਖਾ-ਪੀ , ਪਹਿਨ ਸਕਦਾ ਹੈ ਜਾਂ ਮਾਇਆ ਵਰਤ ਸਕਦਾ ਹੈ। ਸਰਾਧ ਸ਼ਬਦ ਸ਼ਰਧਾ ਤੋਂ ਹੀ ਬਣਿਆ ਹੈ। ਜੇਕਰ ਤੁਹਾਡੀ ਆਪਣੇ ਬਜ਼ੁਰਗਾਂ ਪ੍ਰਤੀ ਸ਼ਰਧਾ ਹੈ ਤਾਂ ਉਹਨਾਂ ਦੀ ਹਰ ਮੰਗ ਪੂਰੀ ਕਰੋ। ਬਜ਼ੁਰਗਾਂ ਦੀਆਂ ਮੰਗਾਂ ਕੋਈ ਜ਼ਿਆਦਾ ਨਹੀਂ ਹੁੰਦੀਆਂ।*

ਲੇਖ ਦਾ ਸਿਰਲੇਖ ਪੜ੍ਹ ਕੇ ਹੀ ਕਈ ਸੋਚਣਗੇ, ਇਹ ਕੀ ਲਿਖ ਦਿੱਤਾ। ਸ਼ਰਾਧ ਤਾਂ ਸਵਰਗਵਾਸੀਆਂ ਦੇ ਕੀਤੇ ਜਾਂਦੇ ਹਨ, ਜਿਉਂਦੇ-ਜਾਗਦਿਆਂ ਦੇ ਸਰਾਧ ਤਾਂ ਕਦੇ ਸੁਣੇ ਨਹੀਂ। ਆਓ, ਅਸੀ ਜਿਊਂਦੇ-ਜਾਗਦਿਆਂ ਦੇ ਸ਼ਰਾਧ ਕਿਉਂ ਅਤੇ ਕਦੋਂ ਕਰੀਏ ਬਾਰੇ ਬਾਅਦ ਵਿੱਚ ਸੋਚ-ਵਿਚਾਰ ਲਵਾਂਗੇ, ਪਹਿਲਾਂ ਇਹ ਜਾਣ ਲਈਏ ਕਿ ਕੀ ਸਰਾਧ ਕਿਸੇ ਚੰਗੀ ਜਾਂ ਵਿਗਿਆਨਕ ਸੋਚ ਅਨੁਸਾਰ ਕੀਤੇ ਜਾਂਦੇ ਹਨ ਜਾਂ ਪੁਜਾਰੀ ਵਰਗ ਨੇ ਆਪਣੀ ਮੁਫਤ ਦੀ ਕਮਾਈ ਅਤੇ ਖਾਣ-ਪੀਣ ਲਈ ਜਿਹੜਾ ਸਦੀਆਂ ਪੁਰਾਣਾ ਢੋਂਗ ਰਚਿਆ ਹੈ, ਉਸ ਅਨੁਸਾਰ ਹੋ ਰਹੇ ਹਨ।

ਬੰਦਾ ਪੁਜਾਰੀ ਵਰਗ ਦੇ ਪ੍ਰਵਚਨਾਂ ਅਨੁਸਾਰ ਮਰਨ ਤੋਂ ਬਾਅਦ ਚੁਰਾਸੀ ਲੱਖ ਜੂਨਾਂ ਭੁਗਤ ਕੇ ਫੇਰ ਬੰਦੇ ਦੀ ਜੂਨ ’ਚ ਆਉਂਦਾ ਹੈ। ਹਾਲ ਦੀ ਘੜੀ ਜੇਕਰ ਇਹਨਾਂ ਵਿਚਾਰਾਂ ਨੂੰ ਸਹੀ ਮਨ ਵੀ ਲਈਏ ਤਾਂ ਕੀ ਪਤਾ ਬੰਦਾ ਮਰਨ ਤੋਂ ਬਾਅਦ ਕਿਸ ਜੂਨ ਵਿਚ ਪਿਆ? ਜੇਕਰ ਉਹ ਮਰਨ ਤੋਂ ਬਾਅਦ ਕਿਸੇ ਦੁਧਾਰੂ ਪਸ਼ੂ ਦੀ ਜੂਨ ਵਿਚ ਪਿਆ ਤਾਂ ਉਸ ਨੂੰ ਘਾਹ-ਪੱਠਾ ਚਾਹੀਦਾ ਹੈ। ਕੀ ਪੁਜਾਰੀ ਇਹ ਕੁਝ ਖਾਣ ਲਈ ਤਿਆਰ ਹੋਵੇਗਾ? ਪੁਜਾਰੀ ਵਰਗ ਸਰਾਧਾਂ ਦੇਵੇ ਦਿਨਾਂ ’ਚ ਆਪਣੇ 84 ਲੱਖ ਜੂਨਾਂ ਵਾਲੇ ਪ੍ਰਵਚਨਾਂ ਤੋਂ ਉਲਟ ਜਾ ਕੇ ਸਾਰੀਆਂ ਰਸਮਾਂ ਇਵੇਂ ਪੂਰੀਆਂ ਕਰਦਾ ਹੈ, ਜਿਵੇਂ ਹਰ ਬੰਦਾ ਮਰਨ ਤੋਂ ਬਾਅਦ ਬੰਦੇ ਦੀ ਜੂਨ ’ਚ ਹੀ ਸਵਰਗ ’ਚ ਬੈਠਿਆ ਹੁੰਦਾ ਹੈ, ਕਿਉਂਕਿ ਅਜਿਹਾ ਕਹਿਣ ’ਤੇ ਹੀ ਉਸ ਨੂੰ ਖਾਣ ਲਈ ਵਧੀਆ ਪਦਾਰਥ ਅਤੇ ਮਾਇਆ ਮਿਲਣੀ ਹੈ। ਇੱਕ ਗੱਲ ਇੱਥੇ ਹੋਰ ਵੀ ਜ਼ਿਕਰ ਕਰਨ ਵਾਲੀ ਹੈ ਕਿ ਅੱਜਕੱਲ੍ਹ ਪੁਜਾਰੀ ਕਿਸੇ ਗਰੀਬ ਦੇ ਘਰ ਸਰਾਧ ਕਰਨ ਨਹੀਂ ਜਾਂਦੇ, ਉਹ ਅਮੀਰ ਘਰ ਹੀ ਜਾਂਦੇ ਹਨ, ਜਿੱਥੋਂ ਚੰਗਾ ਖਾਣ-ਪੀਣ ਨੂੰ ਮਿਲੇ ਅਤੇ ਮਾਇਆ ਵੀ ਕਾਫੀ ਮਿਲੇ।

ਜੇਕਰ ਔਲਾਦ ਨੇ ਸਾਰੀ ਉਮਰ ਆਪਣੇ ਬਿਰਧ ਮਾਤਾ-ਪਿਤਾ ਨੂੰ ਪੁੱਛਿਆ ਨਾ ਹੋਵੇ, ਉਨ੍ਹਾਂ ਦੀ ਕੋਈ ਛੋਟੀ ਤੋਂ ਛੋਟੀ ਖਾਹਸ਼ ਪੂਰੀ ਨਾ ਕੀਤੀ ਹੋਵੇ, ਕਿਸੇ ਵਿਆਹ-ਸ਼ਾਦੀ ਜਾਂ ਕਿਸੇ ਫੰਕਸ਼ਨ ’ਤੇ ਨਾਲ ਲੈਣ ਕੇ ਨਾ ਗਏ ਹੋਣ, ਜਾਂ ਬੁਢਾਪੇ ਵਿੱਚ ਮਾਤਾ-ਪਿਤਾ ਦੀ ਸੇਵਾ ਕਰਨ ਦੀ ਬਜਾਏ ਬਿਰਧ ਆਸ਼ਰਮ ਵਿੱਚ ਛੱਡ ਆਏ ਹੋਣ ਤਾਂ ਕੀ ਉਨ੍ਹਾਂ ਦੇ ਮਰਨ ਤੋਂ ਬਾਅਦ ਉਨ੍ਹਾਂ ਦੇ ਨਾਂਅ ’ਤੇ ਬਦਾਮ, ਕਾਜੂਆਂ ਵਾਲੀ ਖੀਰ ਅਤੇ ਮੇਵਿਆਂ ਵਾਲਾ ਕੜਾਹ ਅਤੇ ਹੋਰ ਸੁਆਦੀ ਭੋਜਨ ਪੁਜਾਰੀ ਨੂੰ ਖੁਆਉਣ ਅਤੇ ਮਾਇਆ ਭੇਟ ਕਰਨੀ ਕੋਈ ਜਾਇਜ਼ ਕੰਮ ਹੈ? ਲੋਕ ਇਹ ਮੰਨ ਲੈਂਦੇ ਹਨ ਕਿ ਪੁਜਾਰੀ ਦੇ ਢਿੱਡ ਵਿੱਚ ਗਿਆ ਖਾਣਾ ਸਾਡੇ ਬਜ਼ੁਰਗਾਂ ਕੋਲ ਸਵਰਗ ਵਿੱਚ ਪਹੁੰਚ ਜਾਵੇਗਾ। ਕੋਈ ਵਿਅਕਤੀ ਭਾਵੇਂ ਕਿਸੇ ਵੀ ਜਾਤ ਦਾ ਹੋਵੇ, ਕਿੰਨਾ ਹੀ ਧਰਮੀ-ਕਰਮੀ ਹੋਵੇ, ਕਿੰਨੇ ਮੰਤਰ ਪੜ੍ਹ ਲਵੇ, ਉਸ ਦਾ ਗਰਾਊਂਡ ਫਲੋਰ ’ਤੇ ਬੈਠਕੇ ਖਾਧਾ ਹੋਇਆ ਖਾਣਾ ਕਿਸੇ ਕੋਲ ਪਹਿਲੀ ਮੰਜ਼ਲ ’ਤੇ ਨਹੀਂ ਪਹੁੰਚ ਸਕਦਾ ਤਾਂ ਫਿਰ ਸਵਰਗ ਜਾਂ ਨਰਕ ਵਿਚ ਕਰੋੜਾਂ ਅਰਬਾਂ ਮੀਲ ਕਿਵੇਂ ਪਹੁੰਚ ਸਕਦਾ ਹੈ, ਜਿੱਥੇ ਅਜੇ ਤਾਂ ਰਾਕਟਾਂ ਵਿਚ ਬੈਠ ਕੇ ਪੁਲਾੜ ਯਾਤਰੀ ਵੀ ਨਹੀਂ ਪਹੁੰਚ ਸਕੇ।

ਅੱਜ ਵਿਗਿਆਨ ਨੇ ਬੜੀ ਤਰੱਕੀ ਕਰ ਲਈ ਹੈ ਅਤੇ ਵਿਗਿਆਨਕ ਤਰੱਕੀ ਨਾਲ ਸਮਾਜਿਕ ਚੇਤਨਤਾ ਵੀ ਵਧੀ ਹੈ, ਪਰ ਅਜੇ ਤੱਕ ਵੀ ਬਹੁਤ ਸਾਰੇ ਲੋਕ ਅਜਿਹੇ ਹਨ, ਜਿੰਨਾ ਦੀ ਚੇਤਨਤਾ ਸਦੀਆਂ ਪੁਰਾਣੀ ਹੈ। ਦੁੱਖ ਵਾਲੀ ਗੱਲ ਇਹ ਹੈ ਕਿ ਅਜਿਹੇ ਲੋਕ 1949 ਮਾਡਲ ਵਾਲੀ ਕਾਰ ਖਰੀਦ ਕੇ ਰਾਜ਼ੀ ਨਹੀਂ, ਆਪਣੇ ਦਾਦਾ-ਪੜਦਾਦਾ ਦੇ ਵੇਲੇ ਦਾ ਫੈਸ਼ਨ ਜਾਂ ਲਿਬਾਸ ਪਹਿਨ ਕੇ ਰਾਜ਼ੀ ਨਹੀਂ, ਪੁਰਾਣੇ ਵੇਲੇ ਦੇ ਡਾਟ ਵਾਲੇ ਮਕਾਨ ਬਣਾ ਕੇ ਰਾਜ਼ੀ ਨਹੀਂ, ਡਾਕ ਰਾਹੀਂ ਆਪਣੇ ਸੰਬੰਧੀਆਂ ਜਾਂ ਦੋਸਤਾਂ ਨੂੰ ਦੁੱਖ ਜਾਂ ਸੁੱਖ ਦੇ ਸੁਨੇਹੇ ਤੁਰੰਤ ਭੇਜਣ ਲਈ ਤਾਰ ( ਟੈਲੀਗਰਾਮ ) ਰਾਹੀਂ ਭੇਜ ਕੇ ਰਾਜ਼ੀ ਨਹੀਂ ਅਤੇ ਇਸੇ ਕਾਰਨ ਟੈਲੀਗਰਾਮ ਮਹਿਕਮੇ ਦਾ ਭੋਗ ਪੈ ਗਿਆ ਹੈ, ਮਤਲਬ ਹਰ ਵਰਤਣ ਵਾਲੀ ਵਸਤੂ, ਪਹਿਨਣ ਵਾਲੀ ਵਸਤੂ, ਸਫਰ ਕਰਨ ਲਈ ਵਾਹਨ , ਦੂਰ-ਦੁਰਾਡੇ ਸੁਨੇਹੇ ਭੇਜਣ ਵਾਲੇ ਸਾਧਨ ਅੱਜ ਦੇ ਯੁੱਗ ਦੇ ਨਵੇਂ ਤੋਂ ਨਵੇਂ ਮਾਡਲ ਵਾਲੇ ਲੈਣਾ ਪਸੰਦ ਕਰਨਗੇ, ਪਰ ਪੁਜਾਰੀ ਵਰਗ ਵੱਲੋਂ ਰਚੇ ਗਏ ਸਦੀਆਂ ਪੁਰਾਣੇ ਢੋਂਗ ਨੂੰ ਛੱਡ ਕੇ ਅੱਜ ਦੇ ਯੁੱਗ ਵਾਲੇ ਨਵੇਂ ਵਿਚਾਰ ਅਪਨਾਉਣ ਤੋਂ ਕੰਨੀ ਕਤਰਾਉਂਦੇ ਹਨ।

ਜੇਕਰ ਸਰਾਧ ਕਰਨੇ ਹੀ ਹਨ ਤਾਂ ਕਿਉਂ ਨਾ ਜਿਉਂਦੇ-ਜਾਗਦੇ ਬਜ਼ੁਰਗਾਂ ਦੇ ਕਰੀਏ। ਇਹ ਤਾਂ ਸਪੱਸਟ ਹੈ ਮਰਨ ਤੋਂ ਬਾਅਦ ਨਾ ਤਾਂ ਕਿਸੇ ਕੋਲ ਕੁੱਝ ਪਹੁੰਚਣਾ ਹੈ ਅਤੇ ਨਾ ਹੀ ਉਹ ਖਾ-ਪੀ , ਪਹਿਨ ਸਕਦਾ ਹੈ ਜਾਂ ਮਾਇਆ ਵਰਤ ਸਕਦਾ ਹੈ। ਸਰਾਧ ਸ਼ਬਦ ਸ਼ਰਧਾ ਤੋਂ ਹੀ ਬਣਿਆ ਹੈ। ਜੇਕਰ ਤੁਹਾਡੀ ਆਪਣੇ ਬਜ਼ੁਰਗਾਂ ਪ੍ਰਤੀ ਸ਼ਰਧਾ ਹੈ ਤਾਂ ਉਹਨਾਂ ਦੀ ਹਰ ਮੰਗ ਪੂਰੀ ਕਰੋ। ਬਜ਼ੁਰਗਾਂ ਦੀਆਂ ਮੰਗਾਂ ਕੋਈ ਜ਼ਿਆਦਾ ਨਹੀਂ ਹੁੰਦੀਆਂ।” ਮੰਗਾਂ ਅਜਿਹੀਆਂ ਹੀ ਹੁੰਦੀਆਂ ਹਨ ਕਿ ਮੇਰਾ ਬਿਸਤਰਾ ਰੋਜ਼ ਝਾੜ ਦਿਓ , ਆਹ ਮੇਰਾ ਪਜਾਮਾ ਥੋੜ੍ਹਾ ਜਿਹਾ ਫਟ ਗਿਆ ਹੈ, ਇਸ ਨੂੰ ਠੀਕ ਕਰ ਦਿਓ, ਮੈਨੂੰ ਚਾਹ ਦਾ ਕੱਪ ਪੂਰਾ ਭਰ ਕੇ ਨਾ ਦਿਆ ਕਰੋ, ਹੁਣ ਮੇਰੇ ਕੋਲੋਂ ਡੁੱਲ੍ਹ ਜਾਂਦਾ ਹੈ, ਤਬੀਅਤ ਠੀਕ ਨਹੀਂ, ਜਦੋਂ ਟਾਇਮ ਹੋਵੇ ਮੈਨੂੰ ਡਾਕਟਰ ਕੋਲ ਲੈ ਜਾਓ।” ਅਜਿਹੀਆਂ ਮੰਗਾਂ ਬਜ਼ੁਰਗ ਰੋਜ਼-ਰੋਜ਼ ਨਹੀਂ ਕਰਦੇ ਅਤੇ ਪੂਰੀਆਂ ਕਰਨ ਨਾਲ ਕੋਈ ਆਰਥਿਕ ਜਾਂ ਟਾਇਮ ਦਾ ਨੁਕਸਾਨ ਨਹੀਂ ਹੁੰਦਾ।

ਬੱਚਿਆਂ ਨੂੰ ਆਪਣੇ ਬਜ਼ੁਰਗਾਂ ਦਾ ਆਦਰ ਕਰਨਾ ਸਿਖਾਓ। ਆਪ ਵੀ ਜਿਹੜੀ ਪੁਰਾਣੀ ਘਟਨਾ ਬਜ਼ੁਰਗ ਵੀਹ ਵਾਰ ਸੁਣਾ ਚੁੱਕੇ ਹਨ, ਜੇਕਰ ਇੱਕੀਵੀਂ ਵਾਰ ਸੁਣਾਉਂਦੇ ਹਨ ਤਾਂ ਇਹ ਨਾ ਕਹੋ ਕਿ ਤੁਸੀ ਅੱਗੇ ਕਈ ਵਾਰ ਸੁਣਾ ਚੁੱਕੇ ਹੋ। ਇੱਕ ਜਾਂ ਦੋ ਦਿਨ ਬਜ਼ੁਰਗਾਂ ਦੇ ਸ਼ਰਧਾ ਦੇ ਦਿਨ ਜ਼ਰੂਰ ਮਨਾਓ। ਕਿਸੇ ਪੰਡਤ ਪੁਜਾਰੀ ਨੂੰ ਸੱਦਣ ਦੀ ਲੋੜ ਨਹੀਂ। ਜਿਸ ਦਿਨ ਮਾਤਾ ਜੀ ਦਾ ਜਨਮ ਦਿਨ ਹੋਵੇ, ਉਸ ਦਿਨ ਉਨ੍ਹਾਂ ਲਈ ਕੋਈ ਨਵੀਂ ਪੌਸ਼ਾਕ ਬਣਵਾ ਕੇ ਜਾਂ ਖਰੀਦ ਕੇ ਦਿਓ, ਜਿਹੜਾ ਖਾਣਾ ਉਹਨਾਂ ਦਾ ਮਨਭਾਉਂਦਾ ਹੈ, ਉਹ ਬਣਾ ਕਿ ਜਾਂ ਬਜ਼ਾਰੋਂ ਖਰੀਦ ਕੇ ਦਿਓ। ਸਾਰਾ ਪਰਵਾਰ ਮਾਤਾ ਜੀ ਨੂੰ ਆਪਣੇ ਨਾਲ ਬਿਠਾ ਕੇ ਖਾਣਾ ਖੁਆਓ, ਜੇਕਰ ਉਹ ਚਾਹੁਣ ਤਾਂ ਉਹਨਾਂ ਨੂੰ ਅਤੇ ਪਿਤਾ ਜੀ ਨੂੰ ਕਿਸੇ ਹੋਟਲ ਵਿਚ ਲੈ ਜਾਓ, ਥੀਏਟਰ ਵਿਚ ਪਿਕਚਰ ਵਿਖਾ ਕੇ ਲਿਆਓ ਜਾਂ ਘਰ ਵਿਚ ਟੀ ਵੀ ’ਤੇ ਉਨ੍ਹਾਂ ਦਾ ਮਨਪਸੰਦ ਚੈਨਲ ਲਗਾ ਦਿਓ। ਪਿਤਾ ਜੀ ਦੇ ਜਨਮ ਦਿਨ ’ਤੇ ਉਹਨਾਂ ਦੀਆਂ ਵੀ ਅਜਿਹੀਆਂ ਹੀ ਇੱਛਾਵਾਂ ਪੂਰੀਆਂ ਕਰ ਦਿਓ। ਬਸ ਇਹੋ ਹੀ ਜਿਉਂਦਿਆਂ-ਜਾਗਦਿਆਂ ਦੇ ਸ਼ਰਧਾ ਦੇ ਦਿਨ ਹਨ । ਉਹਨਾਂ ਵੱਲੋਂ ਦਿੱਤੇ ਗਏ ਅਸ਼ੀਰਵਾਦ ਨਾਲ ਤੁਹਾਡਾ ਆਪਣਾ ਮਨ ਵੀ ਕਾਫੀ ਖੁਸ਼ ਹੋਵੇਗਾ। ਇਸ ਤੋਂ ਬਾਅਦ ਬਜ਼ੁਰਗਾਂ ਦੇ ਚੋਲਾ ਛੱਡਣ ਤੋਂ ਬਾਅਦ ਕਿਸੇ ਰਸਮ ਦੀ ਲੋੜ ਨਹੀਂ, ਘਰ ਵਿਚ ਯਾਦਾਂ ਕਾਇਮ ਰੱਖਣ ਲਈ ਉਹਨਾਂ ਦੀ ਫੋਟੋ ਰੱਖ ਸਕਦੇ ਹੋ। ਅੱਜਕੱਲ੍ਹ ਇੱਕ ਪ੍ਰੈਕਟੀਕਲ ਸਮੱਸਿਆ ਵੀ ਆਉਂਦੀ ਹੈ। ਇੱਕ ਮਾਂ-ਬਾਪ ਦੇ ਦੋ ਜਾਂ ਤਿੰਨ ਬੇਟੇ ਹੁੰਦੇ ਹਨ, ਪਰ ਕੰਮਕਾਰ ਦੀ ਮਜਬੂਰੀ ਕਾਰਨ ਉਹ ਮਾਤਾ-ਪਿਤਾ ਨਾਲ ਨਹੀਂ ਰਹਿ ਸਕਦੇ।

ਇੱਕ ਬੰਗਲੌਰ ਵਿਚ ਕੰਮ ਕਰਦਾ ਹੈ, ਦੂਜਾ ਕਲਕੱਤੇ ਵਿਚ ਅਤੇ ਤੀਜਾ ਦਿੱਲੀ ਵਿਚ ਜਾਂ ਕੋਈ ਵਿਦੇਸ਼ ਵਿਚ ਕੰਮ ਕਰ ਰਿਹਾ ਹੁੰਦਾ ਹੈ ਅਤੇ ਮਾਤਾ ਪਿਤਾ ਪੰਜਾਬ ਦੇ ਕਿਸੇ ਸ਼ਹਿਰ ਵਿਚ ਰਹਿੰਦੇ ਹਨ, ਸਾਰਾ ਪਰਵਾਰ ਇਕੱਠਾ ਨਹੀਂ ਹੋ ਸਕਦਾ। ਇਹ ਵੀ ਸੱਚ ਹੈ ਕਿ ਜਿੱਥੇ ਚਾਹ ਉੱਥੇ ਰਾਹ ਹੁੰਦੀ ਹੈ। ਜਿਹੜੇ ਆਪਣੇ ਦੇਸ਼ ਵਿਚ ਹੀ ਰਹਿੰਦੇ ਹਨ, ਉਹਨਾਂ ਵਿਚੋਂ ਇਕ ਜਾਂ ਦੋਨੋ ਮਾਤਾ ਜਾਂ ਪਿਤਾ ਦੇ ਜਨਮ ਦਿਨ ’ਤੇ ਛੁੱਟੀ ਲੈ ਕੇ ਆ ਸਕਦੇ ਹਨ। ਇਸ ਤੋਂ ਵੀ ਵਧੀਆ ਗੱਲ ਕਿ ਕੋਈ ਬੇਟਾ ਜਾਂ ਬੇਟੀ ਮਾਤਾ-ਪਿਤਾ ਲਈ ਸਰਾਧ ਦਾ ਦਿਨ ਮਨਾਉਣ ਲਈ ਉਹਨਾਂ ਨੂੰ ਆਪਣੇ ਕੋਲ ਲਿਆਉਣ ਦਾ ਪ੍ਰਬੰਧ ਕਰ ਦੇਣ ਅਤੇ ਜਿਸ ਬੇਟੇ ਜਾਂ ਬੇਟੀ ਕੋਲ ਮਾਤਾ-ਪਿਤਾ ਜਾਣ, ਉਸ ਦਾ ਸਾਰਾ ਪਰਵਾਰ ਮਿਲ ਕੇ ਸਰਾਧਾਂ ਦੇ ਦਿਨਾਂ ਵਿਚ ਇੱਕ ਤਿਉਹਾਰ ਦੀ ਤਰ੍ਹਾਂ ਹਿੱਸਾ ਲੈਣ।

***# ਸੰਪਰਕ : 94176-32228***

# ਵਿਰਸੇ ਦਾ ਸਰਮਾਇਆ ਹੁੰਦੇ ਨੇ ਬਜ਼ੁਰਗ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਸਿਆਣੇ ਆਖ਼ਦੇ ਹਨ ਕਿ ਉਹ ਜੀਵ ਬਹੁਤ ਹੀ ਕਰਮਾਂ ਵਾਲੇ ਹੁੰਦੇ ਨੇ, ਜੋ ਬੁਢਾਪੇ ਦੀ ਅਵਸਥਾ ਤੱਕ ਪੁੱਜ ਜਾਂਦੇ ਹਨ ਤੇ ਆਪਣੀਆਂ ਸਾਰੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰਨ ਕਰਕੇ ਅਤੇ ਬਜ਼ੁਰਗਪੁਣਾ ਵਧੀਆ ਗੁਜ਼ਾਰ ਕੇ ਇਸ ਜਹਾਨ ਨੂੰ ਅਲਵਿਦਾ ਆਖ਼ਦੇ ਹਨ, ਪਰ ਕੌੜਾ ਸੱਚ ਇਹ ਵੀ ਹੈ ਕਿ ਹਰੇਕ ਬਜ਼ੁਰਗ ਦੇ ਹਿੱਸੇ ਵੀ ਸ਼ਾਨਦਾਰ ਤੇ ਸੁੱਖਦਾਇਕ ਬੁਢਾਪਾ ਨਹੀਂ ਆਉਂਦਾ ਹੈ। ਆਪਣੇ ਧੀਆਂ-ਪੁੱਤਾਂ ਵੱਲੋਂ ਤਿਆਗੇ ਕਈ ਬਜ਼ੁਰਗ ਬਿਰਧ ਆਸ਼ਰਮਾਂ ’ਚ ਆਪਣੇ ਜੀਵਨ ਦੇ ਅੰਤਿਮ ਦਿਨਾਂ ਨੂੰ ਬਿਤਾਉਂਦੇ ਹਨ ਤੇ ਕਈ ਕਰਮਾਂ ਮਾਰੇ ਕਿਸੇ ਰੋਗ ਤੋਂ ਗ੍ਰਸਤ ਹੋ ਕੇ ਘਰ ਜਾਂ ਹਸਪਤਾਲ ਅੱਡੀਆਂ ਰਗੜ-ਰਗੜ ਕੇ ਪ੍ਰਾਣ ਤਿਆਗਦੇ ਹਨ।

ਇਸ ਸੱਚ ਤੋਂ ਤਾਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਬਜ਼ੁਰਗਾਂ ਕੋਲ ਗਿਆਨ ਤੇ ਤਜਰਬੇ ਦਾ ਵੱਡਾ ਭੰਡਾਰ ਹੁੰਦਾ ਹੈ। ਉਨ੍ਹਾ ਜ਼ਿੰਦਗੀ ’ਚ ਆਏ ਉਤਰਾਅ-ਚੜ੍ਹਾਅ ਨੂੰ ਬੜਾ ਨੇੜਿਉਂ ਤੱਕਿਆ ਤੇ ਆਪਣੇ ਪਿੰਡੇ ’ਤੇ ਹੰਢਾਇਆ ਹੁੰਦਾ ਹੈ। ਕਿਸੇ ਵੀ ਮੁਲਕ ਜਾਂ ਕੌਮ ਦੇ ਬਜ਼ੁਰਗ ਉਸ ਮੁਲਕ ਜਾਂ ਕੌਮ ਦੇ ਸੱਭਿਆਚਾਰ ਅਤੇ ਵਿਰਸੇ ਦੇ ਵਾਹਕ ਵੀ ਹੁੰਦੇ ਹਨ ਤੇ ਲੋੜ ਪੈਣ ’ਤੇ ਘਰਾਂ ਦੇ ਜੰਦਰੇ ਵੀ ਸਾਬਿਤ ਹੁੰਦੇ ਹਨ। ਘਰ ਦੇ ਜਾਂ ਬਾਹਰ ਦੇ ਬਜ਼ੁਰਗਾਂ ਨੂੰ ਮਾਣ-ਸਨਮਾਨ ਦੇਣਾ ਉਨ੍ਹਾ ’ਤੇ ਕੋਈ ਅਹਿਸਾਨ ਨਹੀਂ ਹੈ, ਸਗੋਂ ਸਾਡਾ ਸਭ ਦਾ ਨੈਤਿਕ ਕਰਤੱਵ ਹੈ। ਘਰ ਦੇ ਬਜ਼ੁਰਗਾਂ ਨੂੰ ਦੁਰਕਾਰ ਕੇ ਦੇਵੀ-ਦੇਵਤਿਆਂ ਜਾਂ ਗੁਰੂਆਂ-ਪੀਰਾਂ ਨੂੰ ਖ਼ੁਸ਼ ਕਰਨ ਲਈ ਵੱਡੇ-ਵੱਡੇ ਆਯੋਜਨ ਕਰਨ ਵਾਲੇ ਮਨੁੱਖਾਂ ਨੂੰ ਪਰਮਾਤਮਾ ਕਦੇ ਮੁਆਫ਼ ਨਹੀਂ ਕਰਦਾ ਤੇ ਉਨ੍ਹਾ ਦੁਆਰਾ ਭੇਟ ਕੀਤੀ ਕੋਈ ਵੀ ਸ਼ੈਅ ਪਰਮੇਸ਼ਰ ਦੇ ਦਰ ’ਤੇ ਪਰਵਾਨ ਨਹੀਂ ਹੁੰਦੀ ਹੈ। ਬੇਸ਼ੱਕ ਭਾਰਤ ਵਿੱਚ ‘ਪਿੱਤਰ ਰਿਣ’ ਚੁਕਾਉਣ ਲਈ ਕਈ ਪ੍ਰਕਾਰ ਦੇ ਕਰਮਕਾਂਡ ਕਰਨ ਦੀ ਪਿਰਤ ਹੈ, ਪ੍ਰੰਤੂ ਅੰਤਿਮ ਸੱਚ ਇਹੋ ਹੈ ਕਿ ਆਪਣਾ ਸਾਰਾ ਕੁਝ ਅਰਪਣ ਕਰਕੇ ਵੀ ਮਾਪਿਆਂ ਦਾ ਜਾਂ ਘਰ ਦੇ ਵੱਡੇ ਬਜ਼ੁਰਗਾਂ ਦਾ ਦੇਣ ਨਹੀਂ ਦਿੱਤਾ ਜਾ ਸਕਦਾ ਹੈ ਤੇ ਉਨ੍ਹਾ ਦੇ ਅਹਿਸਾਨਾਂ ਦਾ ਰਿਣ ਭਾਵ ਕਰਜ਼ਾ ਕਦੇ ਵੀ ਨਹੀਂ ਉਤਾਰਿਆ ਜਾ ਸਕਦਾ।

ਵਿਸ਼ਵ ਪੱਧਰ ’ਤੇ ਬਜ਼ੁਰਗਾਂ ਲਈ ਕੋਈ ਦਿਨ ਮਨਾਉਣ ਦੀ ਗੱਲ ਸੰਨ 1990 ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਵਿੱਚ 14 ਦਸੰਬਰ ਨੂੰ ਚੱਲੀ ਸੀ ਤੇ ਸਰਬਸੰਮਤੀ ਨਾਲ ਮਤਾ ਪ੍ਰਵਾਨ ਕੀਤਾ ਗਿਆ ਸੀ ਕਿ ਦੁਨੀਆ ਭਰ ਦੇ ਬਜ਼ੁਰਗਾਂ ਦੇ ਸਤਿਕਾਰ ਵਿੱਚ ਹਰ ਸਾਲ 1 ਅਕਤੂਬਰ ਦੇ ਦਿਨ ‘ਕੌਮਾਂਤਰੀ ਬਜ਼ੁਰਗ ਦਿਵਸ’ ਮਨਾਇਆ ਜਾਵੇਗਾ ਤੇ ਇਹ ਦਿਨ ਮਨਾਏ ਜਾਣ ਦੀ ਸ਼ੁਰੂਆਤ ਸੰਨ 1991 ਵਿੱਚ ਹੋਈ ਸੀ, ਜਦੋਂ ਦੁਨੀਆ ਭਰ ਵਿੱਚ ਸਭ ਤੋਂ ਪਹਿਲਾ ‘ਕੌਮਾਂਤਰੀ ਬਜ਼ੁਰਗ ਦਿਵਸ’ ਮਨਾਇਆ ਗਿਆ ਸੀ। ਅਸਲ ਵਿੱਚ ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਇਸ ਦਿਨ ਮੌਕੇ ਬਜ਼ੁਰਗਾਂ ਨੂੰ ਦਰਪੇਸ਼ ਮੁਸ਼ਕਲਾਂ ਤੇ ਸਮੱਸਿਆਵਾਂ ਪ੍ਰਤੀ ਲੋਕਾਂ ਦਾ ਧਿਆਨ ਦੁਆਉਣਾ ਅਤੇ ਬਜ਼ੁਰਗਾਂ ਵੱਲੋਂ ਜੀਵਨ ਵਿੱਚ ਕੀਤੀਆਂ ਪ੍ਰਾਪਤੀਆਂ ਅਤੇ ਸਮਾਜ ਜਾਂ ਦੇਸ਼ ਦੀ ਤਰੱਕੀ ਵਿੱਚ ਪਾਏ ਯੋਗਦਾਨ ਨੂੰ ਸਲਾਮ ਕਰਨਾ ਹੈ। ਸੰਯੁਕਤ ਰਾਸ਼ਟਰ ਸੰਘ ਇਹ ਮੰਨਦਾ ਹੈ ਕਿ ਇਸ ਦਿਨ ਨੂੰ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਇਸ ਦਿਨ ਆਪਣੇ ਘਰ, ਗਲੀ, ਮੁਹੱਲੇ ਜਾਂ ਕਿਸੇ ਬਿਰਧ ਆਸ਼ਰਮ ਵਿੱਚ ਮੌਜੂਦ ਕਿਸੇ ਬਜ਼ੁਰਗ ਨਾਲ ਸਮਾਂ ਬਿਤਾਇਆ ਜਾਵੇ, ਉਸ ਦੀਆਂ ਗੱਲਾਂ ਸੁਣੀਆਂ ਜਾਣ ਤੇ ਉਸ ਦੀਆਂ ਮਨਚਾਹੀਆਂ ਚੀਜ਼ਾਂ ਦੇ ਕੇ ਉਸ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ ਤੇ ਉਸ ਦਾ ਮਨ ਹਰ ਹਾਲ ਵਿੱਚ ਖ਼ੁਸ਼ ਕੀਤਾ ਜਾਵੇ।

ਬਜ਼ੁਰਗ ਹੋ ਚੁੱਕੇ ਵਿਅਕਤੀ ਦੀਆਂ ਅਸਲ ਵਿੱਚ ਕਈ ਪ੍ਰਕਾਰ ਦੀਆਂ ਸਰੀਰਕ, ਮਾਨਸਿਕ, ਭਾਵਨਾਤਮਿਕ ਜਾਂ ਆਰਥਿਕ ਪ੍ਰੇਸ਼ਾਨੀਆਂ ਹੁੰਦੀਆਂ ਹਨ। ਕੁਝ ਇੱਕ ਪੱਛਮੀ ਮੁਲਕਾਂ ਵਿੱਚ ਵੱਸਦੇ ਬਜ਼ੁਰਗਾਂ ਦਾ ਬੁਢਾਪਾ ਵਧੀਆ ਢੰਗ ਨਾਲ ਅਤੇ ਬਿਨਾਂ ਕਿਸੇ ਧੀ-ਪੁੱਤ ਦੀ ਮਦਦ ਦੇ ਬਿਤਾਉਣ ਦਾ ਜ਼ਿੰਮਾ ਸਰਕਾਰ ਦੇ ਸਿਰ ਹੈ ਤੇ ਹਰੇਕ ਬਜ਼ੁਰਗ ਨੂੰ ਲੋੜੀਂਦੀ ਹਰ ਮਦਦ ਸਰਕਾਰੀ ਤੌਰ ’ਤੇ ਉਪਲੱਬਧ ਹੈ, ਪਰ ਭਾਰਤ, ਪਾਕਿਸਤਾਨ, ਬੰਗਲਾਦੇਸ਼ ਜਾਂ ਹੋਰ ਏਸ਼ੀਆਈ ਅਤੇ ਅਫ਼ਰੀਕੀ ਮੁਲਕਾਂ ਵਿੱਚ ਗ਼ਰੀਬ ਤੇ ਬੇਸਹਾਰਾ ਬਜ਼ੁਰਗਾਂ ਦੀ ਹਾਲਤ ਕਾਫ਼ੀ ਮੰਦੀ ਤੇ ਤਰਸਯੋਗ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਦੁਨੀਆ ਭਰ ਵਿੱਚ ਹਰ ਰੋਜ਼ 1 ਲੱਖ 50 ਹਜ਼ਾਰ ਦੇ ਕਰੀਬ ਲੋਕ ਵੱਖ-ਵੱਖ ਕਾਰਨਾਂ ਕਰਕੇ ਪ੍ਰਾਣ ਤਿਆਗਦੇ ਹਨ, ਜਿਨ੍ਹਾਂ ਵਿੱਚੋਂ ਤਕਰੀਬਨ 1 ਲੱਖ ਵਿਅਕਤੀ ਭਾਵ 75 ਫ਼ੀਸਦੀ ਵਿਅਕਤੀ ਬੁਢਾਪੇ ਜਾਂ ਬੁਢਾਪੇ ਨਾਲ ਸਬੰਧਤ ਰੋਗਾਂ ਅਤੇ ਸਮੱਸਿਆਵਾਂ ਕਰਕੇ ਜਾਨ ਗੁਆਉਂਦੇ ਹਨ। ਉਦਯੋਗਿਕ ਮੁਲਕਾਂ ਵਿੱਚ ਤਾਂ ਕੁੱਲ ਮੌਤਾਂ ਵਿੱਚੋਂ ਬਜ਼ੁਰਗਾਂ ਦੀ ਮੌਤ ਦਾ ਅੰਕੜਾ 90 ਫ਼ੀਸਦੀ ਹੈ।



ਬਜ਼ੁਰਗ ਅਵਸਥਾ ਵਿੱਚ ਕਿਸੇ ਆਰਥਿਕ ਜਾਂ ਸਮਾਜਿਕ ਥੁੜ ਕਰਕੇ ਕਿਸੇ ਬਜ਼ੁਰਗ ਦਾ ਰੁਲਦਾ ਬੁਢਾਪਾ ਉਸ ਸਬੰਧਤ ਪਰਵਾਰ ਜਾਂ ਸਮਾਜ ਦੇ ਮੱਥੇ ’ਤੇ ਕਲੰਕ ਹੈ। ਭਾਰਤ ਵਿੱਚ ਤੇ ਖ਼ਾਸ ਕਰਕੇ ਪੰਜਾਬ ਵਿੱਚ ਬਜ਼ੁਰਗਾਂ ਨੂੰ ਦਿੱਤੀ ਜਾਣ ਵਾਲੀ ਮਹੀਨਾਵਾਰ ਸਰਕਾਰੀ ਮਦਦ ਬਹੁਤ ਹੀ ਨਿਗੂਣੀ ਤੇ ਨਾਕਾਫ਼ੀ ਹੈ ਤੇ ਉਹ ਮਦਦ ਵੀ ਨਿਰੰਤਰ ਨਾ ਮਿਲਣਾ ਲੋੜਵੰਦ ਬਜ਼ੁਰਗਾਂ ਲਈ ਵੱਡੀ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ। ਇੱਕ ਸਰਵੇ ਅਨੁਸਾਰ ਬਜ਼ੁਰਗਾਂ ਨੂੰ ਹੋਣ ਵਾਲੀਆਂ ਪ੍ਰਮੁੱਖ ਬਿਮਾਰੀਆਂ ਵਿੱਚ ਹੱਡੀਆਂ, ਅੱਖਾਂ ਤੇ ਦਿਲ ਸੰਬੰਧੀ ਰੋਗ ਹਨ। ਡਾਇਬਿਟੀਜ਼, ਹਾਈ ਬਲੱਡ ਪ੍ਰੈਸ਼ਰ, ਅਲਜ਼ਾਈਮਰ, ਪਾਰਕਿਨਸਨ, ਕੈਂਸਰ ਆਦਿ ਰੋਗ ਬਿਰਧਾਂ ਲਈ ਕਾਫ਼ੀ ਘਾਤਕ ਸਾਬਿਤ ਹੁੰਦੇ ਹਨ। 85 ਸਾਲ ਦੀ ਉਮਰ ਤੱਕ ਪੁੱਜਣ ਵਾਲੇ ਕੁੱਲ ਬਜ਼ੁਰਗਾਂ ਵਿੱਚੋਂ 30 ਫ਼ੀਸਦੀ ਬਜ਼ੁਰਗ ਕੈਂਸਰ ਦੀ ਮਾਰ ਹੇਠ ਆ ਜਾਂਦੇ ਹਨ ਤੇ ਦੂਜਾ ਵੱਡਾ ਹਮਲਾ ਇਨ੍ਹਾਂ ’ਤੇ ‘ਸਟ੍ਰੋਕ’ ਦੇ ਰੂਪ ਵਿੱਚ ਹੁੰਦਾ ਹੈ। ਕੈਂਸਰ ਰੋਗ ਸਬੰਧਤ ਖੋਜੀ ਰਾਬਰਟ ਵੇਨਬਰਗ ਨੇ ਕਿਹਾ ਸੀ, “ਜੇਕਰ ਅਸੀਂ ਲੰਮੀ ਉਮਰ ਭੋਗਦੇ ਹਾਂ ਤਾਂ ਚਾਹੇ ਛੇਤੀ ਤੇ ਚਾਹੇ ਦੇਰ ਨਾਲ, ਅਸੀਂ ਕੈਂਸਰ ਦੇ ਸ਼ਿਕਾਰ ਜ਼ਰੂਰ ਬਣਾਂਗੇ।’ ਮੈਡੀਕਲ ਮਾਹਿਰਾਂ ਦਾ ਮੰਨਣਾ ਹੈ ਕਿ ਉਂਜ ਤਾ ਸਟ੍ਰੋਕ ਕਿਸੇ ਵੀ ਉਮਰ ਵਿੱਚ ਮਨੁੱਖੀ ਸਰੀਰ ’ਤੇ ਹਮਲਾ ਕਰ ਸਕਦਾ ਹੈ, ਪਰ ਦੁਨੀਆ ਭਰ ਵਿੱਚ ਆਉਣ ਵਾਲੇ ਸਟ੍ਰੋਕ ਦੇ ਕੁੱਲ ਮਾਮਲਿਆਂ ਵਿੱਚੋਂ 95 ਫ਼ੀਸਦੀ ਸਟ੍ਰੋਕ 45 ਸਾਲ ਦੀ ਉਮਰ ਤੋਂ ਬਾਅਦ ਅਤੇ 67 ਫ਼ੀਸਦੀ ਸਟ੍ਰੋਕ 65 ਜਾਂ ਇਸ ਤੋਂ ਵੱਧ ਦੀ ਉਮਰ ਵਿੱਚ ਆਉਂਦੇ ਹਨ। ਸਾਲ 2011 ਵਿੱਚ ਹੋਈਆਂ ਕੁੱਲ ਮੌਤਾਂ ਵਿੱਚੋਂ 6.2 ਮਿਲੀਅਨ ਭਾਵ ਕੁੱਲ ਮੌਤਾਂ ਵਿੱਚੋਂ 11 ਫ਼ੀਸਦੀ ਮੌਤਾਂ ਦਾ ਮੁੱਢਲਾ ਕਾਰਨ ‘ਸਟ੍ਰੋਕ’ ਹੀ ਸੀ। ਇੱਕ ਹੈਰਾਨੀਜਨਕ ਅੰਕੜਾ ਇਹ ਵੀ ਹੈ ਕਿ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲਿਆਂ ਵਿੱਚੋਂ 59 ਤੋਂ ਲੈ ਕੇ 75 ਫ਼ੀਸਦੀ ਤੱਕ ਮਹਿਲਾਵਾਂ ਹੀ ਹੁੰਦੀਆਂ ਹਨ, ਜੋ ਕਿ ਬਹੁਤ ਹੀ ਮਾਣ ਦੀ ਗੱਲ ਹੈ। ਇਹ ਤੱਥ ਵੀ ਪ੍ਰਸੰਸਾਯੋਗ ਪਾਇਆ ਗਿਆ ਹੈ ਕਿ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲੇ ਅਮਲੇ ਵਿੱਚ ਸ਼ਾਮਲ ਮਹਿਲਾ ਕਰਮਚਾਰੀਆਂ ਨੇ ਪੁਰਸ਼ ਕਰਮਚਾਰੀਆਂ ਦੀ ਬਨਿਸਪਤ 50 ਫ਼ੀਸਦੀ ਵੱਧ ਸਮਾਂ ਬਜ਼ੁਰਗਾਂ ਦੀ ਸੇਵਾ ਜਾਂ ਦੇਖਭਾਲ ਵਿੱਚ ਬਿਤਾਇਆ ਸੀ।

**# ਸੰਪਰਕ : 97816-46008**

# ਲੋਕਤੰਤਰ ਦੀ ਮੁੱਢਲੀ ਇਕਾਈ : ਪੰਚਾਇਤ


ਜਗਦੇਵ ਸ਼ਰਮਾ

ਪੰਜਾਬ ਵਿੱਚ ਹਰ ਪੰਜ ਸਾਲ ਬਾਅਦ ਹੋਣ ਵਾਲੀਆਂ ਪੰਚਾਇਤੀ ਚੋਣਾਂ ਦਾ ਐਲਾਨ ਹੋ ਗਿਆ ਹੈ। ਇਨ੍ਹਾਂ ਚੋਣਾਂ ਲਈ ਨਾਮਜ਼ਦਗੀਆਂ ਭਰਨ ਦਾ ਕੰਮ 27 ਸਤੰਬਰ ਤੋਂ ਸ਼ੁਰੂ ਹੋ ਗਿਆ ਹੈ। ਵੋਟਾਂ 15 ਅਕਤੂਬਰ ਨੂੰ ਪਾਈਆਂ ਜਾਣਗੀਆਂ ਅਤੇ ਨਤੀਜੇ ਵੀ ਉਸੇ ਦਿਨ ਐਲਾਨੇ ਜਾਣਗੇ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਸ ਲੋਕਤੰਤਰ ਦੀ ਮੁੱਢਲੀ ਇਕਾਈ ਹੈ ਪੰਚਾਇਤ।ਵੱਡੇ-ਵੱਡੇ ਲੀਡਰ ਪੰਚਾਇਤ ਦੀ ਮੈਂਬਰੀ ਜਾਂ ਫਿਰ ਪਿੰਡ ਦੀ ਸਰਪੰਚੀ ਨੂੰ ਪੌੜੀ ਦਾ ਪਹਿਲਾ ਡੰਡਾ ਬਣਾ ਕੇ ਸਿਆਸਤ ਦੀਆਂ ਉਚਾਈਆਂ ਨੂੰ ਸੂਹ ਸਕੇ ਹਨ ।ਸ੍ਰ. ਪ੍ਰਕਾਸ਼ ਸਿੰਘ ਬਾਦਲ, ਜੋ ਕਿ ਪੰਜ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਿਆ, ਨੇ ਵੀ ਸਿਆਸਤ ਦਾ ਸਫ਼ਰ ਪਿੰਡ ਦੀ ਸਰਪੰਚੀ ਤੋਂ ਹੀ ਸ਼ੁਰੂ ਕੀਤਾ ਸੀ।ਸ੍ਰ. ਬੇਅੰਤ ਸਿੰਘ ਨੇ ਵੀ ਆਪਣਾ ਸਿਆਸੀ ਸਫਰ ਸਰਪੰਚੀ ਤੋਂ ਹੀ ਸ਼ੁਰੂ ਕੀਤਾ ਸੀ। ਵਾਕਿਆ ਹੀ ਪੰਚਾਇਤ ਸਿਆਸਤ ਦੀ ਪਹਿਲੀ ਜਮਾਤ ਹੈ ।ਬਲਵੰਤ ਰਾਏ ਮਹਿਤਾ ਨੂੰ ਭਾਰਤ ਵਿਚਲੇ ਪੰਚਾਇਤੀ ਰਾਜ ਦਾ ਪਿਤਾਮਾ ਮੰਨਿਆ ਜਾਂਦਾ ਹੈ ।

ਪਿੰਡ ਪੰਚਾਇਤ ਦਾ ਪਿਛੋਕੜ ਵੇਦਾਂ ਜਿੰਨਾ ਹੀ ਪੁਰਾਣਾ ਹੈ ।ਅੰਗਰੇਜ਼ ਹਕੂਮਤ ਨੇ ਭਾਰਤੀ ਪੇਂਡੂ ਐਕਟ 1883 ਲਿਆਂਦਾ ਸੀ। ਆਜ਼ਾਦ ਭਾਰਤ ਦੀ ਸਰਕਾਰ ਨੇ ਪਹਿਲਾ ਦੇਸੀ ਪੰਚਾਇਤੀ ਕਾਨੂੰਨ 1959 ਵਿੱਚ ਪਾਸ ਕੀਤਾ ।ਸਮੇਂ ਦੇ ਹਾਣ ਦਾ ਬਣਾਉਣ ਲਈ 1993 ਵਿੱਚ ਸੰਵਿਧਾਨ ਦੀ 73ਵੀਂ ਸੋਧ ਦੁਆਰਾ ਭਾਰਤੀ ਪੰਚਾਇਤੀ ਕਾਨੂੰਨ ਵਿੱਚ ਵਿਆਪਕ ਤਬਦੀਲੀਆਂ ਕੀਤੀਆਂ ਗਈਆਂ ।ਇਸੇ ਸੋਧ ਜ਼ਰੀਏ ਪੰਚਾਇਤ ਦੀ ਭੂਮਿਕਾ ਅਤੇ ਜ਼ੁੰਮੇਵਾਰੀਆਂ ਨਿਰਧਾਰਤ ਕੀਤੀਆਂ ਗਈਆਂ ।ਇਸ ਸਭ ਤੋਂ ਹੇਠਲੀ ਇਕਾਈ ਦੀ ਚੋਣ ਸੰਬੰਧਤ ਪਿੰਡ ਦੇ ਵੋਟਰਾਂ ਦੁਆਰਾ ਹਰੇਕ ਪੰਜ ਸਾਲਾਂ ਪਿੱਛੋਂ ਕੀਤੀ ਜਾਂਦੀ ਹੈ ਅਤੇ ਰਾਜ ਚੋਣ ਕਮਿਸ਼ਨ ਇਸ ਚੋਣ ਨੂੰ ਨੇਪਰੇ ਚਾੜ੍ਹਨ ਦਾ ਕੰਮ ਕਰਦਾ ਹੈ । ਇਹ ਰਾਜ ਦੀ ਸਰਕਾਰ ਤਹਿ ਕਰਦੀ ਹੈ ਕਿ ਪੰਚਾਇਤ ਦਾ ਮੁਖੀਆ ਸਿੱਧਾ ਵੋਟਾਂ ਰਾਹੀ ਚੁਣਿਆ ਜਾਵੇ ਜਾਂ ਚੁਣੇ ਹੋਏ ਮੈਂਬਰ ਆਪਣੇ ਵਿੱਚੋਂ ਹੀ ਸਰਪੰਚ ਚੁਣਨ । ਕਈ ਰਾਜਾਂ ਨੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਦੀ ਵਿਦਿਅਕ ਯੋਗਤਾ ਨਿਰਧਾਰਤ ਕੀਤੀ ਹੋਈ ਹੈ, ਪ੍ਰੰਤੂ ਪੰਜਾਬ ਵਿਚ ਐਸਾ ਨਹੀਂ ਹੈ । ਪੰਜਾਬ ਵਿੱਚ ਅਨਪੜ੍ਹ ਵੀ ਸਰਪੰਚ ਜਾਂ ਪੰਚ ਬਣ ਸਕਦਾ ਹੈ ।

ਪੰਜਾਬ ਰਾਜ ਨੇ ਵੀ 73ਵੀਂ ਸੋਧ ਦੀਆਂ ਮੱਦਾਂ ਅਨੁਸਾਰ ਆਪਣਾ ਪੰਜਾਬ ਰਾਜ ਪੰਚਾਇਤੀ ਐਕਟ 1994 ਪਾਸ ਕੀਤਾ ਹੈ ।ਪੰਜਾਬ ਵਿੱਚ ਪੰਚਾਇਤ ਸਿਸਟਮ ਤਿਨ ਸੱਤਰੀ ਹੈ, ਪੰਚਾਇਤ, ਬਲਾਕ ਸੰਮਤੀ, ਅਤੇ ਜ਼ਿਲਾ ਪ੍ਰੀਸ਼ਦ।ਪੰਚਾਇਤ ਮੈਂਬਰ ਅਤੇ ਸਰਪੰਚ ਰਾਜਨੀਤਕ ਹੁੰਦੇ ਹਨ ਅਤੇ ਪ੍ਰਸ਼ਾਸਨ ਦਾ ਨੁਮਾਇੰਦਾ ਪੰਚਾਇਤ ਸਕੱਤਰ, ਬਲਾਕ ਪੱਧਰ ਤੇ ਬਲਾਕ ਸਮਿਤੀ ਚੇਅਰਮੈਨ ਰਾਜਨੀਤਕ ਹੁੰਦਾ ਹੈ ਅਤੇ ਬੀ ਡੀ ਪੀ ਓ ਸਰਕਾਰੀ ਅਧਿਕਾਰੀ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ਉੱਤੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਰਾਜਨੀਤਕ ਵਿਅਕਤੀ ਹੈ ਅਤੇ ਡੀ ਡੀ ਪੀ ਓ ਸਰਕਾਰ ਦਾ ਪ੍ਰਤੀਨਿਧ ।

ਮਹਿਲਾ ਸਸ਼ਕਤੀਕਰਨ ਅਤੇ ਅਨੁਸੂਚਿਤ ਜਾਤੀਆਂ ਨੂੰ ਪੰਚਾਇਤੀ ਸਿਸਟਮ ’ਚ ਉਚਿੱਤ ਪ੍ਰਤੀਨਿਧਤਾ ਦੇਣ ਲਈ ਸੰਵਿਧਾਨ ਵਿਚ 73ਵੀਂ ਸੋਧ ਕਰਕੇ ਸੀਟਾਂ ਦੇ ਆਰਕਸ਼ਣ ਦਾ ਪ੍ਰਾਵਧਾਨ ਕੀਤਾ ਗਿਆ ਹੈ ।ਸੰਵਿਧਾਨ ਦੇ ਅਨੁਛੇਦ 243 ਡੀ ਦੀ ਧਾਰਾ (3) ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੂੰ ਸਿੱਧੇ ਚੋਣਾਂ ਅਤੇ ਪੰਚਾਇਤਾਂ ਦੇ ਪ੍ਰਧਾਨਾਂ ਦੇ ਅਹੁਦਿਆਂ ਦੀ ਸਿੱਧੀ ਚੋਣ ਰਾਹੀਂ ਭਰੀਆਂ ਜਾਣ ਵਾਲੀਆਂ ਕੁੱਲ ਸੀਟਾਂ ਵਿੱਚੋਂ ਮਹਿਲਾਵਾਂ ਲਈ ਘੱਟੋ-ਘੱਟ ਇੱਕ ਤਿਹਾਈ ਸੀਟਾਂ ਦੇ ਰਾਖਵਾਂਕਰਨ ਨੂੰ ਯਕੀਨੀ ਬਣਾਉਂਦੀ ਹੈ । ਅਨੁਛੇਦ 243 ਡੀ ਦੀ ਕਲਾਜ਼ (4) ਦੇ ਸੰਦਰਭ ਅਨੁਸਾਰ ਪਿੰਡ ਜਾਂ ਕਿਸੇ ਹੋਰ ਪੱਧਰ ’ਤੇ ਪੰਚਾਇਤਾਂ ਵਿੱਚ ਚੇਅਰਪਰਸਨਾਂ ਦੇ ਪਦ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਮਹਿਲਾਵਾਂ ਲਈ ਰਾਖਵੇਂ ਹੋਣਗੇ ।

ਪਿੰਡ ਦਾ ਚਹੁੰ-ਤਰਫਾ ਵਿਕਾਸ, ਜਿਸ ਵਿੱਚ ਪਿੰਡ ਵਾਲਿਆਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ, ਸਿਹਤ ਸਹੂਲਤਾਂ ਦਾ ਖਿਆਲ ਰੱਖਣਾ, ਪਿੰਡ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਨਾ, ਗਲੀਆਂ-ਨਾਲੀਆਂ ਬਣਵਾਉਣਾ, ਜਨਮ-ਮੌਤ ਦਾ ਰਿਕਾਰਡ ਰੱਖਣਾ, ਪਿੰਡ ਦੇ ਵਿਕਾਸ ਲਈ ਟੈਕਸ ਲਾਉਣਾ ਅਤੇ ਉਗਰਾਹੁਣਾ, ਪਿੰਡ ਦੀ ਸਾਂਝੀ ਸੰਪਤੀ ਦੀ ਸਾਂਭ-ਸੰਭਾਲ ਦਾ ਕੰਮ ਕਰਨਾ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਬੇਰੁਜ਼ਗਾਰਾਂ ਲਈ ਰੁਜ਼ਗਾਰ ਦੀਆਂ ਸਕੀਮਾਂ ( ਮਨਰੇਗਾ ਵਗੈਰਾ ) ਨੂੰ ਲਾਗੂ ਕਰਨਾ ਆਦਿ , ਪੰਚਾਇਤ ਦੇ ਮੁਢਲੇ ਕੰਮਾਂ ਵਿੱਚੋਂ ਹੁੰਦੇ ਹਨ । ਪੰਚਾਇਤ ਦਾ ਮੁਖੀਆ ਜਿਸ ਨੂੰ ਸਰਪੰਚ ਕਿਹਾ ਜਾਂਦਾ ਹੈ, ਆਪਣੇ ਸਾਥੀ ਪੰਚਾਇਤ ਮੈਂਬਰਾਂ ਦੇ ਸਹਿਯੋਗ ਨਾਲ ਇਹ ਸਾਰੇ ਕੰਮ ਕਰਦਾ ਹੈ । ਇੱਕ ਸਰਕਾਰੀ ਕਰਮਚਾਰੀ (ਪੰਚਾਇਤ ਸਕੱਤਰ) ਪ੍ਰਸ਼ਾਸਨ ਅਤੇ ਪੰਚਾਇਤ ਵਿਚਕਾਰ ਕੜੀ ਦਾ ਕੰਮ ਕਰਦਾ ਹੈ।ਸਰਪੰਚ ਨੂੰ 1200 ਰੁਪਏ ਪ੍ਰਤੀ ਮਹੀਨਾ ਤਨਖਾਹ ਵੀ ਮਿਲਦੀ ਹੈ ।ਸਰਪੰਚ ਸਰਕਾਰੀ ਅਫਸਰਾਂ ਅਤੇ ਪਿੰਡਾਂ ਦੇ ਭਾਈਚਾਰੇ ਦਰਮਿਆਨ ਸੰਪਰਕ ਦਾ ਕੇਂਦਰ ਹੈ।

ਭਾਰਤੀ ਸੰਵਿਧਾਨ ਪੰਚਾਇਤਾਂ ਨੂੰ ਨਾ-ਮਾਤਰ ਨਿਆਂਇਕ ਸ਼ਕਤੀਆਂ ਵੀ ਪ੍ਰਦਾਨ ਕਰਦਾ ਹੈ । ਕੁਝ ਕੁ ਦੀਵਾਨੀ ਝਗੜੇ, ਜਿਨ੍ਹਾਂ ਵਿਚ ਸੰਪਤੀ ਨਾਲ ਸੰਬੰਧਤ ਝਗੜੇ, ਪਰਵਾਰਕ ਝਗੜੇ, ਜ਼ਮੀਨ ਨਾਲ ਸੰਬੰਧਤ ਮੁੱਦੇ ਅਤੇ ਛੋਟੇ-ਮੋਟੇ ਫੌਜਦਾਰੀ ਝਗੜਿਆਂ ਦਾ ਨਿਪਟਾਰਾ ਪੰਚਾਇਤ ਕਰ ਸਕਦੀ ਹੈ ।ਅਜਿਹੇ ਕੇਸਾਂ ਵਿੱਚ ਪੰਚਾਇਤ ਦਾ ਰਵੱਈਆ ਜ਼ਿਆਦਾਤਰ ਸਮਝੌਤਾਵਾਦੀ ਹੁੰਦਾ ਹੈ। 2010 ਵਿੱਚ ਮਹਿੰਦਰ ਨਾਥ ਬਨਾਮ ਸ਼ੀਲਾ ਦੇਵੀ ਦੇ ਮੁਕੱਦਮੇ ਦਾ ਫ਼ੈਸਲਾ ਸੁਣਾਉਂਦਿਆਂ ਦੇਸ਼ ਦੀ ਸਰਬ ਉੱਚ ਅਦਾਲਤ ਨੇ ਕਿਹਾ ਸੀ ਕਿ ਪੰਚਾਇਤ ਦੇ ਅਜਿਹੇ ਫੈਸਲੇ, ਜਿਹੜੇ ਕਿਸੇ ਜੋੜੇ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹੋਣ, ਨੂੰ ਕੋਈ ਕਾਨੂੰਨੀ ਮਾਨਤਾ ਨਹੀਂ ਹੁੰਦੀ, ਭਾਵੇਂ ਸਮਾਜ ਅਜਿਹੇ ਫੈਸਲੇ ਨੂੰ ਮਾਨਤਾ ਦਿੰਦਾ ਹੋਵੇ । ਇਸੇ ਤਰਾਂ ਪੰਚਾਇਤੀ ਵਿਆਹ ਅਤੇ ਪੰਚਾਇਤੀ ਤਲਾਕ ਹਿੰਦੂ ਵਿਆਹ ਕਾਨੂੰਨ 1955 ਦੀ ਉਲੰਘਣਾ ਮੰਨਿਆ ਜਾਵੇਗਾ ।ਪੰਚਾਇਤ ਕਿਸੇ ਨੂੰ ਜੇਲ੍ਹ ਨਹੀਂ ਭੇਜ ਸਕਦੀ ।200/-ਰੁਪਏ ਤੱਕ ਦਾ ਜੁਰਮਾਨਾ ਜਾਂ ਨੁਕਸਾਨ ਦੇ ਦੁੱਗਣੇ ਜਿਹੜਾ ਵੀ ਜ਼ਿਆਦਾ ਹੈ ਤੱਕ ਦਾ ਜੁਰਮਾਨਾ ਕਰ ਸਕਦੀ ਹੈ ਪੰਚਾਇਤ।ਕੋਈ ਵੀ ਕ੍ਰਿਮੀਨਲ ਕੇਸ ਜਿਹੜਾ ਕਿਸੇ ਕੋਰਟ ਵਿਚ ਸੁਣਵਾਈ ਅਧੀਨ ਹੈ, ਪੰਚਾਇਤ ਉਸ ਉੱਪਰ ਸੁਣਵਾਈ ਨਹੀਂ ਕਰੇਗੀ । ਪੰਚਾਇਤਾਂ ਕੋਲ ਸੀਮਤ ਸ਼ਕਤੀਆਂ ਹੋਣ ਕਾਰਨ ਹੀ ਕਿਸੇ ਸਿਆਣੇ ਨੇ ਆਹ ਕਹਾਵਤ ਘੜੀ ਹੋਵੇਗੀ:

*‘ਪੰਚਾਂ ਦਾ ਕਿਹਾ ਸਿਰ ਮੱਥੇ , ਪਰਨਾਲਾ ਉੱਥੇ ਦਾ ਉੱਥੇ।’*

ਖਾਪ ਪੰਚਾਇਤ ਦਾ ਜ਼ਿਕਰ ਕੀਤੇ ਬਿਨਾਂ ਰਚਨਾ ਅਧੂਰੀ ਹੋਵੇਗੀ ।ਖਾਪ ਪੰਚਾਇਤਾਂ ਆਮ ਤੌਰ ’ਤੇ ਸਮਾਜਿਕ , ਰਾਜਨੀਤਕ ਸਮੂਹ ਹੁੰਦੀਆਂ ਹਨ।ਖਾਪ ਪੰਚਾਇਤਾਂ ਦਾ ਜਿਆਦਾ ਬੋਲਬਾਲਾ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕੁਝ ਕੁ ਹਿੱਸਿਆਂ ਵਿੱਚ ਹੈ।ਉੱਚੀਆਂ ਜਾਤਾਂ ਦੇ ਸਿਆਣੇ ਬਜ਼ੁਰਗ ਖਾਪ ਪੰਚਾਇਤ ਦੇ ਆਪੂੰ ਬਣੇ ਮੈਂਬਰ ਹੁੰਦੇ ਹਨ । ਆਮ ਤੌਰ ’ਤੇ ਮੈਂਬਰਾਂ ਦੀ ਗਿਣਤੀ 10 ਤੋਂ 15 ਹੁੰਦੀ ਹੈ ।ਇਹ ਮੈਂਬਰ ਆਪਣੇ ਆਪ ਹੀ ਸਮਾਜਿਕ ਰਸਮਾਂ ਅਧਾਰਤ ਕਾਨੂੰਨ ਘੜਦੇ ਹਨ । ਇਨ੍ਹਾਂ ਪੰਚਾਇਤਾਂ ਦੇ ਫੈਸਲਿਆਂ ਨੂੰ ਕੋਈ ਕਾਨੂੰਨੀ ਮਾਨਤਾ ਉਪਲੱਬਧ ਨਹੀਂ ਹੁੰਦੀ।ਅਜਿਹੀਆਂ ਖਾਪ ਪੰਚਾਇਤਾਂ ਹਿੰਦੂ ਮੈਰਿਜ ਐਕਟ 1955 ਦੀਆਂ ਖਾਸ ਵਿਰੋਧੀ ਹੁੰਦੀਆਂ ਹਨ ।ਜਦੋਂ ਕੋਈ ਇੱਕੋ ਗੋਤਰ ਦੇ ਮੁੰਡਾ-ਕੁੜੀ ਜਾਂ ਇੱਕੋ ਪਿੰਡ ਦਾ ਕੋਈ ਅਜਿਹਾ ਜੋੜਾ ਪ੍ਰੇਮ ਵਿਆਹ ਕਰ ਲੈਂਦਾ ਹੈ ਤਾਂ ਇਹ ਖਾਪ ਪੰਚਾਇਤਾਂ ਤੁਰੰਤ ਹਰਕਤ ਵਿੱਚ ਆਉਂਦੀਆਂ ਹਨ ਅਤੇ ਸੰਬੰਧਤ ਜੋੜੇ ਅਤੇ ਉਸ ਦੇ ਪਰਵਾਰ ਨੂੰ ਅਣਮਨੁੱਖੀ ਸਜ਼ਾ ਦਾ ਫੈਸਲਾ ਸੁਣਾਉਂਦੀਆਂ ਹਨ । ਅਣਖ ਖਾਤਰ ਕਤਲ ਅਜਿਹੇ ਫੈਸਲਿਆਂ ਦੀ ਹੀ ਦੇਣ ਹੁੰਦੇ ਹਨ ।

ਪਿੰਡਾਂ ਵਿਚ ਗ੍ਰਾਮ ਸਭਾ ਦਾ ਸੰਕਲਪ ਕਿਸੇ ਵੇਲੇ ਦੇ ਕੇਂਦਰੀ ਵਜ਼ੀਰ ਮਨੀ ਸ਼ੰਕਰ ਅਈਅਰ ਦੀ ਦੇਣ ਹੈ । ਉਹ ਸੰਸਥਾ, ਜਿਸ ਵਿੱਚ ਪਿੰਡ ਦੇ ਸਾਰੇ ਵੋਟਰ ਸਥਾਈ ਮੈਂਬਰ ਹੁੰਦੇ ਹਨ , ਗ੍ਰਾਮ ਸਭਾ ਅਖਵਾਉਂਦੀ ਹੈ । ਗ੍ਰਾਮ ਸਭਾ ਇਕ ਤਰ੍ਹਾਂ ਨਾਲ ਪਿੰਡ ਦੀ ਵਿਧਾਨ ਸਭਾ ਜਾਂ ਪਾਰਲੀਮੈਂਟ ਦੀ ਤਰ੍ਹਾਂ ਹੈ, ਜਿਹੜੀ ਪੰਚਾਇਤ/ਸਰਪੰਚ ਦੇ ਕੰਮਾਂ ਉੱਪਰ ਨਿਗਰਾਨ ਦਾ ਕੰਮ ਕਰਦੀ ਹੈ ।ਕੇਂਦਰ ਜਾਂ ਰਾਜ ਸਰਕਾਰ ਦੀ ਹਰ ਸਕੀਮ ਦੇ ਲਾਭਪਾਤਰੀਆਂ ਦੀ ਨਿਸ਼ਾਨਦੇਹੀ ਗ੍ਰਾਮ ਸਭਾ ਰਾਹੀਂ ਕੀਤੀ ਜਾਂਦੀ ਹੈ। ਸਾਲ ਵਿੱਚ ਦੋ ਵਾਰ ਗ੍ਰਾਮ ਸਭਾ ਦਾ ਅਜਲਾਸ ਬੁਲਾਇਆ ਜਾਣਾ ਜ਼ਰੂਰੀ ਹੁੰਦਾ ਹੈ ।ਗ੍ਰਾਮ ਸਭ ਦੇ ਜਨਰਲ ਅਜਲਾਸ ਵਿੱਚ ਪੰਚਾਇਤ ਸਕੱਤਰ ਸਰਕਾਰੀ ਨੁਮਾਇੰਦੇ ਤੌਰ ’ਤੇ ਬੈਠਦਾ ਹੈ ਅਤੇ ਸਰਪੰਚ (ਸਰਪੰਚ ਦੀ ਗੈਰ-ਹਾਜ਼ਰੀ ਵਿੱਚ ਸੀਨੀਅਰ ਪੰਚਾਇਤ ਮੈਂਬਰ) ਅਜਲਾਸ ਦੀ ਪ੍ਰਧਾਨਗੀ ਕਰਦਾ ਹੈ ।ਜੇਕਰ ਸਰਪੰਚ ਗ੍ਰਾਮ ਸਭਾ ਦਾ ਇਜਲਾਸ ਬੁਲਾਉਣ ਤੋਂ ਇਨਕਾਰੀ ਹੋਵੇ ਤਾਂ ਗ੍ਰਾਮ ਸਭਾ ਦੇ 20 ਫੀਸਦੀ, ਤੋਂ ਵੱਧ ਮੈਂਬਰ ਸਰਕਾਰ ਦੀ ਦਾਖਲਅੰਦਾਜ਼ੀ ਨਾਲ ਸਰਪੰਚ ਨੂੰ ਅਜਿਹਾ ਅਜਲਾਸ ਬੁਲਾਉਣ ਲਈ ਮਜਬੂਰ ਵੀ ਕਰ ਸਕਦੇ ਹਨ । ਜ਼ਿਆਦਾਤਰ ਅਜਿਹੇ ਅਜਲਾਸ ਸਿਰਫ ਕਾਨੂੰਨੀ ਖ਼ਾਨਾਪੂਰਤੀ ਲਈ ਹੀ ਕੀਤੇ ਜਾਂਦੇ ਹਨ ।

ਪੰਚਾਇਤਾਂ ਦੀ ਕਾਮਯਾਬੀ ਦੇ ਰਾਹ ਵਿੱਚ ਕੁਝ ਰੋੜੇ ਵੀ ਹਨ । ਸਭ ਤੋਂ ਵੱਡਾ ਰੋੜਾ ਹੈ ਫੰਡਾਂ ਦੀ ਘਾਟ । ਜਿਨ੍ਹਾਂ ਪੰਚਾਇਤਾਂ ਦਾ ਆਮਦਨ ਦਾ ਆਪਣਾ ਕੋਈ ਸਾਧਨ ਨਹੀਂ ਅਤੇ ਰੱਬ ਨਾ ਕਰੇ ਸਰਕਾਰ ਦੀ ਨਜ਼ਰ ਵੀ ਸਵੱਲੀ ਨਾ ਹੋਵੇ ਤਾਂ ਅਜਿਹੀ ਪੰਚਾਇਤ ਤਾਂ ਨਾ ਹੋਇਆਂ ਵਰਗੀ ਹੀ ਹੁੰਦੀ ਹੈ । ਮਾਨਵੀ ਸ਼ਕਤੀ ਦੀ ਘਾਟ ਦੂਜੀ ਵੱਡੀ ਅਟਕਲ ਹੈ । ਇੱਕ ਪੰਚਾਇਤ ਸਕੱਤਰ ਨੇ ਹੀ ਸਾਰੇ ਕੰਮ ਕਰਨੇ ਹੁੰਦੇ ਹਨ । ਸੀਮਤ ਸ਼ਕਤੀਆਂ, ਪੰਚਾਇਤੀ ਢਾਂਚੇ ਵਿੱਚ ਜਵਾਨੀ ਦੀ ਨਾਮਾਤਰ ਭਾਗੀਦਾਰੀ ਲਈ ਜ਼ੁੰਮੇਵਾਰ ਹਨ। ਬੁਨਿਆਦੀ ਢਾਂਚੇ ਦੀ ਕਮਜ਼ੋਰੀ , ਅਨਟਰੇਂਡ ਮਾਨਵੀ ਸ਼ਕਤੀ ਵੀ ਨਾਂਹ-ਵਾਚਕ ਸਿੱਧ ਹੁੰਦੀਆਂ ਹਨ । ਪਿੰਡਾਂ ਵਿਚ ਧੜੇਬੰਦੀ ਦਾ ਕਾਰਨ ਵੀ ਬਣਦਾ ਹੈ ਵਰਤਮਾਨ ਪੰਚਾਇਤੀ ਸਿਸਟਮ ।

ਰਾਜਨੀਤਕ ਦਖਲਅੰਦਾਜ਼ੀ ਵੀ ਪੰਚਾਇਤਾਂ ਦੇ ਅਜ਼ਾਦਾਨਾ ਤਰੀਕੇ ਨਾਲ ਕੰਮ ਕਰਨ ਦੇ ਰਾਹ ਦਾ ਰੋੜਾ ਬਣਦੀ ਹੈ।ਦਲਬਦਲੀ ਦੇ ਇਸ ਦੌਰ ਵਿੱਚ ਜ਼ਿਆਦਾਤਰ ਪੰਚਾਇਤਾਂ ਤਾਂ ਰਾਜ ਕਰੇਂਦੀ ਪਾਰਟੀ ਦੀ ਬੋਲੀ ਹੀ ਬੋਲਦੀਆਂ ਹਨ, ਪ੍ਰੰਤੂ ਕਈ ਕੱਟੜ ਸਿਆਸਤੀ ਸਰਪੰਚ ਅਪਣਾ ਵੱਖਰਾ ਹੀ ਟਿੰਡ ਵਿੱਚ ਕਾਨਾ ਫਸਾਈ ਰੱਖਦੇ ਹਨ ।

ਦੇਸ਼ ਅੰਦਰ ਵਿਆਪਕ ਰੂਪ ਵਿੱਚ ਫੈਲੇ ਭ੍ਰਿਸ਼ਟਾਚਾਰ ਤੋਂ ਪੰਚਾਇਤਾਂ ਵੀ ਬਚੀਆਂ ਨਹੀਂ । ਸ਼ਾਇਦ ਇਸੇ ਲਈ ਆਹ ਗਾਣਾ ਬਣਿਆ ਹੈ:

*‘ਲੈ-ਲੈ ਤੂੰ ਸਰਪੰਚੀ ਵੇ, ਸਰਕਾਰੀ ਪੈਸਾ ਖਾਵਾਂਗੇ।’*

ਘੜੰਮ ਚੌਧਰੀਆਂ ਨੂੰ ਇਹ ਗੱਲ ਛੇਤੀ ਕੀਤਿਆਂ ਹਜ਼ਮ ਨਹੀਂ ਆਉਂਦੀ ਕਿ ਪਿੰਡ ਦੀ ਵਾਗਡੋਰ ਕਿਸੇ ਦਲਿਤ ਦੇ ਹੱਥ ਹੋਵੇ ਜਾਂ ਫਿਰ ਕੋਈ ਮਹਿਲਾ ਉਨ੍ਹਾਂ ਉੱਤੇ ਹੁਕਮ ਚਲਾਵੇ । ਅਜਿਹੇ ਵਿੱਚ ਚਲਦਿਆਂ ਉਹ ਲੋਕ ਸਰਕਾਰੇ-ਦਰਬਾਰੇ ਆਪਣੀ ਪਹੁੰਚ ਨੂੰ ਸਰਪੰਚ ਦੇ ਖਿਲਾਫ ਵਰਤਦੇ ਹਨ ।

ਪਿਛਲੇ ਮਹੀਨੇ ਪੰਜਾਬ ਵਿਧਾਨ ਸਭਾ ਵਿਚ ਲਿਆਂਦੇ ਗਏ ਪੰਚਾਇਤ ਸੰਸੋਧਨ ਬਿੱਲ ਰਾਹੀਂ ਇਹ ਸੋਧ ਕੀਤੀ ਗਈ ਹੈ ਕਿ ਪੰਚਾਇਤੀ ਚੋਣਾਂ ਵਿੱਚੋਂ ਧੜੇਬੰਦੀ ਨੂੰ ਖਤਮ ਕਰਨ ਲਈ ਇਹ ਚੋਣਾਂ ਬਿਨਾਂ ਕਿਸੇ ਰਾਜਨੀਤਕ ਚਿੰਨ੍ਹ ਦੇ ਲੜੀਆਂ ਜਾਣਗੀਆਂ । ਮੁੱਖ ਮੰਤਰੀ ਭਗਵੰਤ ਮਾਨ ਨੇ ਸਰਬਸੰਮਤੀ ਨਾਲ ਚੁਣੀ ਜਾਣ ਵਾਲੀ ਪੰਚਾਇਤ ਨੂੰ ਪੰਜ ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ ਹੈ । ਵੋਟਰਾਂ ਨੂੰ ਅਪੀਲ ਹੈ ਕਿ ਉਹ ਆਪਣੇ ਪਿੰਡ ਲਈ ਅਜਿਹੀ ਪੰਚਾਇਤ ਦੀ ਚੋਣ ਕਰਨ, ਜਿਸ ਦੇ ਮੈਂਬਰ ਪੜ੍ਹੇ-ਲਿਖੇ , ਇਮਾਨਦਾਰ ਅਤੇ ਸਮੁੱਚੀ ਯੋਗ ਅਗਵਾਈ ਦੇਣ ਦੇ ਸਮਰੱਥ ਹੋਣ । ਪੰਚਾਇਤਾਂ ਨੂੰ ਆਰਥਕ ਤੌਰ ’ਤੇ ਸਮਰੱਥ ਬਣਾਉਣਾ ਅਤੇ ਵੱਧ ਅਧਿਕਾਰ ਦਿੱਤੇ ਜਾਣੇ ਸਮੇਂ ਦੀ ਲੋੜ ਹੈ ।ਕੁਝ ਕੁ ਸੋਧਾਂ ਨਾਲ ਪੰਚਾਇਤੀ ਰਾਜ ਨੂੰ ਹੋਰ ਅਸਰਦਾਰ ਬਣਾਇਆ ਜਾਣਾ ਚਾਹੀਦਾ ਹੈ ।

**# ਸੰਪਰਕ : 98727-87243**

1-OCT-PAGE-5.qxd 9/30/2024 10:48 PM Page 1



# ਸੈਲਰਾਂ 'ਚ ਝੋਨੇ ਦੀ ਸਟੋਰੇਜ ਦਾ ਮੁੱਦਾ ਗਰਮਾਇਆ, ਭਲਕੇ ਪਟਿਆਲਾ 'ਚ ਵੱਡਾ ਇਕੱਠ

- ਕੇਂਦਰ ਤੇ ਪੰਜਾਬ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਕਰਾਂਗੇ ਤੇਜ਼ : ਸੈਣੀ
- ਮੰਡੀਆਂ 'ਚ ਕਿਸਾਨਾਂ ਦੇ ਰੁਲਣ ਲਈ ਕੇਂਦਰ ਤੇ ਸੂਬਾ ਸਰਕਾਰ ਜ਼ਿੰਮੇਵਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਰਾਈਸ ਮਿਲਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਤਰਸੇਮ ਸੈਣੀ ਨੇ ਵਰਤਮਾਨ ਸਮੇਂ ਪੈਦਾ ਹੋਏ ਹਲਾਤਾਂ ਤੇ ਝੋਨੇ ਦੀ ਸਟੋਰੇਜ ਦੇ ਮਾਮਲੇ ਸਬੰਧੀ ਪੰਜਾਬ ਭਰ ਦੇ ਸਮੁੱਚੇ ਸੈਲਰ ਮਾਲਕਾਂ ਦੇ 2 ਅਕਤੂਬਰ ਨੂੰ ਸਪਰਿੰਗ ਫੀਲਡ ਪੈਲਸ ਨਾਭਾ ਰੋਡ ਪਟਿਆਲਾ ਵਿਖੇ ਇਕੱਠੇ ਹੋਣ ਦਾ ਐਲਾਨ ਕਰ ਦਿੱਤਾ ਹੈ, ਜਿਸ ਵਿੱਚ ਹਰਿਆਣਾ ਰਾਇਸ ਮਿਲਰਜ਼ ਵੀ ਸ਼ਿਰਕਤ ਕਰਨਗੇ।

ਉਨ੍ਹਾਂ ਦੱਸਿਆ ਕਿ ਇਸ ਜਨਰਲ ਅਜਲਾਸ ਵਿੱਚ ਸਾਰੇ ਸ਼ੈਲਰ ਮਾਲਕਾਂ ਦੀ ਸਹਿਮਤੀ ਨਾਲ ਮੰਗਾਂ ਨਾ ਮੰਗੇ ਜਾਣ ਦੀ ਸੂਰਤ ਵਿਚ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸੈਲਰ ਇੰਡਸਟਰੀ ਖੇਤੀ ਅਧਾਰਤ ਪੰਜਾਬ ਦੀ ਸਭ ਤੋਂ ਵੱਡਾ ਇੰਡਸਟਰੀ ਹੈ ਤੇ ਅੱਜ ਦੇ ਸਮੇਂ ਵਿਚ ਸਭ ਤੋਂ ਔਖੀ ਘੜੀ ਵਿੱਚੋਂ ਗੁਜ਼ਰ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਸੈਲਰ ਇੰਡਸਟਰੀ ਦੀ ਸਾਲ 2023-24 ਵਿੱਚ, ਜੋ ਪੰਜਾਬ ਦੇ ਫੂਡ ਸਪਲਾਈ ਮਹਿਕਮੇ ਦੀ ਮਾੜੀ ਕਾਰਗੁਜ਼ਾਰੀ ਕਾਰਨ ਤੇ ਇਸ ਵਿੱਚ ਸੈਲਰ ਮਾਲਕਾਂ ਦਾ ਸ਼ੋਸ਼ਣ ਹੋਣ ਕਾਰਨ ਬਹੁਤ ਵੱਡੇ ਵਿੱਤੀ ਸੰਕਟ ਵਿੱਚ ਆ ਗਈ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸ਼ੈਲਰ ਮਾਲਕਾਂ ਦਾ 2000 ਕਰੋੜ ਰੁਪਏ ਬਕਾਇਆ ਸੂਬਾ ਸਰਕਾਰ ਵੱਲ ਬਕਾਇਆ ਖੜ੍ਹਾ ਹੈ, ਜਿਸ ਵਿੱਚ 11 ਲੱਖ ਲੈਵੀ ਸਕਿਉਰਟੀ, 8 ਸਾਲਾ ਦਾ ਸਕਿਉਰਟੀਆਂ ਦਾ 10 ਫੀਸਦੀ ਬਕਾਇਆ, ਸਾਲ 2003-04 ਤੋਂ ਲੈ ਕੇ 2012-13 ਦੀਆਂ ਬੋਰੀਆ ਦੀ ਵਾਧੂ ਰਾਸ਼ੀ ਦੀ ਰਿਕਵਰੀ ਤੇ 350 ਰੁਪਏ ਪ੍ਰਤੀ ਕਵਿੰਟਲ, ਜਿਨ੍ਹਾਂ ਤੋਂ ਲੈਵੀ ਚਾਵਲ ਨਾ ਲਾਉਣ ਕਰਕੇ ਕੱਟਿਆ ਗਿਆ ਸੀ, ਸ਼ਾਮਲ ਹਨ।ਪ੍ਰਧਾਨ ਤਰਸੇਮ ਸੈਣੀ ਨੇ ਦੱਸਿਆ ਕਿ ਪਿਛਲੇ 4 ਮਹਿਨਿਆਂ ਤੋਂ ਸੈਕਟਰੀ ਫੂਡ ਪੰਜਾਬ ਨੇ ਮੀਟਿੰਗ ਵਿੱਚ ਕਹਿਣ ਦੇ ਬਾਵਜੂਦ ਸਾਡਾ ਬਕਾਇਆ ਨਹੀਂ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਿਛਲੇ ਸਾਲ ਪੀ. ਆਰ. 126 ਜ਼ੀਰੀ ਦੇ ਨਾਮ 'ਤੇ ਵਿਕੀ ਹਾਈਬ੍ਰੀਡ ਝੋਨੇ ਵਿੱਚੋਂ ਨਿਕਲਣ ਵਾਲਾ ਚਾਵਲ 62-63 ਕਿੱਲੋ ਤੱਕ ਹੀ ਨਿਕਲਿਆ ਤੇ ਡੈਮਜ਼ਡਿਸਕਲਰ ਅਤੇ ਟੁਕੜਾ ਵੀ ਬਹੁਤ ਜ਼ਿਆਦਾ ਨਿਕਲਿਆ।ਇਸੇ ਤਰ੍ਹਾਂ ਐੱਫ.ਸੀ.ਆਈ. ਵਿੱਚ ਚਾਵਲ ਲੈਣ ਲਈ ਲਗਾਈਆਂ ਗਈਆਂ ਏ.ਜੀ.ਏ. ਮਸ਼ੀਨਾਂ ਨਾਲ ਵੀ 1 ਮਹੀਨੇ ਤੋਂ ਬਾਅਦ ਛੇੜ-ਛਾੜ ਕੀਤੀ ਗਈ ਅਤੇ ਜੋ ਵਿੰਗਜ਼ ਐਪ 'ਚੱਕੇ' ਵੰਡਣ ਵਾਸਤੇ ਲਾਈ ਗਈ ਸੀ, ਉਸ ਨੂੰ ਜ਼ਿਲ੍ਹਾ ਪੱਧਰ 'ਤੇ ਚਲਾਉਣ ਦਾ ਅਧਿਕਾਰ ਦੇਣ ਤੋਂ ਬਾਅਦ ਕਰੋੜਾਂ ਰੁਪਏ ਸੈਲਰ ਮਾਲਕਾਂ ਤੋਂ ਲਿੰਕਜ ਕਰਨ ਤੇ ਸਟੈਕ ਵੰਡਣ ਦੇ ਨਾਮ 'ਤੇ ਲੈ ਲਏ ਗਏ, ਜਿਸ ਕਾਰਨ ਅੱਜ ਸੈਲਰ ਮਾਲਕ ਨਵੇਂ ਸੀਜ਼ਨ ਵਿਚ ਆਪਣੇ ਸੈਲਰ ਬੰਦ ਰੱਖਣਾ ਚਾਹੁੰਦੇ ਹਨ।ਇਸ ਸਾਲ ਦਾ 0 ਕਿਲੋਮੀਟਰ ਤੋਂ ਬਾਅਦ ਐੱਫ.ਸੀ.ਆਈ. ਡਿੱਪੂ ਵਿੱਚ ਚਾਵਲ ਦੇਣ ਦਾ ਜੋ ਕਰਾਇਆ ਦੇਣਾ ਹੁੰਦਾ ਹੈ, ਉਹ ਵੀ ਨਹੀਂ ਦਿੱਤਾ ਗਿਆ, ਉਪਰੋਂ ਸਾਲ 2018-19 ਦੇ ਯੂਜ਼ਰ ਚਾਰਜਿਜ਼ ਦੀ ਰਿਕਵਰੀ ਕਰ ਲਈ ਗਈ।ਪ੍ਰਧਾਨ ਸੈਣੀ ਨੇ ਦੱਸਿਆ ਕਿ ਉਲਟਾ ਪੰਜਾਬ ਵਿੱਚ 500 ਸਟੈਕ ਐੱਫ.ਆਰ.ਕੇ. ਦੇ ਰਿਜੈਕਸ਼ਨ ਵਿੱਚ ਪਾ ਦਿੱਤੇ ਗਏ।ਉਨ੍ਹਾਂ ਸੈਲਰ ਮਾਲਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਇਸ ਚਾਵਲ ਨੂੰ ਰੀਪਲੇਸ ਕਰਨ ਇਨ੍ਹਾਂ ਹਾਲਤਾਂ ਵਿੱਚ ਅਫਸਰਸ਼ਾਹੀ ਕੁਝ ਮਿਲਰਾਂ ਨੂੰ ਡਰਾ ਧਮਕਾ ਕੇ ਉਨ੍ਹਾਂ ਸ਼ੈਲਰਾਂ ਵਿੱਚ ਝੋਨਾ ਸਟੋਰ ਕਰਨਾ ਚਾਹੁੰਦੀ ਹੈ।

ਪ੍ਰਧਾਨ ਤਰਸੇਮ ਸੈਣੀ ਨੇ ਦੱਸਿਆ ਕਿ ਇਸ ਸਬੰਧੀ ਅਸੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਫੂਡ ਸਪਲਾਈ ਮੰਤਰੀ ਸ੍ਰੀ ਲਾਲ ਚੰਦ ਕਟਾਰੂ ਚੱਕ ਤੇ ਚੀਫ ਸੈਕਟਰੀ ਸ੍ਰੀ ਅਨੁਰਾਗ ਵਰਮਾ ਅਤੇ ਸ੍ਰੀ ਵੀ. ਕੇ. ਸਿੰਘ, ਡਾਇਰੈਕਟਰ ਫੂਡ ਪ੍ਰਿੰਸੀਪਲ ਸੈਕਟਰੀ ਫੂਡ ਸਪਲਾਈ ਪੰਜਾਬ ਨੂੰ ਵੀ ਨਾਲ ਮੀਟਿੰਗ ਕਰਕੇ ਦੱਸ ਚੁੱਕੇ ਹਾਂ ਅਤੇ ਮੁੱਖ ਮੰਤਰੀ ਸਾਹਿਬ ਨੇ ਕੇਂਦਰੀ ਮੰਤਰੀ ਸ੍ਰੀ ਪ੍ਰਹਿਲਾਦ ਜੋਸ਼ੀ ਨਾਲ ਫੋਨ 'ਤੇ ਗੱਲ ਕਰਕੇ ਪੰਜਾਬ ਵਿੱਚ ਚਾਵਲ ਚੁੱਕਣ ਲਈ ਕਿਹਾ ਸੀ, ਪਰ ਇਸ ਦਾ ਕੋਈ ਹੱਲ ਨਿਕਲਦਾ ਨਹੀਂ ਦਿਖਾਈ ਦੇ ਰਿਹਾ।ਪ੍ਰਧਾਨ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਸਾਡੇ ਨਾਲ ਦਿੱਲੀ ਜਾਣ ਨੂੰ ਕਿਹਾ ਸੀ, ਪ੍ਰੰਤੂ ਉਨ੍ਹਾਂ ਦੀ ਤਬੀਅਤ ਖਰਾਬ ਹੋ ਜਾਣ ਕਾਰਨ ਮੀਟਿੰਗ ਨਹੀਂ ਹੋ ਸਕੀ।ਪ੍ਰਧਾਨ ਤਰਸੇਮ ਸੈਣੀ ਨੇ ਕਿਹਾ ਕਿ ਸਮੁੱਚੇ ਸੈਲਰ ਮਾਲਕ ਪਟਿਆਲਾ ਵਿਖੇ ਪਹੁੰਚਣ ਤਾਂ ਕਿ ਅਗਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕੀਤੀ ਜਾ ਸਕੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਚੀਮਾ, ਸੀਨੀਅਰ ਮੀਤ ਪ੍ਰਧਾਨ ਸਤ ਪ੍ਰਕਾਸ਼ ਗੋਇਲ, ਜਨਰਲ ਸਕੱਤ ਦਿਲਬਾਗ ਸਿੰਘ, ਅਸ਼ੋਕ ਕੁਮਾਰ ਮੋਦੀ ਤੇ ਦਵਿੰਦਰ ਕੁਮਾਰ ਬੱਗਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਗਾਰਡਨ ਵੈਲੀ ਸਕੂਲ ਦੇ ਟਰੱਸਟੀ 'ਤੇ ਅਣਪਛਾਤਿਆਂ ਨੇ ਚਲਾਈ ਗੋਲੀ

## ਗੰਭੀਰ ਜ਼ਖਮੀ ਹਾਲਤ 'ਚ ਚੰਡੀਗੜ੍ਹ ਹਸਪਤਾਲ ਨੂੰ ਕੀਤਾ ਰੈਫਰ



ਜ਼ਖਮੀ ਬਲਦੇਵ ਸਿੰਘ

**ਸਮਰਾਲਾ (ਸੁਰਜੀਤ ਸਿੰਘ)**-ਸੋਮਵਾਰ ਕਰੀਬ ਇੱਕ ਵਜੇ ਮਾਛੀਵਾੜਾ ਸਾਹਿਬ ਸਕੂਲ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਦੇ ਟਰੱਸਟੀ ਬਲਦੇਵ ਸਿੰਘ 'ਤੇ ਕਾਤਲਾਨਾ ਹਮਲਾ ਹੋਣ ਦਾ ਸਮਾਚਾਰ ਹੈ। ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਬਲਦੇਵ ਸਿੰਘ ਨਾਮਧਾਰੀ ਅੱਜ ਆਪਣੇ ਮਾਛੀਵਾੜਾ ਸਾਹਿਬ ਨੇੜਲੇ ਸਕੂਲ 'ਚੋਂ ਕਾਰ 'ਚ ਸਵਾਰ ਹੋ ਕੇ ਆਪਣੇ ਘਰ ਚੰਡੀਗੜ੍ਹ ਲਈ ਰਵਾਨਾ ਹੋਏ ਸਨ ਕਿ 3 ਕਿਲੋਮੀਟਰ ਦੂਰੀ 'ਤੇ ਹੀ ਸਰਹਿੰਦ ਨਹਿਰ ਦੇ ਗੜ੍ਹੀ ਪੁਲ 'ਤੇ ਅਣਪਛਾਤੇ ਕਾਰ ਸਵਾਰਾਂ ਨੇ ਉਨ੍ਹਾਂ ਉੱਪਰ ਗੋਲੀ ਚਲਾ ਦਿੱਤਾ। ਬਲਦੇਵ ਸਿੰਘ ਨਾਮਧਾਰੀ ਅਨੁਸਾਰ 2 ਕਾਰ ਸਵਾਰ, ਜੋ ਕਿ ਆਈ-20 ਕਾਰ 'ਤੇ ਆਏ ਤੇ ਉਨ੍ਹਾਂ ਦੇ ਬਰਾਬਰ ਕਾਰ ਲਗਾ ਕੇ ਗੋਲੀ ਚਲਾ ਦਿੱਤੀ। ਇਸ ਹਮਲੇ ਵਿੱਚ ਉਹ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਸਮਰਾਲਾ ਹਸਪਤਾਲ ਵਿਖੇ ਲਿਆਂਦਾ ਗਿਆ, ਜਿੱਥੇ ਮੁੱਢਲੀ ਸਹਾਇਤਾ ਉਪਰੰਤ ਚੰਡੀਗੜ੍ਹ ਰੈਫ਼ਰ ਕਰ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਐੱਸ. ਪੀ. ਸੌਰਵ ਜਿੰਦਲ, ਡੀ.ਐੱਸ.ਪੀ. ਤਰਲੋਚਨ ਸਿੰਘ, ਡੀ.ਐੱਸ.ਪੀ. (ਡੀ) ਗੁਰਵਿੰਦਰ ਸਿੰਘ ਬਰਾੜ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ, ਜਿਨ੍ਹਾਂ ਵੱਲੋਂ ਸਕੂਲ ਤੋਂ ਲੈ ਕੇ ਘਟਨਾ ਸਥਾਨ ਤੱਕ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਪੀ. ਸੌਰਵ ਜਿੰਦਲ ਨੇ ਦੱਸਿਆ ਕਿ ਗਾਰਡਨ ਵੈਲੀ ਦੇ ਟਰੱਸਟੀ 'ਤੇ ਕਾਤਲਾਨਾ ਹਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਸਰਕਾਰੀ ਹਸਪਤਾਲ ਦੇ ਡਾਕਟਰ ਸੰਚਾਰੀ ਸਾਹਾ ਨੇ ਦੱਸਿਆ ਕਿ ਬਲਦੇਵ ਸਿੰਘ ਜ਼ਖਮੀ ਹਾਲਤ ਵਿੱਚ ਸਮਰਾਲਾ ਸਿਵਲ ਹਸਪਤਾਲ ਵਿੱਚ ਆਏ ਸਨ ਜ਼ਖਮੀ ਦੇ ਗੋਲੀ ਗਰਦਨ 'ਤੇ ਲੱਗੀ ਹੋਈ ਸੀ। ਉਨ੍ਹਾਂ ਦੀ ਹਾਲਤ ਨੂੰ ਗੰਭੀਰ ਦੇਖਦੇ ਹੋਏ ਚੰਡੀਗੜ੍ਹ ਦੇ 32 ਸੈਕਟਰ ਦੇ ਵਿੱਚ ਹਸਪਤਾਲ ਰੈਫਰ ਕਰ ਦਿੱਤਾ ਗਿਆ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਮੰਗਾਂ ਨੂੰ ਲੈ ਕੇ ਕੀਤਾ ਪ੍ਰਦਰਸ਼ਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਜ਼ਿਲ੍ਹਾ ਪਟਿਆਲਾ ਵਿਖੇ ਸੰਘਰਸ਼ ਦਾ ਬਿਗਲ ਵਜਾਉਂਦੇ ਹੋਏ ਜ਼ਿਲ੍ਹਾ ਪ੍ਰਧਾਨ ਸ਼ਾਂਤੀ ਦੇਵੀ ਦੀ ਅਗਵਾਈ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਸਰਕਾਰ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ।ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਵਿੱਤ ਸਕੱਤਰ ਅੰਮ੍ਰਿਤਪਾਲ ਨੇ ਕਿਹਾ ਕਿ ਅੱਜ ਆਈ ਸੀ.ਡੀ.ਐੱਸ. ਸਕੀਮ ਵੈਂਟੀਲੇਟਰ 'ਤੇ ਆ ਗਈ ਹੈ।ਉਨ੍ਹਾਂ ਕਿਹਾ ਕਿ 2 ਅਕਤੂਬਰ 1975 ਨੂੰ ਸ਼ੁਰੂ ਹੋਈ ਬਹੁਤ ਹੀ ਮਹੱਤਵਪੂਰਨ ਸਕੀਮ, ਜੋ ਅੱਜ ਪੰਜਾਵੇਂ ਵਰ੍ਹੇ ਵਿੱਚ ਸ਼ਾਮਲ ਹੋ ਗਈ ਹੈ ਅਤੇ ਜਿਸ ਨੇ ਬੱਚਿਆਂ ਵਿੱਚ ਕਪੋਸ਼ਣ ਦਰ ਨੂੰ ਘਟਾਇਆ, ਗਲ ਘੋਟੂ, ਤਪਦਿਕ, ਖਸਰਾ, ਪੋਲੀਓ ਵਰਗੀਆਂ ਨਾਮੁਰਾਦ ਬਿਮਾਰੀਆਂ ਨੂੰ ਨੱਥ ਪਾਉਣ ਵਿੱਚ ਕਾਰਜ ਕੀਤਾ, ਪਰ ਅੱਜ ਖ਼ੁਦ ਇਨ੍ਹਾਂ ਬਿਮਾਰੀਆਂ ਦਾ ਸ਼ਿਕਾਰ ਹੋ ਗਈ ਹੈ।ਕੇਂਦਰ ਸਰਕਾਰ ਵੱਲੋਂ ਇਸ ਨੂੰ ਨਾਮ ਤਾਂ ਬਹੁਤ ਸੋਹਣੇ ਦਿੱਤੇ ਜਾ ਰਹੇ ਹਨ, ਕਦੇ ਮਿਸ਼ਨ ਮੋੜ, ਆਈ.ਸੀ.ਡੀ.ਐੱਸ. ਅਬਰੇਲਾ ਤੇ ਹੁਣ ਸਕਸ਼ਮ ਆਂਗਣਵਾੜੀ ਪੋਸ਼ਣ ਅਭਿਆਨ ਦੇ ਦਾ ਨਾਮ ਦਿੱਤਾ ਹੈ, ਪਰ ਸਕਸ਼ਮ (ਪੂਰਨ) ਤਾਂ ਹੀ ਹੋਵੇਗੀ, ਜੇਕਰ ਇਸ ਵਿੱਚ ਦਿੱਤੇ ਜਾਣ ਵਾਲੀਆਂ ਸਹੂਲਤਾਂ ਲਈ ਸੰਪੂਰਨ ਬਜਟ ਅਲਾਟ ਕਰਾਇਆ ਜਾਵੇਗਾ।ਜ਼ਿਲ੍ਹਾ ਵਿੱਤ ਸਕੱਤਰ ਰਾਜ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਦੇ ਪਿਛਲੇ ਬਕਾਏ ਹੀ ਜਾਰੀ ਕਰਦੇ ਹੋਏ ਜੋ ਐਡਵਰਟਾਈਜ਼ਮੈਂਟ ਕੀਤੀਆਂ ਜਾ ਰਹੀਆਂ ਹਨ, ਉਸ ਤੋਂ ਵੱਧ ਚੰਗਾ ਹੋਵੇਗਾ ਕਿ ਉਹ ਆਪਣੇ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕਰੇ।

ਆਗੂਆਂ ਨੇ ਦੱਸਿਆ ਕਿ ਆਂਗਣਵਾੜੀ ਕੇਂਦਰਾਂ ਦੀ ਸਿੱਧੀ ਨਿਗਰਾਨੀ ਲਈ ਕੇਂਦਰ ਸਰਕਾਰ ਵੱਲੋਂ ਪੋਸ਼ਣ ਟਰੈਕ ਐਪ ਚਲਾਈ ਜਾ ਰਹੀ ਹੈ ਤੇ ਜਿਸ ਨੂੰ ਸਹੀ ਰੂਪ ਵਿੱਚ ਚਲਾਉਣ ਵਾਸਤੇ ਸਰਕਾਰ ਨੇ ਵੱਖ ਵੱਖ ਸੂਬਿਆਂ ਵਿੱਚ ਮੋਬਾਇਲ ਤੇ ਮੋਬਾਇਲ ਭੱਤੇ ਦਿੱਤੇ ਹਨ, ਪਰ ਪੰਜਾਬ ਸਰਕਾਰ ਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪੋਸ਼ਣ ਟਰੈਕ 'ਤੇ ਕੰਮ ਤਾਂ ਲਿਆ ਜਾ ਰਿਹਾ ਹੈ, ਪਰ ਇਸ ਨੂੰ ਚਲਾਉਣ ਵਾਸਤੇ ਲੈਪਟੋਪ ਦੀ ਜ਼ਰੂਰਤ ਹੈ, ਜੋ ਅਜੇ ਤੱਕ ਨਹੀਂ ਦਿੱਤੇ ਗਏ, ਪਰ ਇਸ ਦੇ ਉਲਟ ਕੰਮ ਵਿੱਚ ਲਗਾਤਾਰ ਵਾਧਾ ਕਰਦੇ ਹੋਏ ਆਂਗਣਵਾੜੀ ਵਰਕਰਾਂ ਹੈਲਪਰਾਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੀਆਂ ਵੱਖ ਵੱਖ ਮੀਟਿੰਗਾਂ ਵਿੱਚ ਕੀਤੇ ਫੈਸਲੇ ਤੁਰੰਤ ਲਾਗੂ ਕਰੇ ਆਇਸੀਡੀਐੱਸ ਵਿੱਚ ਐੱਨਜੀਓ ਦੀ ਲਗਾਤਾਰ ਘੁਸਪੈਠ ਬੰਦ ਕੀਤੀ ਜਾਵੇ, ਇਸ ਨੂੰ ਸਿੱਧੇ ਤੌਰ 'ਤੇ ਚਲਾਉਣ ਦਾ ਪ੍ਰਬੰਧ ਕੀਤਾ ਜਾਵੇ ਨਹੀਂ ਤਾਂ ਮਜਬੂਰਨ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਪਵੇਗਾ, ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਵਿਭਾਗ ਤੇ ਸਰਕਾਰ ਦੀ ਹੋਵੇਗੀ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਪ੍ਰਦੀਪ ਕੁਮਾਰ ਨੇ ਮੰਗ ਪੱਤਰ ਲਿਆ।ਉਨ੍ਹਾ ਵਿਸ਼ਵਾਸ ਦਿਵਾਇਆ ਕਿ ਉਹ ਮੰਗਾਂ ਨੂੰ ਸਰਕਾਰ ਤੱਕ ਪਹੁੰਚਦਾ ਕਰਨਗੇ।ਇਸ ਧਰਨੇ ਵਿੱਚ ਬਲਜੀਤ ਕੌਰ, ਅੰਗਰੇਜ ਕੌਰ, ਮਾਇਆ ਕੌਰ, ਰਮੇਸ਼ ਕੌਰ, ਕੁਲਜੀਤ ਕੌਰ, ਸਵਰਨ ਕੌਰ ਰਾਜਪੁਰਾ, ਨਰਦੀਪ ਕੌਰ, ਨਿਰਮਲ ਕੌਰ, ਰਣਜੀਤ ਕੌਰ ਆਦਿ ਸ਼ਾਮਲ ਸਨ।

## ਕਾਤਰਾਂ

### ਗੁਰਮਤਿ ਸਮਾਗਮ ਭਲਕੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਖਾਲਸਾ ਪੰਥ ਦੇ ਸਿੱਦਕੀ ਤੇ ਅਣਥੱਕ ਸੇਵਾਦਾਰ ਗੁਰਪੁਰਵਾਸੀ ਭਾਈ ਸੁਰਿੰਦਰਪਾਲ ਸਿੰਘ ਠਰੂਆ ਦੀ ਯਾਦ ਵਿੱਚ 2 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਪਿੰਡ ਠਰੂਆ (ਖਨੌਰੀ ਤੋਂ ਕੈਥਲ ਰੋਡ 'ਤੇ) ਵਿਖੇ ਗੁਰਸੰਗਤ ਤੇ ਖਾਲਸਾ ਪੰਥ ਦੇ ਸੇਵਾਦਾਰਾਂ ਵੱਲੋਂ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ।ਇਸ ਸਮਾਗਮ ਦੌਰਾਨ ਭਾਈ ਬੇਅੰਤ ਸਿੰਘ ਲੁਧਿਆਣੇ ਵਾਲੇ (ਕੀਰਤਨੀ ਜਥਾ), ਡਾ. ਕੰਵਲਜੀਤ ਸਿੰਘ (ਵਿਖਿਆਨ) ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।ਇਸ ਮੌਕੇ ਬਾਬਾ ਇੰਦਰ ਸਿੰਘ ਕਾਰ ਸੇਵਾ, ਪਲਵਿੰਦਰ ਸਿੰਘ ਸ਼ਤਰਾਣਾ, ਬਾਬਾ ਦਲਬਾਗ ਸਿੰਘ, ਪੁਸ਼ਪਿੰਦਰ ਸਿੰਘ ਤਾਊ, ਮੋਹਕਮ ਸਿੰਘ, ਜਸਵੀਰ ਸਿੰਘ, ਦਵਿੰਦਰ ਸਿੰਘ ਮਾਸਟਰ ਤੇ ਰਣਜੀਤ ਸਿੰਘ ਹਾਜ਼ਰ ਸਨ ।

### ਨਗਨ ਹਾਲਤ 'ਚ ਔਰਤ ਦੀ ਨਹਿਰ 'ਚੋਂ ਲਾਸ਼ ਬਰਾਮਦ

**ਬਰੇਟਾ (ਰੀਤਵਾਲ)**-ਜਾਖਲ-ਬਠਿੰਡਾ ਰੇਲਵੇ ਲਾਇਨ 'ਤੇ ਪਿੰਡ ਕਾਹਨਗੜ੍ਹ ਨਜ਼ਦੀਕ ਰੇਲਵੇ ਕਰਾਸਿੰਗ ਨਹਿਰ 'ਚ ਅਣਪਛਾਤੀ ਔਰਤ ਦੀ ਲਾਸ਼ ਮਿਲਣ ਦਾ ਸਮਾਚਾਰ ਮਿਲਿਆ ਹੈ।ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪੁਲਸ ਚੌਕੀ ਇੰਚਾਰਜ ਇਕਬਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਕਾਹਨਗੜ੍ਹ ਨਜ਼ਦੀਕ ਰੇਲਵੇ ਕਰਾਸਿੰਗ ਦੌਰਾਨ ਨਹਿਰ ਵਿੱਚ ਕਿਲੋਮੀਟਰ 207/28/30 ਵਿਖੇ ਨਗਨ ਹਾਲਤ ਵਿੱਚ ਗਲੀ ਸੜੀ ਔਰਤ ਦੀ ਲਾਸ਼ ਪਾਈ ਹੈ, ਜਿਸ ਦੀ ਉਮਰ ਲਗਭਗ 4045 ਸਾਲ ਤੇ ਸਰੀਰ ਤੋਂ ਭਾਰੀ ਨਜ਼ਰ ਆਉਂਦੀ ਹੈ।ਮੌਕੇ 'ਤੇ ਐੱਸ.ਐੱਚ.ਓ. ਜਸਵੀਰ ਸਿੰਘ ਨੇ ਪਹੁੰਚ ਕੇ ਲਾਸ਼ ਦਾ ਜਾਇਜ਼ਾ ਲੈਂਦਿਆਂ ਪਹਿਚਾਣ ਲਈ ਲਾਸ਼ ਨੂੰ 72 ਘੰਟਿਆਂ ਲਈ ਮੁਰਦਾ ਘਰ ਸਿਵਲ ਹਸਪਤਾਲ ਬੁਢਲਾਡਾ ਵਿਖੇ ਰੱਖ ਦਿੱਤਾ ਗਿਆ ਹੈ।

### ਜਾਲ੍ਹੀ ਸਪੇਅਰ ਪਾਰਟ ਵੇਚਣ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੰਪਨੀ ਦਾ ਮਾਰਕਾ ਲਗਾ ਕੇ ਜਾਲ੍ਹੀ ਮਾਲ (ਸਪੇਅਰ ਪਾਰਟ) ਵੇਚਣ ਦੇ ਦੋਸ਼ ਹੇਠ ਪੁਲਸ ਵੱਲੋਂ ਬਸੀ ਪਠਾਣਾਂ ਦੇ ਦੋ ਦੁਕਾਨਦਾਰਾਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਇੱਕ ਨਿੱਜੀ ਕੰਪਨੀ ਦੇ ਫੀਲਡ ਅਫ਼ਸਰ ਸਤਨਾਮ ਸਿੰਘ ਨੇ ਦੋਸ਼ ਲਗਾਏ ਸਨ ਕਿ ਗੁਪਤਾ ਆਟੋ ਪਾਰਟਸ ਤੇ ਐੱਮ. ਕੇ. ਆਟੋ ਸਟੋਰ ਬਸੀ ਪਠਾਣਾਂ ਦੇ ਮਾਲਕ ਕੰਪਨੀ ਦਾ ਨਾਮ ਦੇ ਕੇ ਜਾਲ੍ਹੀ ਸਾਮਾਨ ਵੇਚਦੇ ਹਨ। ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ ਬਸੀ ਪਠਾਣਾਂ ਪੁਲਸ ਨੇ ਉਕਤ ਦੁਕਾਨਾਂ 'ਤੇ ਛਾਪੇਮਾਰੀ ਕਰਦਿਆਂ ਕਥਿਤ ਡੁਪਲੀਕੇਟ ਸਾਮਾਨ ਬਰਾਮਦ ਹੋਣ ਦਾ ਦਾਅਵਾ ਕੀਤਾ।ਗੁਪਤਾ ਆਟੋ ਪਾਰਟਸ ਤੇ ਐੱਮ. ਕੇ. ਆਟੋ ਸਟੋਰ ਬਸੀ ਪਠਾਣਾਂ ਦੇ ਮਾਲਕਾਂ ਵਿਰੁੱਧ ਅ/ਧ 63,65 ਕਾਪੀ ਰਾਈਟ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਬਸੀ ਪਠਾਣਾਂ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਭਾਕਿਯੂ (ਏਕਤਾ) ਸਿੱਧੂਪੁਰ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਮੁੱਖ ਮਾਰਗ ਜਾਮ

## ਹਰਿਆਣਾ ਬਾਰਡਰਾਂ 'ਤੇ ਚੱਲ ਰਹੇ ਪੱਕੇ ਮੋਰਚਿਆਂ ਲਈ ਲਾਮਬੰਦੀ ਕੀਤੀ ਜਾ ਰਹੀ ਹੈ : ਸਹੌਰ, ਸਹਿਜੜਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**

ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੀ ਜ਼ਿਲ੍ਹਾ ਇਕਾਈ ਵੱਲੋਂ ਜ਼ਿਲ੍ਹਾ ਜਨਰਲ ਸਕੱਤਰ ਨਛੱਤਰ ਸਿੰਘ ਸਹੌਰ, ਮੀਤ ਪ੍ਰਧਾਨ ਕਰਨੈਲ ਸਿੰਘ ਗਾਂਧੀ ਅਤੇ ਬਲਾਕ ਪ੍ਰਧਾਨ ਜਗਪਾਲ ਸਿੰਘ ਸਹਿਜੜਾ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਸਤਿਕਰਤਾਰ ਨਜ਼ਦੀਕ ਲੁਧਿਆਣਾ-ਬਰਨਾਲਾ ਮੁੱਖ ਮਾਰਗ ਜਾਮ ਕੀਤਾ ਗਿਆ।ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ ਕਲਾਲਮਾਜਰਾ, ਮੀਤ ਪ੍ਰਧਾਨ ਕਰਨੈਲ ਸਿੰਘ ਗਾਂਧੀ, ਜ਼ਿਲ੍ਹਾ ਜਨਰਲ ਸਕੱਤਰ ਨਛੱਤਰ ਸਿੰਘ, ਬਲਾਕ ਮਹਿਲ ਕਲਾਂ ਦੇ ਪ੍ਰਧਾਨ ਜਗਪਾਲ ਸਿੰਘ ਸਹਿਜੜਾ, ਮੀਤ ਪ੍ਰਧਾਨ ਰਘਬੀਰ ਸਿੰਘ ਸਹੌਰ, ਜਨਰਲ ਸਕੱਤਰ ਗਿਆਨ ਸਿੰਘ ਛਾਪਾ ਤੇ ਬਲਵਿੰਦਰ ਸਿੰਘ ਬਿੰਦੂ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਦੀ ਤਾਰੋ ਪਾਰ ਜੁਮਲਾ ਮਸਤਰਕਾ ਮਾਲਕਣ ਆਬਾਦਕਾਰ ਕਿਸਾਨਾਂ ਨੂੰ ਹੱਕ ਦਿਵਾਉਣ ਲਈ ਇਹ ਰੋਡ ਜਾਮ ਕੀਤਾ ਗਿਆ।

ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਇਹ ਮੰਗ ਮੰਨ ਚੁੱਕੀ ਹੈ।ਇਸ ਮੰਗ ਨੂੰ ਲਾਗੂ ਕਰਾਉਣ ਲਈ ਫਿਰੋਜ਼ਪੁਰ ਜ਼ਿਲ੍ਹੇ ਦੇ ਕਿਸਾਨ ਆਗੂ ਮਰਨ ਵਰਤ 'ਤੇ ਬੈਠੇ ਸਨ।ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਨ ਦੀ ਸ਼ਹਿ 'ਤੇ ਕਿਸਾਨ ਆਗੂਆਂ ਨੂੰ ਧੱਕੇ ਨਾਲ ਚੱਕ ਲਿਆ ਗਿਆ।35 ਦਿਨ ਦੇ ਕਰੀਬ ਸਮਾਂ ਹੋ ਗਿਆ ਹੈ, ਕਿਸਾਨ ਆਗੂ ਪਾਣੀ ਪੀ ਕੇ ਗੁਜ਼ਾਰਾ ਕਰ ਰਹੇ ਹਨ।ਕਿਸਾਨ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਦੀ ਮੰਗ ਨਹੀਂ ਮੰਨੀ ਜਾਂਦੀ, ਉਦੋਂ ਸੰਘਰਸ਼ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਹਮੇਸ਼ਾ ਦਰਕਨਾਰ ਕਰਦੀ ਆ ਰਹੀ, ਜੇਕਰ ਇਹ ਵਤੀਰਾ ਜਾਰੀ ਰੱਖਿਆ ਤਾਂ ਸੰਘਰਸ਼ ਵੱਡਾ ਕੀਤਾ ਜਾਵੇਗਾ।ਕੇਂਦਰ ਸਰਕਾਰ ਖਿਲਾਫ਼ ਹਰਿਆਣਾ ਦੇ ਬਾਰਡਰ 'ਤੇ ਚੱਲ ਰਿਹਾ ਮੋਰਚਾ ਚੜ੍ਹਦੀ ਕਲਾ ਵਿੱਚ ਹੈ, ਪਿੰਡਾਂ ਦੇ ਕਿਸਾਨ ਆਪ ਮੁਹਾਰੇ ਉਸ ਸੰਘਰਸ਼ ਵਿੱਚ ਜਾ ਰਹੇ ਹਨ।ਫਿਰ ਵੀ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨਾਲ ਮੀਟਿੰਗਾਂ ਕਰਕੇ ਲਾਮਬੰਦੀ ਕੀਤੀ ਜਾ ਰਹੀ ਹੈ।ਉਨ੍ਹਾਂ ਅਪੀਲ ਕੀਤੀ ਕਿ ਕਿਸਾਨ ਜਥੇਬੰਦੀ ਦੇ ਝੰਡੇ ਥੱਲੇ ਇਕੱਠੇ ਹੋ ਕੇ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਲਈ ਚੱਲ ਰਹੇ ਸੰਘਰਸ਼ਾਂ ਦਾ ਹਿੱਸਾ ਬਨਣ, ਤਾਂ ਜੋ ਕਿਸਾਨਾਂ ਦੀ ਜਿੱਤ ਹੋਵੇ ਤੇ ਸਰਕਾਰਾਂ ਨੂੰ ਝੁਕਣ ਲਈ ਮਜਬੂਰ ਕੀਤਾ ਜਾ ਸਕੇ।

ਇਸ ਮੌਕੇ ਬਲਾਕ ਜਨਰਲ ਸਕੱਤਰ ਗਿਆਨ ਸਿੰਘ ਸਹਿਜੜਾ, ਬਲਾਕ ਬਰਨਾਲਾ ਦੇ ਪ੍ਰਧਾਨ ਜਗਜੀਤ ਸਿੰਘ ਜੱਗਾ, ਨੌਜਵਾਨ ਆਗੂ ਚਰਨਜੀਤ ਸਿੰਘ ਗਰੇਵਾਲ ਵਜੀਦਕੇ, ਸੁਖਦੀਪ ਸਿੰਘ, ਮਨਦੀਪ ਕਾਲੇਕੇ, ਅਮਰੀਕ ਸਿੰਘ, ਬਲਾਕ ਸਹਿਨਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮੌੜ, ਹਾਕਮ ਸਿੰਘ ਢਿੱਲਵਾਂ, ਮਲਕੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਸਾਂਝਾ ਫਰੰਟ ਵੱਲੋਂ ਅੰਬਾਲਾ 'ਚ ਰੈਲੀ ਤੇ ਝੰਡਾ ਮਾਰਚ ਭਲਕੇ

## ਮੁਲਾਜ਼ਮ ਤੇ ਪੈਨਸ਼ਨਰ ਕਰਨਗੇ ਵੱਡੀ ਸ਼ਮੂਲੀਅਤ

**ਲੁਧਿਆਣਾ (ਐੱਮ ਐੱਸ ਭਾਟੀਆ)**-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਪਾਰਟੀ ਨਾਲ ਸਬੰਧਤ ਬਹੁਤ ਸਾਰੇ ਰਾਜਸੀ ਨੇਤਾ ਹਰ ਰੋਜ਼ ਹਰਿਆਣਾ ਦੇ ਵੱਖ ਵੱਖ ਇਲਾਕਿਆਂ ਵਿੱਚ ਜਾ ਕੇ ਪੰਜਾਬ ਵਿੱਚ ਲਿਆਂਦੇ ਗਏ ਇਨਕਲਾਬ ਦਾ ਢੰਡੋਰਾ ਪਿੱਟ ਰਹੇ ਹਨ, ਜਦਕਿ ਅਸਲ ਸਥਿਤੀ ਇਹ ਹੈ ਕਿ ਪੰਜਾਬ ਵਿੱਚ ਵੱਖ ਵੱਖ ਵਰਗਾਂ ਨਾਲ ਸੰਬੰਧਤ ਲੋਕ ਭਗਵੰਤ ਮਾਨ ਸਰਕਾਰ ਦੀ ਕਾਰਜਸ਼ੈਲੀ ਤੋਂ ਦੁਖੀ ਹੋ ਕੇ ਆਪਣੇ ਸੰਘਰਸ਼ਾਂ ਨੂੰ ਦਿਨੋਂ ਦਿਨ ਤਿੱਖਾ ਕਰਨ ਲਈ ਮਜਬੂਰ ਹੋ ਰਹੇ ਹਨ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਵਾਅਦੇ ਪੂਰੇ ਕਰਨਾ ਤਾਂ ਬਹੁਤ ਦੂਰ ਦੀ ਗੱਲ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨ ਤੋਂ ਹੀ ਭਗੌੜੇ ਹੋ ਗਏ ਹਨ।ਇਸ ਦੇ ਵਿਰੋਧ ਵਿੱਚ ਫਰੰਟ ਵੱਲੋਂ 2 ਅਕਤੂਬਰ ਨੂੰ ਅੰਬਾਲਾ ਸ਼ਹਿਰ ਦੇ ਰੇਲਵੇ ਸਟੇਸ਼ਨ ਨੇੜੇ ਰੋਸ ਰੈਲੀ ਤੇ ਬਾਅਦ ਵਿੱਚ ਸ਼ਹਿਰ ਵਿੱਚ ਝੰਡਾ ਮਾਰਚ ਕਰਕੇ ਹਰਿਆਣਾ ਦੇ ਸਮੂਹ ਵੋਟਰਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਜਾਗਰੂਕ ਕਰਨ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ।ਇਸ ਐਕਸ਼ਨ ਨੂੰ ਸਫਲ ਬਣਾਉਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਪ੍ਰਮੁੱਖ ਆਗੂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਤੇ ਜਨਰਲ ਸਕੱਤਰ ਪ੍ਰੇਮ ਚਾਵਲਾ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਦੱਸਿਆ ਕਿ ਪ੍ਰਾਪਤ ਰਿਪੋਰਟਾਂ ਅਨੁਸਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਵਿੱਚ ਭਗਵੰਤ ਮਾਨ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਭਾਰੀ ਰੋਸ ਤੇ ਗੁੱਸਾ ਹੈ।ਇਸ ਗੁੱਸੇ ਦਾ ਪ੍ਰਗਟਾਵਾ ਕਰਨ ਲਈ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ 2 ਅਕਤੂਬਰ ਨੂੰ ਅੰਬਾਲਾ ਵਿਖੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

# ਏਸ਼ੀਅਨ ਕਾਲਜ ਵਿਖੇ 'ਪੌਸ਼ਟਿਕ ਆਹਾਰ ਤੇ ਚੰਗੀ ਸਿਹਤ' ਵਿਸ਼ੇ 'ਤੇ ਸੈਮੀਨਾਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਏਸ਼ੀਅਨ ਕਾਲਜ ਪਟਿਆਲਾ ਵਿਖੇ ਐੱਨ. ਐੱਸ. ਐੱਸ. ਕਲੱਬ ਵੱਲੋਂ 'ਸਵੱਛਤਾ ਹੀ ਸੇਵਾ ਹੈ' ਮਿਸ਼ਨ ਤਹਿਤ ਮਨਾਏ ਜਾ ਰਹੇ ਪੰਦਰਵਾੜੇ ਅਧੀਨ 'ਪੌਸ਼ਟਿਕ ਆਹਾਰ ਤੇ ਚੰਗੀ ਸਿਹਤ' ਵਿਸ਼ੇ 'ਤੇ ਇੱਕ-ਰੋਜ਼ਾ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਵਿੱਚ ਡਾ. ਰੋਜ਼ੀ ਬਾਂਸਲ ਇੱਕ ਪ੍ਰਭਾਵਸ਼ਾਲੀ ਰਿਸੋਰਸ ਪਰਸਨ ਦੇ ਤੌਰ 'ਤੇ ਪਹੁੰਚੇ ਤੇ ਪ੍ਰਿੰਸੀਪਲ ਡਾ. ਮੀਨੂੰ ਸਿੰਘ ਸਚਾਨ ਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਡਾ. ਰੋਜ਼ੀ ਬਾਂਸਲ ਨੇ ਰਾਸ਼ਟਰੀ ਪੋਸ਼ਣ ਮਾਹ ਤਹਿਤ ਵਿਦਿਆਰਥੀਆਂ ਨੂੰ ਸਿਹਤਮੰਦ ਪੋਸ਼ਣ ਤੇ ਚੰਗੀ ਸਿਹਤ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕੁਦਰਤ ਨੇ ਸਾਨੂੰ ਜੀਵਨ ਦਾ ਇੱਕ ਅਨਮੋਲ ਤੋਹਫਾ ਦਿੱਤਾ ਹੈ, ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਸਰੀਰ ਦੀ ਸੰਭਾਲ ਕਿਵੇਂ ਕਰਦੇ ਹੋ।

ਉਨ੍ਹਾਂ ਪੁਰਾਤਨ ਕਹਾਣੀਆਂ ਤੇ ਉਦਾਹਰਨਾਂ ਰਾਹੀਂ ਰਿਫਾਇੰਡ, ਮਾਸਾਹਾਰੀ ਤੇ ਜੰਕ ਫੂਡ ਤੋਂ ਮਨਾਹੀ ਕਰਦੇ ਹੋਏ ਸਿਹਤਮੰਦ ਪੌਸ਼ਟਿਕ ਆਹਾਰ ਦੇ ਗੁਣਾਂ ਬਾਰੇ ਦੱਸਦੇ ਹੋਏ ਕਿਹਾ ਕਿ ਜੋ ਵਸਤੂਆਂ ਸਾਨੂੰ ਕੁਦਰਤ ਵੱਲੋਂ ਮਿਲਦੀਆਂ ਹਨ ਉਹ ਸਾਡੀ ਸਿਹਤ ਲਈ ਲਾਭਦਾਇਕ ਹੁੰਦੀਆਂ ਹਨ।

ਉਨ੍ਹਾਂ ਸਿਹਤਮੰਦ ਜ਼ਿੰਦਗੀ ਜੀਉਣ ਲਈ ਖਾਣੇ ਨੂੰ ਪੁਰਾਤਨ ਕੁਦਰਤੀ ਢੰਗਾਂ ਨਾਲ ਬਣਾਉਣ ਵੇਲੇ ਉਨ੍ਹਾਂ ਦੇ ਪੌਸ਼ਟਿਕ ਤੱਤ ਕਿਵੇਂ ਬਚਾਏ ਜਾ ਸਕਦੇ ਹਨ, ਬਾਰੇ ਆਪਣੇ ਕੀਮਤੀ ਵਿਚਾਰ ਸਾਂਝੇ ਕਰੇ।ਉਨ੍ਹਾਂ ਕਿਹਾ ਕਿ ਸਿਹਤਮੰਦ ਅਨਾਜ ਜਿਵੇਂ ਕਿ ਮਿਲਟਸ ਆਦਿ ਖਾਣ ਨਾਲ ਸਾਨੂੰ ਤੰਦਰੁਸਤ ਸਰੀਰ, ਸ਼ਾਂਤ ਮਨ ਤੇ ਖੁਸ਼ੀ ਮਿਲਦੀ ਹੈ, ਜਿਸ ਨਾਲ ਸਾਡੇ ਮਨ ਵਿੱਚ ਚੰਗੇ ਵਿਚਾਰ ਪੈਦਾ ਹੁੰਦੇ ਹਨ।ਉਨ੍ਹਾਂ ਨੇ ਵਿਦਿਆਰਥੀਆਂ ਦੀ ਭਾਗੀਦਾਰੀ ਰਾਹੀਂ ਆਪਣੀ ਅਨਮੋਲ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਪੌਸ਼ਟਿਕ ਆਹਾਰ ਗੁਣਾਂ ਦਾ ਖਜ਼ਾਨਾ ਹੈ।ਸਾਨੂੰ ਤੰਦਰੁਸਤ ਤੇ ਸਿਹਤਮੰਦ ਜੀਵਨ ਲਈ ਆਪਣੀ ਜੀਵਨ ਸ਼ੈਲੀ ਨੂੰ ਬਦਲਣਾ ਹੋਵੇਗਾ।ਸੈਮੀਨਾਰ ਦੇ ਅਖੀਰ ਵਿੱਚ ਮਿਸਜ਼ ਵੇਨੀ ਗਰਗ ਨੇ ਡਾ. ਰੋਜ਼ੀ ਬਾਂਸਲ ਵੱਲੋਂ ਬਹੁਮੁੱਲੀ ਜਾਣਕਾਰੀ ਦੇਣ ਲਈ ਸਾਰੇ ਸਟਾਫ ਵੱਲੋਂ ਧੰਨਵਾਦ ਕੀਤਾ।

# ਮਾਤਾ ਸਵਿੱਤਰੀ ਦੇਵੀ ਨਮਿਤ ਸ਼ਰਧਾਂਜਲੀ ਸਮਾਗਮ 'ਚ ਪੁੱਜੀਆਂ ਅਹਿਮ ਸ਼ਖਸੀਅਤਾਂ

- ਮਾਤਾ ਜੀ ਦਾ ਚਲਾਣਾ ਪਰਵਾਰ ਲਈ ਵੱਡਾ ਘਾਟਾ : ਰਾਹੁਲਇੰਦਰ ਭੱਠਲ
- ਬਾਂਸਲ ਪਰਵਾਰ ਨੇ ਧਾਰਮਿਕ ਸੰਸਥਾਵਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੇ ਨਾਮੀ ਬਾਂਸਲ ਪਰਿਵਾਰ ਦੇ ਮੁਖੀ ਬਾਊ ਅਮਰ ਨਾਥ ਬਾਂਸਲ ਸੀਨੀਅਰ ਕਾਂਗਰਸੀ ਨੇਤਾ ਤੇ ਸਾਬਕਾ ਪ੍ਰਧਾਨ ਅਗਰਵਾਲ ਸਭਾ ਬਾਘਾ ਪੁਰਾਣਾ ਦੀ ਧਰਮਪਤਨੀ ਤੇ ਯਾਦਵਿੰਦਰ ਬਾਂਸਲ, ਰਾਜੀਵ ਬਾਂਸਲ ਤੇ ਸੰਜੀਵ ਬਾਂਸਲ ਦੀ ਮਾਤਾ ਸਵਿੱਤਰੀ ਦੇਵੀ (79 ਸਾਲ) ਜੋ ਕਿ ਬੀਤੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਨਮਿੱਤ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਸਥਾਨਕ ਨਿੱਜੀ ਰਿਜ਼ੋਰਟਸ ਵਿਖੇ ਪਾਇਆ ਗਿਆ ਅਤੇ ਰਸਮ ਪੱਗੜੀ ਕਰਵਾਈ ਗਈ।ਇਸ ਮੌਕੇ ਸ਼ਹਿਰ ਦੇ ਸ਼ਾਸਤਰੀ ਦਰਸ਼ਨ ਕੁਮਾਰ ਸ਼ਰਮਾ ਵੱਲੋਂ ਅੰਤਿਮ ਰਸਮਾਂ ਕਰਵਾਈਆਂ ਗਈਆਂ ਤੇ ਸ਼ਾਸਤਰੀ ਰਾਕੇਸ਼ ਕੁਮਾਰ ਸ਼ਰਮਾ (ਬੰਟੀ) ਕਾਲਿਆਂਵਾਲੀ ਵਾਲਿਆਂ ਵੱਲੋਂ ਪਹੁੰਚੀਆਂ ਸੰਗਤਾਂ ਨਾਲ ਧਾਰਮਿਕ ਵਿਚਾਰਾਂ ਦੀ ਸਾਂਝ ਪਾਉਂਦਿਆਂ ਮਾਂ ਦੀ ਮਮਤਾ ਬਾਰੇ ਵਿਸਥਾਰ ਸਾਹਿਤ ਜਾਣੂੰ ਕਰਵਾਉਣ ਤੋਂ ਇਲਾਵਾ ਮਾਤਾ ਸਵਿੱਤਰੀ ਦੇਵੀ ਦੇ ਜੀਵਨ ਬਾਰੇ ਵੀ ਚਾਨਣਾ ਪਾਇਆ।

ਉਪਰੰਤ ਸ਼ਰਧਾਂਜਲੀਆਂ ਦੇ ਦੌਰ ਵਿੱਚ ਬੀਬੀ ਰਜਿੰਦਰ ਕੌਰ ਭੱਠਲ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਸਪੁੱਤਰ ਰਾਹੁਲਇੰਦਰ ਸਿੰਘ ਸਿੱਧੂ ਭੱਠਲ ਨੈਸ਼ਨਲ ਕੋਆਰਡੀਨੇਟਰ ਆਲ ਇੰਡੀਆ ਕਿਸਾਨ ਕਾਂਗਰਸ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਇਸ ਪਰਿਵਾਰ ਨਾਲ ਬਹੁਤ ਹੀ ਪੁਰਾਣਾ ਨਾਤਾ ਹੈ ਤੇ ਹਮੇਸ਼ਾ ਹੀ ਸੰਪਰਕ ਵਿੱਚ ਰਹਿੰਦੇ ਹਾਂ। ਮਾਤਾ ਸਵਿੱਤਰੀ ਦੇਵੀ ਦਾ ਸੁਭਾਅ ਬਹੁਤ ਹੀ ਨਰਮ ਤੇ ਹਰੇਕ ਪ੍ਰਤੀ ਨਿਮਰਤਾ ਵਾਲਾ ਸੀ, ਉਨ੍ਹਾਂ ਕੋਲ ਆਉਣ ਵਾਲੇ ਹਰੇਕ ਇਨਸਾਨ ਨੂੰ ਹਮੇਸ਼ਾ ਆਪਣਾਪਣ ਹੀ ਮਹਿਸੂਸ ਹੁੰਦਾ।ਉਨ੍ਹਾ ਕਿਹਾ ਕਿ ਮਾਂ ਦੀ ਗੋਦ ਦਾ ਨਿੱਘ ਬੱਚਿਆਂ ਦੇ ਖਿਆਲਾਂ ਵਿੱਚ ਹਮੇਸ਼ਾ ਅਮਰ ਰਹਿੰਦਾ ਹੈ, ਚਾਹੇ ਉਹ ਉਮਰ ਦੇ ਕਿਸੇ ਵੀ ਪੜਾਅ ਵਿੱਚ ਹੋਣ।ਇਸ ਦੌਰਾਨ ਸਟੇਜ ਦਾ ਸੰਚਾਲਕ ਵਿਜੇ ਸ਼ਰਮਾ ਬਾਘਾ ਪੁਰਾਣਾ ਵੱਲੋਂ ਸੁਚਾਰੂ ਢੰਗ ਨਾਲ ਕੀਤਾ ਗਿਆ ਅਤੇ ਵੱਖ-ਵੱਖ ਧਾਰਮਿਕ ਜਾਂ ਰਾਜਸੀ, ਗੈਰ-ਰਾਜਸੀ ਸ਼ਖ਼ਸੀਅਤਾਂ ਵੱਲੋਂ ਭੇਜੇ ਗਏ ਸ਼ੋਕ ਸੰਦੇਸ਼ਿਆਂ ਦੀ ਸੂਚੀ ਪੜ੍ਹ ਕੇ ਸੁਣਾਈ।ਇਸ ਦੌਰਾਨ ਬਾਂਸਲ ਪਰਿਵਾਰ ਵੱਲੋਂ ਸ਼ਹਿਰ ਦੀਆਂ ਸਮੂਹ ਧਾਰਮਿਕ ਸੰਸਥਾਵਾਂ ਨੂੰ ਸਹਾਇਤਾ ਰਾਸ਼ੀ ਦਾਨ ਦੇ ਰੂਪ ਵਿੱਚ ਪਹੁੰਚਾਈ ਗਈ।ਇਸ ਮੌਕੇ ਬਾਊ ਅਮਰ ਨਾਥ ਬਾਂਸਲ, ਵੇਦ ਪ੍ਰਕਾਸ਼ ਬਾਂਸਲ, ਯਾਦਵਿੰਦਰ ਬਾਂਸਲ, ਰਾਜੀਵ ਬਾਂਸਲ, ਸੰਜੀਵ ਬਾਂਸਲ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਨਾਲ ਦਰਸ਼ਨ ਸਿੰਘ ਬਰਾੜ ਸਾਬਕਾ ਮੰਤਰੀ, ਸਾਬਕਾ ਪ੍ਰਧਾਨ ਨਗਰ ਕੌਂਸਲ ਬਾਲ ਕ੍ਰਿਸ਼ਨ ਬਾਲੀ, ਵਿਜੇ ਕੁਮਾਰ ਸਾਥੀ ਸਾਬਕਾ ਵਿਧਾਇਕ, ਸੂਬੇਦਾਰ ਗੁਰਬਚਨ ਸਿੰਘ ਬਰਾੜ, ਚੇਅਰਮੈਨ ਜਗਤਾਰ ਸਿੰਘ ਰਾਜੇਆਣਾ, ਬੀਬੀ ਜਗਦਰਸ਼ਨ ਕੌਰ, ਸਤਪਾਲ ਭਠੇਜਾ ਪੀ ਏ, ਰਿਟਾ: ਕਾਨੂੰਗੋ ਭੂਸ਼ਨ ਗੋਇਲ, ਵਿਨੋਦ ਬਾਂਸਲ ਮੋਗਾ ਸਾਬਕਾ ਚੇਅਰਮੈਨ, ਦੀਪਕ ਅਰੋੜਾ ਸਮਾਲਸਰ ਚੇਅਰਮੈਨ ਮੋਗਾ, ਰਵਿੰਦਰ ਸਿੰਘ ਰਵੀ ਗਰੇਵਾਲ, ਕੇਵਲ ਗਰਗ, ਜੀਵਨ ਰੌਂਤਾ ਐੱਸ.ਡੀ.ਓ, ਡਾ: ਕੇ ਐੱਲ ਗਰਗ, ਰਿਟਾ: ਇੰਜੀਨੀਅਰ ਇਨ ਚੀਫ ਹਰਪ੍ਰੀਤ ਸਿੰਘ ਬਰਾੜ, ਭੁਪਿੰਦਰ ਸਿੰਘ ਸਾਹੋਕੇ ਕਾਂਗਰਸੀ ਆਗੂ, ਨਵਰੂਪ ਸਿੰਘ ਐੱਸ.ਡੀ.ਓ. ਪੀ.ਡਬਲਿਊ.ਡੀ, ਹਰਵਿੰਦਰ ਸਿੰਘ ਐੱਸ.ਡੀ.ਓ, ਚਰਨਜੀਤਪਾਲ ਬੈਂਸ ਐੱਸ ਈ, ਚਰਨਜੀਤਪਾਲ ਰਿਟਾ: ਐੱਸ.ਡੀ.ਓ, ਇੰਜ. ਜਸਪ੍ਰੀਤ ਸਿੰਘ ਸੁਪਰਡੈਂਟ ਮੋਗਾ, ਜਸਵੀਰ ਸਿੰਘ ਐੱਸ ਡੀ ਓ ਕੋਟਕਪੂਰਾ ਮੰਡੀ ਬੋਰਡ, ਸੁਖਦਰਸ਼ਨ ਸਿੰਘ ਐੱਸ.ਡੀ.ਓ. ਲੁਧਿਆਣਾ, ਪਰਮਿੰਦਰ ਸਿੰਘ ਜੇ ਈ ਜ਼ੀਰਾ, ਯਤਿਨ ਸਿੰਗਲਾ ਐਕਸੀਅਨ ਲੁਧਿਆਣਾ, ਪਰਮਿੰਦਰ ਸਿੰਘ ਜੇ ਈ ਜਗਰਾਉਂ, ਰਤਨਦੀਪ ਸਿੰਘ ਐੱਸ.ਡੀ.ਓ, ਦਵਿੰਦਰ ਸਿੰਘ ਰਿਟਾ: ਐੱਸ.ਡੀ.ਓ., ਸੁਖਦੇਵ ਸਿੰਘ ਸੁਪਰਡੈਂਟ ਜਲੰਧਰ, ਹੇਮ ਰਾਜ ਐੱਚ.ਡੀ.ਐੱਮ. ਲੁਧਿਆਣਾ, ਅਜੇ ਕਾਂਸਲ ਪੰਜਾਬ ਪ੍ਰਧਾਨ, ਪ੍ਰਧਾਨ ਰਜਿੰਦਰ ਕੁਮਾਰ ਬੰਸੀ ਅਰੋੜਾ, ਮੈਂਬਰ ਜੈ ਜਵਾਲਾ ਲੰਗਰ ਕਮੇਟੀ ਕੋਟਕਪੂਰਾ, ਸੁਖਨੰਦਨ ਅਗਰਵਾਲ, ਰਾਜ ਗਰਗ, ਬਾਊ ਸੁਖਦਰਸ਼ਨ ਸਿੰਗਲਾ ਭੱਠੇ ਵਾਲੇ, ਸ਼ਸ਼ੀ ਗਰਗ ਕੌਂਸਲਰ, ਪ੍ਰਧਾਨ ਪਵਨ ਗੋਇਲ, ਦਵਿੰਦਰ ਕੁਮਾਰ ਚੀਕਾ, ਧਰਮਪਾਲ ਕਾਂਸਲ, ਗੁਰਜੰਟ ਸਿੰਘ ਭੁੱਟੋਂ ਰੋਡੇ, ਨਿਰਭੈ ਸਿੰਘ ਰੋਡੇ, ਐਡਵੋਕੇਟ ਰਾਮ ਬਾਂਸਲ, ਕਮਲ ਕਿਸ਼ੋਰ ਗਰਗ, ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਐਡਵੋਕੇਟ ਨਰ ਸਿੰਘ ਬਰਾੜ, ਚੇਅਰਮੈਨ ਦਵਿੰਦਰਪਾਲ ਸਿੰਘ ਮੋਗਾ, ਐਵਡੋਕੇਟ ਅਮਿਤ ਗੋਇਲ, ਜਗਸੀਰ ਸਿੰਘ ਜੱਗਾ ਕੌਂਸਲਰ, ਕੈਨੇਡੀਅਨ ਪਰਮਿੰਦਰ ਸਿੰਘ ਮਾਣੂੰਕੇ ਵਾਲੇ ਤੋਂ ਇਲਾਵਾ ਵੱਡੀ ਗਿਣਤੀ ਸਕੇ ਸੰਬੰਧੀਆਂ ਤੇ ਰਿਸ਼ਤੇਦਾਰਾਂ ਆਦਿ ਨੇ ਸੋਗ ਸਮਾਗਮ ਵਿੱਚ ਪਹੁੰਚ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਮਾਤਾ ਸਵਿੱਤਰੀ ਦੇਵੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਫਲਿਪਕਾਰਟ ਦੇ ਕੈਂਟਰ ਤੋਂ ਲੁੱਟਿਆ ਲੱਖਾਂ ਦਾ ਸਾਮਾਨ ਬਰਾਮਦ, 3 ਗ੍ਰਿਫ਼ਤਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਥਾਣਾ ਬਾਘਾ ਪੁਰਾਣਾ ਵਿੱਚ ਇਤਲਾਹ ਮਿਲੀ ਸੀ ਕਿ ਫਲਿਪਕਾਰਟ ਕੰਪਨੀ ਦਾ ਇੱਕ ਕੈਂਟਰ, ਜੋ ਸਾਮਾਨ ਲੈ ਕੇ ਬਾਘਾ ਪੁਰਾਣਾ ਤੋਂ ਚੰਨੂਵਾਲਾ ਨੂੰ ਜਾ ਰਿਹਾ ਸੀ, ਰਸਤੇ ਵਿੱਚ ਇੱਕ ਟਾਟਾ ਏਸ ਹਾਥੀ ਤੇ ਤਿੰਨ ਮੋਟਰਸਾਈਕਲ ਸਵਾਰਾਂ ਨੇ ਮਿਲ ਕੇ ਲੁੱਟ ਲਿਆ ਹੈ ਅਤੇ ਸਾਰਾ ਸਾਮਾਨ ਲੁੱਟਣ ਤੋਂ ਬਾਅਦ ਕੈਂਟਰ ਲਧਾਈਕੇ ਪਿੰਡ ਨਜ਼ਦੀਕ ਸੜਕ 'ਤੇ ਖੜ੍ਹਾ ਕਰ ਗਏ। ਬਾਘਾ ਪੁਰਾਣਾ ਪੁਲਸ ਨੇ ਫੌਰੀ ਕਾਰਵਾਈ ਕਰਦੇ ਹੋਏ ਕੈਂਟਰ ਵਿੱਚੋਂ ਲੁੱਟਿਆ ਹੋਇਆ ਸਾਰਾ ਸਾਮਾਨ, ਜਿਸ ਦੀ ਕੁੱਲ ਕੀਮਤ ਤਕਰੀਬਨ 80 ਲੱਖ ਰੁਪਏ ਸੀ, ਬ੍ਰਾਮਦ ਕਰਵਾ ਲਿਆ ਹੈ। ਇਸ ਵਾਰਦਾਤ ਵਿੱਚ ਸ਼ਾਮਲ ਪੰਜ ਵਿੱਚੋਂ ਤਿੰਨ ਦੋਸ਼ੀ ਗ੍ਰਿਫਤਾਰ ਕਰ ਲਏ ਹਨ। ਵਾਰਦਾਤ ਵਿੱਚ ਵਰਤੇ ਗਏ ਟਾਟਾ ਏਸ ਹਾਥੀ ਤੇ ਮੋਟਰਸਾਈਕਲ ਵੀ ਬ੍ਰਾਮਦ ਕਰ ਲਏ ਹਨ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ ਐੱਸ ਪੀ ਮੋਗਾ ਅਜੈ ਗਾਂਧੀ ਨੇ ਦੱਸਿਆ ਕਿ 28 ਸਤੰਬਰ 2024 ਨੂੰ ਰਜਨੀਸ਼ ਕੁਮਾਰ ਯਾਦਵ ਪੁੱਤਰ ਬਲੀ ਰਾਮ ਯਾਦਵ ਵਾਸੀ ਲੁਧਿਆਣਾ ਦੇ ਬਿਆਨ 'ਤੇ ਮੁਕੱਦਮਾ ਨੰਬਰ 149 ਮਿਤੀ 28.09.2024 ਅ/ਧ 304, 3(5) ਬੀ.ਐਨ.ਐਸ. ਥਾਣਾ ਬਾਘਾ ਪੁਰਾਣਾ ਰਜਸਟਰ ਕਰਵਾਇਆ ਸੀ, ਜਿਸ ਨੇ ਬਿਆਨ ਵਿੱਚ ਲਿਖਾਇਆ ਸੀ ਕਿ ਮੋਹਣ ਵਾਸੀ ਮੁਜ਼ੱਫਰ ਨਗਰ ਬਿਹਾਰ ਹਾਲ ਵਾਸੀ ਲੁਧਿਆਣਾ ਫਲਿਪਕਾਰਟ ਕੰਪਨੀ ਦਾ ਕੰਟੇਨਰ ਨੰਬਰ ਪੀ ਬੀ-10-ਐੱਚ ਯੂ-8522 ਲੈ ਕੇ ਬਾਘਾ ਪੁਰਾਣਾ ਤੋਂ ਚੰਨੂਵਾਲਾ ਨੂੰ ਜਾ ਰਿਹਾ ਸੀ, ਤਾਂ ਰਸਤੇ ਵਿੱਚ ਇੱਕ ਟਾਟਾ ਏਸ ਹਾਥੀ ਰੰਗ ਸੁਰਮਈ ਤੇ ਤਿੰਨ ਮੋਟਰਸਾਈਕਲ ਸਵਾਰਾਂ ਨੇ ਘੇਰ ਲਿਆ ਅਤੇ ਮੋਹਣ ਨੂੰ ਚੰਨੂਵਾਲਾ ਨਹਿਰ ਦੇ ਕੰਢੇ ਲੈ ਗਏ ਅਤੇ ਬਾਅਦ ਵਿੱਚ ਕੈਂਟਰ ਵਿੱਚੋਂ ਸਾਮਾਨ ਲੁੱਟ ਕੇ ਕੈਂਟਰ ਲਧਾਈਕੇ ਬੱਸ ਸਟੈਂਡ ਨਜ਼ਦੀਕ ਖੜ੍ਹਾ ਕਰ ਗਏ। ਇਸ ਸਬੰਧੀ ਸੀਨੀਅਰ ਕਪਤਾਨ ਪੁਲਸ ਮੋਗਾ ਨੇ ਦਲਬੀਰ ਸਿੰਘ ਸਿੱਧੂ ਉਪ ਕਪਤਾਨ ਪੁਲਸ ਬਾਘਾ ਪੁਰਾਣਾ ਤੇ ਇੰਸਪੈਕਟਰ ਜਸਵਰਿੰਦਰ ਸਿੰਘ ਮੁੱਖ ਅਫਸਰ ਥਾਣਾ ਬਾਘਾ ਪੁਰਾਣਾ ਨੂੰ ਇਸ ਮੁਕੱਦਮਾ ਨੂੰ ਟਰੇਸ ਕਰਨ ਦੇ ਨਿਰਦੇਸ਼ ਦਿੱਤੇ। ਬਾਘਾ ਪੁਰਾਣਾ ਦੀ ਪੁਲਸ ਨੇ ਕੜੀ ਮਿਹਨਤ ਕਰਕੇ ਵਿਗਿਆਨਕ ਤਕਨੀਕ ਨਾਲ ਦੋ ਦਿਨਾਂ ਵਿੱਚ ਹੀ ਮੁਕੱਦਮਾ ਟਰੇਸ ਕਰ ਲਿਆ, ਜਿਸ ਦੌਰਾਨ ਮੁਕੱਦਮੇ ਵਿੱਚ ਲੋੜੀਂਦੇ ਮੁਲਜ਼ਮ ਹਰਦੀਪ ਸਿੰਘ ਪੁੱਤਰ ਭਰਪੂਰ ਸਿੰਘ ਵਾਸੀ ਮਾਣੂੰਕੇ, ਰਾਜਵਿੰਦਰ ਸਿੰਘ ਪੁੱਤਰ ਰਣਧੀਰ ਸਿੰਘ ਤੇ ਅਕਾਸ਼ਦੀਪ ਸਿੰਘ ਪੁੱਤਰ ਬਲਵੀਰ ਸਿੰਘ ਵਾਸੀਆਨ ਲੰਗਿਆਣਾ ਨਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਾਰਦਾਤ ਵਿੱਚ ਵਰਤੇ ਗਏ ਟਾਟਾ ਏਸ ਹਾਥੀ ਤੇ ਮੋਟਰਸਾਈਕਲ ਬ੍ਰਾਮਦ ਕਰਵਾ ਲਿਆ ਗਿਆ ਹੈ।

# ਔਰਤਾਂ ਪ੍ਰਤੀ ਲੋਕਾਂ ਦੇ ਰਵੱਈਏ ਨੂੰ ਬਦਲਣ ਲਈ ਸਿਵਲ ਸੁਸਾਇਟੀ ਵੱਲੋਂ ਠੋਸ ਯਤਨਾਂ ਦੀ ਲੋੜ : ਡਾ. ਪ੍ਰਗਿਆ

## ਆਈ ਡੀ ਪੀ ਡੀ ਤੇ ਸੋਸ਼ਲ ਥਿੰਕਰਜ਼ ਫੋਰਮ ਵੱਲੋਂ 'ਹਿੰਸਾ ਦਾ ਵਧ ਰਿਹਾ ਸੱਭਿਆਚਾਰ-ਅੱਗੇ ਦਾ ਰਾਹ' ਵਿਸ਼ੇ 'ਤੇ ਚਰਚਾ



**ਲੁਧਿਆਣਾ (ਐੱਮ ਐੱਸ ਭਾਟੀਆ)**

ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਤੇ ਸੋਸ਼ਲ ਥਿੰਕਰਜ਼ ਫ਼ੋਰਮ ਲੁਧਿਆਣਾ ਵੱਲੋਂ ਡਾ. ਪਰਮ ਸੈਣੀ-ਕਲਿਨੀਕਲ ਮਨੋਵਿਗਿਆਨੀ ਦੀ ਪ੍ਰਧਾਨਗੀ ਹੇਠ 'ਹਿੰਸਾ ਦਾ ਵਧ ਰਿਹਾ ਸੱਭਿਆਚਾਰ-ਅੱਗੇ ਦਾ ਰਾਹ' ਵਿਸ਼ੇ 'ਤੇ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ।ਚਰਚਾ ਵਿੱਚ ਭਾਗ ਲੈਣ ਵਾਲਿਆਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਖਾਸ ਕਰਕੇ ਔਰਤਾਂ ਤੇ ਬੱਚਿਆਂ ਵਿਰੁੱਧ ਵਧ ਰਹੀ ਹਿੰਸਾ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ।ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀਆਂ ਘਟਨਾਵਾਂ ਵਿੱਚ ਹਾਲ ਹੀ ਵਿੱਚ ਵਾਧਾ ਘਟੀਆ ਮਰਦਾਨਗੀ ਦੀ ਸੋਚ ਦੇ ਮਨੋਵਿਗਿਆਨ ਦਾ ਪ੍ਰਤੀਬਿੰਬ ਹੈ। ਜਦੋਂ ਰਾਜ ਅਜਿਹੀਆਂ ਘਟਨਾਵਾਂ ਨੂੰ ਸਪਾਂਸਰ ਕਰਦਾ ਹੈ, ਉਤਸ਼ਾਹਤ ਕਰਦਾ ਹੈ ਜਾਂ ਚੁੱਪ ਰਹਿੰਦਾ ਹੈ ਤਾਂ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਣਾ ਲਾਜ਼ਮੀ ਹੈ।ਆਪਣੀ ਪੇਸ਼ਕਾਰੀ ਵਿੱਚ ਅੱਖਾਂ ਦੇ ਮਾਹਰ ਡਾਕਟਰ ਪ੍ਰਗਿਆ ਸ਼ਰਮਾ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਸਾਡੇ ਸਮਾਜ ਵਿੱਚ ਇੱਕ ਪਾਸੇ ਔਰਤਾਂ ਨੂੰ 'ਦੇਵੀ' ਵਜੋਂ ਪੂਜਿਆ ਜਾਂਦਾ ਹੈ, ਜਦਕਿ ਦੂਜੇ ਪਾਸੇ ਹਰ ਉਮਰ ਦੀਆਂ ਔਰਤਾਂ ਨਾਲ ਬਲਾਤਕਾਰ ਤੇ ਕਤਲ ਦੀਆਂ ਘਟਨਾਵਾਂ ਵਧ ਰਹੀਆਂ ਹਨ।ਹਰ 15 ਮਿੰਟ ਵਿੱਚ ਬਲਾਤਕਾਰ ਦੀ ਰਿਪੋਰਟ ਆਉਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ।ਜਦੋਂ ਰਾਜ ਬਲਾਤਕਾਰੀਆਂ ਤੇ ਕਾਤਲਾਂ ਨੂੰ ਪੈਰੋਲ ਦਿੰਦਾ ਹੈ ਤਾਂ ਅਜਿਹੇ ਲੋਕਾਂ ਦਾ ਹੌਸਲਾ ਵਧਦਾ ਹੈ।ਲੋਕਾਂ ਵਿੱਚ ਰਵੱਈਏ ਨੂੰ ਬਦਲਣ ਲਈ ਸਿਵਲ ਸੁਸਾਇਟੀ ਵੱਲੋਂ ਠੋਸ ਯਤਨ ਕਰਨ ਦੀ ਲੋੜ ਹੈ।ਸਾਨੂੰ ਅਸ਼ਲੀਲ ਸਾਹਿਤ, ਵਪਾਰਕ ਉਦੇਸ਼ਾਂ ਲਈ ਔਰਤਾਂ ਦੀਆਂ ਅਸ਼ਲੀਲ ਤਸਵੀਰਾਂ ਦਿਖਾਉਣ ਦਾ ਵਿਰੋਧ ਕਰਨਾ ਹੋਵੇਗਾ ਤੇ ਸਾਨੂੰ ਕਿਸ਼ੋਰ ਉਮਰ ਦੇ ਲੜਕਿਆਂ ਵਿੱਚ ਔਰਤਾਂ ਪ੍ਰਤੀ ਸਕਾਰਾਤਮਕ ਰਵੱਈਆ ਪੈਦਾ ਕਰਨਾ ਹੋਵੇਗਾ।ਸ੍ਰੀਮਤੀ ਅਮਰਜੀਤ ਕੌਰ, ਜਨਰਲ ਸਕੱਤਰ ਏਟਕ ਤੇ ਭਾਰਤੀ ਮਹਿਲਾ ਫੈਡਰੇਸ਼ਨ ਦੀ ਸਾਬਕਾ ਕੌਮੀ ਜਨਰਲ ਸਕੱਤਰ ਨੇ ਬੋਲਦਿਆਂ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ਅਸੀਂ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਤੌਰ 'ਤੇ ਪੱਛੜੇ ਵਰਗਾਂ ਦੇ ਨਾਲ-ਨਾਲ ਘੱਟ ਗਿਣਤੀਆਂ ਵਿਰੁੱਧ ਲਗਾਤਾਰ ਵਧਦੀ ਹੋਈ ਹਿੰਸਾ ਦੇਖੀ ਹੈ।ਭੀੜਾਂ ਦੁਆਰਾ ਘੇਰ ਕੇ ਕੁੱਟ ਕੁੱਟ ਕੇ ਮਾਰ ਦੇਣ ਦੀਆਂ (ਮੌਬ ਲਿੰਚਿੰਗ) ਦੀਆਂ ਘਟਨਾਵਾਂ ਨੇ ਇੱਕ ਅਜਿਹੀ ਮਾਨਸਿਕਤਾ ਦਾ ਵਿਕਾਸ ਕੀਤਾ ਹੈ, ਜਿੱਥੇ ਹਿੰਸਾ ਦਾ ਸੱਭਿਆਚਾਰ ਲੋਕਾਂ ਨੂੰ ਸ਼ਰਮਸਾਰ ਨਹੀਂ ਕਰਦਾ ਸਗੋਂ ਅਜਿਹੇ ਮੁੱਦਿਆਂ ਪ੍ਰਤੀ ਉਦਾਸੀਨਤਾ ਪੈਦਾ ਕਰਦਾ ਹੈ, ਜਦੋਂ ਕਿ ਆਗੂਆਂ ਨੂੰ ਆਪਣੇ ਆਪ ਨੂੰ ਇਕ ਆਦਰਸ਼ ਵਜੋਂ ਪੇਸ਼ ਕਰਨਾ ਚਾਹੀਦਾ ਹੈ, ਉਹ ਇਸ ਦੇ ਉਲਟ ਵਿਵਹਾਰ ਕਰ ਰਹੇ ਹਨ।ਪ੍ਰਧਾਨ ਮੰਤਰੀ ਨੇ ਮਨੀਪੁਰ ਵਿੱਚ ਹੋਈ ਹਿੰਸਾ ਨੂੰ ਲੈ ਕੇ ਇੱਕ ਵੀ ਸ਼ਬਦ ਨਹੀਂ ਬੋਲਿਆ ਹੈ।ਗੁਜਰਾਤ ਸਰਕਾਰ ਨੇ ਬਿਲਕਿਸ ਬਾਨੋ ਪਰਿਵਾਰ ਦੇ ਬਲਾਤਕਾਰੀਆਂ ਤੇ ਕਾਤਲਾਂ ਨੂੰ ਜੇਲ੍ਹ ਵਿੱਚ ਵਾਪਸ ਭੇਜਣ ਲਈ ਜਨਵਰੀ 2024 ਦੇ ਸੁਪਰੀਮ ਕੋਰਟ ਦੇ ਆਦੇਸ਼ ਦੀ ਸਮੀਖਿਆ ਲਈ ਸੁਪਰੀਮ ਕੋਰਟ ਵਿੱਚ ਸਮੀਖਿਆ ਪਟੀਸ਼ਨ ਦਾਇਰ ਕੀਤੀ।ਕੁਸ਼ਤੀ ਫੈਡਰੇਸ਼ਨ ਦੇ ਤਤਕਾਲੀ ਪ੍ਰਧਾਨ ਭਾਜਪਾ ਨੇਤਾ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਜਾਣ 'ਤੇ ਕੇਂਦਰ ਸਰਕਾਰ ਨੇ ਮਹਿਲਾ ਪਹਿਲਵਾਨਾਂ ਪ੍ਰਤੀ ਕਿਵੇਂ ਵਿਵਹਾਰ ਕੀਤਾ, ਇਹ ਸਭ ਦੇ ਸਾਹਮਣੇ ਹੈ।ਡਾ: ਪਰਮ ਸੈਣੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਵਿੱਚ ਲਿੰਗਕ ਮੁੱਦਿਆਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕੀਤੀ ਜਾਣੀ ਚਾਹੀਦੀ ਹੈ।ਵੱਖ-ਵੱਖ ਧਰਮਾਂ ਵਿੱਚ ਔਰਤਾਂ ਪ੍ਰਤੀ ਵਿਤਕਰਿਆਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ।ਕਾਲਜਾਂ ਤੇ ਸਕੂਲਾਂ ਵਿੱਚ ਨੌਜਵਾਨਾਂ ਨਾਲ ਅਤੇ ਕਿਸ਼ੋਰ ਉਮਰ ਦੇ ਬੱਚਿਆਂ ਨਾਲ ਵੀ ਗੱਲਬਾਤ ਕਰਨ ਦੀ ਲੋੜ ਹੈ।ਡਾ: ਅਰੁਣ ਮਿੱਤਰਾ, ਪ੍ਰਧਾਨ ਆਈ.ਡੀ.ਪੀ.ਡੀ. ਨੇ ਸਮਾਜ ਵਿੱਚ ਅਪਰਾਧ ਦੀ ਗੁੰਜਾਇਸ਼ ਨੂੰ ਘਟਾਉਣ ਲਈ ਸਮਾਜਿਕ-ਆਰਥਿਕ ਬਰਾਬਰੀ ਲਈ ਸੰਘਰਸ਼ ਦੀ ਲੋੜ ਨੂੰ ਉਜਾਗਰ ਕੀਤਾ।ਉਨ੍ਹਾਂ ਚੇਤਾਵਨੀ ਦਿੱਤੀ ਕਿ ਦੁਨੀਆ ਭਰ ਵਿੱਚ ਹਿੰਸਾ ਫੌਜਵਾਦ ਦੇ ਰੂਪ ਵਿੱਚ ਵਧ ਰਹੀ ਹੈ ਤੇ ਇੱਥੋਂ ਤੱਕ ਕਿ ਰਾਸ਼ਟਰਾਂ ਤੇ ਮੌਜੂਦਾ ਸੱਭਿਆਚਾਰਾਂ ਨੂੰ ਵੀ ਖਤਮ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਸਾਨੂੰ ਇਨ੍ਹਾਂ ਮੁੱਦਿਆਂ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ।ਐੱਮ ਐੱਸ ਭਾਟੀਆ, ਕਨਵੀਨਰ ਸੋਸ਼ਲ ਥਿੰਕਰਜ਼ ਫੋਰਮ ਨੇ ਕਿਹਾ ਕਿ ਉਹ ਹਿੰਸਾ ਦੇ ਸੱਭਿਆਚਾਰ ਵਿਰੁੱਧ ਅੰਦੋਲਨ ਜਾਰੀ ਰੱਖਣਗੇ, ਕਿਉਂਕਿ ਹਿੰਸਾ ਦੇ ਸੱਭਿਆਚਾਰ ਖਿਲਾਫ ਲੋਕ ਰਾਏ ਬਣਾਉਣੀ ਜ਼ਰੂਰੀ ਹੈ।ਵਿਚਾਰ ਚਰਚਾ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਲੜਕੇ ਤੇ ਲੜਕੀਆਂ ਨੇ ਭਾਗ ਲਿਆ।

ਸੰਬੋਧਨ ਕਰਨ ਵਾਲਿਆਂ ਵਿੱਚ ਪ੍ਰਮੁੱਖ ਤੌਰ 'ਤੇ ਡਾ: ਮਹਿੰਦਰ ਕੌਰ ਗਰੇਵਾਲ, ਪ੍ਰੋ: ਜਗਮੋਹਨ ਸਿੰਘ, ਡਾ: ਮਨਦੀਪ, ਡਾ: ਰਵਨੀਤ, ਡਾ: ਦੀਕਸ਼ਾ, ਡਾ: ਰਸ਼ਪਿੰਦਰ, ਡਾ: ਰਾਜਵਿੰਦਰ, ਡਾ: ਅਨਮੋਲ ਸੂਦ, ਚਰਨ ਸਰਾਭਾ, ਸ਼ੁਭਦੀਪ ਔਲਖ, ਅਨੂ ਬਾਲਾ, ਡਾ: ਕਾਜਲ ਗੁਪਤਾ, ਡਾ: ਗਗਨਦੀਪ, ਡਾ: ਰਜਿੰਦਰ ਪਾਲ ਔਲਖ, ਅਜੀਤ ਜਵੱਦੀ, ਚਮਕੌਰ ਸਿੰਘ, ਨਰੇਸ਼ ਗੌੜ ਸ਼ਾਮਲ ਸਨ।ਹੋਰਨਾਂ ਤੋਂ ਇਲਾਵਾ ਡਾਕਟਰ ਗੁਰਪ੍ਰੀਤ ਸਿੰਘ ਰਤਨ, ਕੇਵਲ ਸਿੰਘ ਬਨਵੈਤ, ਅਵਤਾਰ ਛਿੱਬੜ, ਕੁਲਵੰਤ ਕੌਰ, ਰਣਜੀਤ ਸਿੰਘ, ਇੰਦਰਜੀਤ ਸਿੰਘ ਸੋਢੀ, ਸੁਸ਼ੀਲ ਅਗਰਵਾਲ, ਕਾਮਰੇਡ ਜਗਦੀਸ਼ ਚੰਦ, ਮਲਕੀਤ ਮਾਲੜਾ, ਪ੍ਰਭਦਿਆਲ ਸਿੰਘ ਸੈਣੀ, ਰਛਪਾਲ ਸਿੰਘ, ਡਾਕਟਰ ਰਜਨੀ, ਕੁਮਾਰੀ ਖੁਸ਼ਬੂ, ਰਣਧੀਰ ਸਿੰਘ ਧੀਰਾ, ਅਨਿਲ ਕੁਮਾਰ, ਅਨੋਦ ਕੁਮਾਰ ਤੇ ਸੰਜੀਤ ਕੁਮਾਰ ਹਾਜ਼ਰ ਸਨ।

# ਲੋਕ ਕਵੀ ਸੰਤ ਰਾਮ ਉਦਾਸੀ ਦੀ ਗੀਤ ਕਲਾ ਬਾਰੇ ਰਾਇਸਰ ਵਿਖੇ ਹੋਇਆ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਲੋਕ ਕਵੀ ਸੰਤ ਰਾਮ ਉਦਾਸੀ ਦੀ ਗੀਤ ਕਲਾ ਬਾਰੇ ਸਮਾਗਮ ਉਨ੍ਹਾਂ ਦੇ ਜੱਦੀ ਪਿੰਡ ਰਾਇਸਰ (ਬਰਨਾਲਾ) ਵਿਖੇ ਕਰਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਲਾਭ ਸਿੰਘ ਖੀਵਾ ਨੇ ਕੀਤੀ, ਜਦ ਕਿ ਮੁੱਖ ਮਹਿਮਾਨ ਵਜੋਂ ਡਾ. ਸੁਰਜੀਤ ਸਿੰਘ ਭੱਟੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪ੍ਰਧਾਨਗੀ ਮੰਡਲ ਵਿਚ ਸੰਤ ਰਾਮ ਉਦਾਸੀ ਦੀ ਸੁਪਤਨੀ ਨਸੀਬ ਕੌਰ ਉਦਾਸੀ ਵੀ ਸ਼ਾਮਲ ਹੋਏ।ਉਦਾਸੀ ਦੀ ਸਪੁੱਤਰੀ ਇਕਬਾਲ ਕੌਰ ਉਦਾਸੀ ਨੇ ਜੀ ਆਇਆਂ ਨੂੰ ਆਖਦਿਆਂ ਉਨ੍ਹਾਂ ਦੀ ਗੀਤਕਾਰੀ ਦੇ ਸਫ਼ਰ ਬਾਰੇ ਵੀ ਵਿਚਾਰ ਪੇਸ਼ ਕੀਤੇ।ਡਾ. ਭੱਟੀ ਨੇ ਕਿਹਾ ਕਿ ਉਦਾਸੀ ਸਭ ਤੋਂ ਲਿਤਾੜੀ ਹੋਈ ਧਿਰ ਦੇ ਕਵੀ ਸਨ, ਉਨ੍ਹਾਂ ਦੇ ਆਮ ਲੋਕਾਂ ਦੇ ਦੁੱਖਾਂ ਬਾਰੇ ਲਿਖੇ ਗੀਤਾਂ ਨੂੰ ਸਦੀਵੀ ਤੌਰ 'ਤੇ ਯਾਦ ਰੱਖਿਆ ਜਾਵੇਗਾ।ਉਦਾਸੀ ਨੇ ਆਪਣੇ ਗੀਤਾਂ ਰਾਹੀਂ ਅਬੋਲ ਲੋਕਾਂ ਨੂੰ ਆਵਾਜ਼ ਦਿੱਤੀ।ਡਾ. ਖੀਵਾ ਨੇ ਕਿਹਾ ਕਿ ਉਦਾਸੀ ਨੇ ਆਪਣੀ ਗੀਤਕਾਰੀ ਤੇ ਮਧੁਰ ਆਵਾਜ਼ ਨੂੰ ਮੰਡੀ ਦੀ ਵਸਤੂ ਨਹੀਂ ਬਣਾਇਆ। ਉਸਦੇ ਗੀਤ ਅੱਜ ਤੱਕ ਵੀ ਵੱਡੇ ਇਕੱਠਾਂ ਵਿੱਚ ਗਾਏ ਜਾਂਦੇ ਹਨ।ਡਾ. ਹਰਭਗਵਾਨ ਨੇ ਕਿਹਾ ਕਿ ਉਦਾਸੀ ਨਕਸਲੀ ਲਹਿਰ ਦਾ ਕਵੀ ਸੀ, ਪਰ ਉਸਦਾ ਅਗਾਂਹਵਧੂ ਪੱਖ ਸਤਹੀ ਨਹੀਂ ਸੀ।ਉਨ੍ਹਾਂ ਆਪਣੀ ਚੇਤਨਾ ਨੂੰ ਲੋਕ ਗੀਤਾਂ ਦੇ ਰੰਗ ਵਿਚ ਰੰਗ ਕੇ ਸਦੀਆਂ ਵਿਚ ਜਿਊਣ ਜੋਗੀ ਬਣਾ ਲਿਆ।ਡਾ. ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਉਦਾਸੀ ਦੇ ਬਹੁਤ ਸਾਰੇ ਗੀਤ ਲੋਕ ਗੀਤਾਂ ਦਾ ਰੁਤਬਾ ਹਾਸਲ ਕਰ ਗਏ ਹਨ।ਇਸ ਕਰਕੇ ਉਦਾਸੀ ਯੁੱਗਾਂ ਵਿਚ ਫੈਲਿਆ ਲੋਕ ਕਵੀ ਬਣ ਗਿਆ ਹੈ।

ਅਕੈਡਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਗ੍ਰਾਮ ਲੋਕ ਪ੍ਰੋਗਰਾਮ ਤਹਿਤ ਮਾਲਵੇ ਵਿੱਚ ਇਹ ਛੇਵਾਂ ਸਮਾਗਮ ਹੈ।ਅਕੈਡਮੀ ਹੁਣ ਸ਼ਹਿਰਾਂ ਦੀ ਬਜਾਏ ਪਿੰਡਾਂ ਤੱਕ ਪਹੁੰਚ ਕਰ ਰਹੀ ਹੈ। ਉਦਾਸੀ ਬਾਰੇ ਉਨ੍ਹਾਂ ਕਿਹਾ ਕਿ ਉਦਾਸੀ ਦੇ ਗੀਤ ਅੱਜ ਵੀ ਪ੍ਰਸੰਗਕ ਹਨ।

ਅਕੈਡਮੀ ਵੱਲੋਂ ਉਦਾਸੀ ਦੀ ਪਤਨੀ ਨਸੀਬ ਕੌਰ ਉਦਾਸੀ ਦਾ ਸਨਮਾਨ ਵੀ ਕੀਤਾ ਗਿਆ। ਡਾ: ਗੁਰਪ੍ਰੀਤ ਸਿੰਘ ਰਾਇਸਰ ਕਿਹਾ ਕਿ ਮੈਂ ਅਕੈਡਮੀ ਦਾ ਧੰਨਵਾਦ ਕਰਦਾ ਹਾਂ, ਜਿਸ ਨੇ ਲੋਕ ਕਵੀ ਸੰਤ ਰਾਮ ਉਦਾਸੀ ਬਾਰੇ ਉਨ੍ਹਾਂ ਦੀ ਮਹਾਨਤਾ ਤੋਂ ਪਿੰਡ ਦੇ ਲੋਕਾਂ ਨੂੰ ਜਾਣੂ ਕਰਾਇਆ ਹੈ। ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਤਰਫੋਂ ਉਨ੍ਹਾਂ ਨਿੱਜੀ ਸਹਾਇਕ ਭਾਈ ਬਿੰਦਰ ਸਿੰਘ ਖ਼ਾਲਸਾ ਨੇ ਹਾਜ਼ਰੀ ਲਾਉਂਦਿਆ ਉਦਾਸੀ ਯਾਦਗਾਰੀ ਲਾਇਬ੍ਰੇਰੀ ਦੇ ਅਧੂਰੇ ਕੰਮ ਨੂੰ ਨੇਪਰੇ ਚਾੜ੍ਹਨ ਦਾ ਵਿਸ਼ਵਾਸ ਦਿਵਾਇਆ।ਪੰਚਾਇਤ ਵੱਲੋਂ ਬੁਲਾਰਿਆਂ ਅਤੇ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ।

1-Oct-PAGE-8.qxd 9/30/2024 10:59 PM Page 1



# ਪਰਾਲੀ ਨੂੰ ਬਿਨਾਂ ਸਾੜੇ ਪ੍ਰਬੰਧਨ ਕਰਨ 'ਚ ਮਾਰਗਦਰਸ਼ਨ ਕਰਨ ਲਈ ਉੱਨਤ ਕਿਸਾਨ ਐਪ ਹੋਵੇਗੀ ਮਦਦਗਾਰ



**ਮੋਹਾਲੀ, (ਗੁਰਜੀਤ ਬਿੱਲਾ)**
ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਆਫ਼ ਇੰਡੀਆ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਐਸ ਏ ਐਸ ਨਗਰ ਜ਼ਿਲ੍ਹੇ ਵਿਖੇ ਖੇਤਾਂ 'ਚ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਜਾਗਰੂਕਤਾ ਦੇ ਨਾਲ-ਨਾਲ ਐਨਫੋਰਸਮੈਂਟ ਮੁਹਿੰਮ ਵੀ ਚਲਾਈ ਜਾ ਰਹੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਖੇਤੀਬਾੜੀ ਅਤੇ ਤਾਲਮੇਲ ਲਈ ਲਾਏ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਪਿੰਡਾਂ ਵਿੱਚ ਕਿਸਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਜ਼ਿਲ੍ਹੇ ਵਿੱਚ ਉਪਲਬੱਧ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦੀ ਮਸ਼ੀਨਰੀ ਬਾਰੇ ਜਾਣੂ ਕਰਵਾਉਣ।ਉਹਨਾਂ ਨੂੰ ਪੰਜਾਬ ਸਰਕਾਰ ਦੁਆਰਾ ਵਿਕਸਤ ਕੀਤੀ ਔਨਲਾਈਨ ਐਪ ਉਨਤ ਕਿਸਾਨ ਬਾਰੇ ਵੀ ਦੱਸਿਆ ਜਾ ਰਿਹਾ ਹੈ ਜੋ ਉਹਨਾਂ ਦੇ ਨੇੜੇ-ਤੇੜੇ ਮਸ਼ੀਨਰੀ ਦਾ ਪਤਾ ਲਗਾਉਣ ਲਈ ਐਂਡਰਾਇਡ ਅਤੇ ਐਪਲ ਪਲੇਟਫਾਰਮਾਂ ਤੇ ਉਪਲਬਧ ਹੈ।ਐਪ ਵਿੱਚ ਮਸ਼ੀਨਰੀ ਦੇ ਮਾਲਕਾਂ ਦੀ ਜਾਣਕਾਰੀ (ਸਮੇਂ-ਸਮੇਂ 'ਤੇ ਅੱਪਡੇਟ ਕੀਤੀ ਜਾਂਦੀ ਹੈ) ਹੈ ਜੋ ਕਿ ਕਿਸਾਨਾਂ ਦੁਆਰਾ ਪਰਾਲੀ ਨੂੰ ਅੱਗ ਲਗਾਏ ਬਿਨਾਂ ਇਸ ਦੇ ਖੇਤ-ਅੰਦਰ ਅਤੇ ਖੇਤ ਬਾਹਰ ਦੇ ਨਿਪਟਾਰੇ ਲਈ ਕਿਰਾਏ 'ਤੇ ਲਈ ਜਾ ਸਕਦੀ ਹੈ।

ਡਿਪਟੀ ਕਮਿਸ਼ਨਰ ਆਸ਼ਿਕਾ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਦੇ ਏ.ਡੀ.ਸੀਜ਼ ਨੂੰ ਸਬ-ਡਵੀਜ਼ਨਾਂ ਦੇ ਨਿਗਰਾਨ ਅਫ਼ਸਰ ਵਜੋਂ ਤਾਇਨਾਤ ਕੀਤਾ ਗਿਆ ਹੈ, ਜਿੱਥੇ ਐੱਸ.ਡੀ.ਐੱਮਜ਼ ਨੂੰ ਉਨ੍ਹਾਂ ਦੀਆਂ ਸਬ-ਡਵੀਜ਼ਨਾਂ ਦੀ ਸਮੁੱਚੀ ਜ਼ਿੰਮੇਵਾਰੀ ਸੌਂਪੀ ਗਈ ਹੈ। ਏ ਡੀ ਸੀ ਵਿਰਾਜ ਐਸ ਤਿੜਕੇ ਖਰੜ ਸਬ ਡਵੀਜ਼ਨ ਦੀ ਦੇਖ-ਰੇਖ ਕਰਨਗੇ ਜਦਕਿ ਦਮਨਜੀਤ ਸਿੰਘ ਮਾਨ ਡੇਰਾਬੱਸੀ ਅਤੇ ਸੋਨਮ ਚੌਧਰੀ ਮੁਹਾਲੀ।ਜਾਗਰੂਕਤਾ ਅਤੇ ਐਨਫੋਰਸਮੈਂਟ ਦੀਆਂ ਮੁਹਿੰਮਾਂ ਨਾਲੋ-ਨਾਲ ਚੱਲ ਰਹੀਆਂ ਹਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੁਣ ਤੱਕ ਸੈਟੇਲਾਈਟ ਨਿਰੀਖਣ ਵਿੱਚ ਅੱਗ ਲੱਗਣ ਦੀਆਂ ਪੰਜ ਘਟਨਾਵਾਂ ਸਾਹਮਣੇ ਆਈਆਂ ਹਨ।

## ਚੇਅਰਮੈਨ ਤੇ ਡਿਪਟੀ ਕਮਿਸ਼ਨਰ ਵੱਲੋਂ ਸਮਾਗਮਾਂ ਦੀ ਤਿਆਰੀ ਦੀ ਸਮੀਖਿਆ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**
ਪੰਜਾਬ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਅਤੇ ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 6, 11, 16 ਅਤੇ 17 ਅਕਤੂਬਰ ਨੂੰ ਭਗਵਾਨ ਵਾਲਮੀਕਿ ਮਹਾਰਾਜ ਦੇ ਪ੍ਰਕਾਸ਼ ਉਤਸਵ ਸੰਬੰਧੀ ਹੋਣ ਵਾਲੇ ਸਮਾਗਮਾਂ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ।ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਦੱਸਿਆ ਕਿ ਲੜੀਵਾਰ ਸਮਾਗਮ ਕਰਵਾਏ ਜਾਣਗੇ, ਜਿਨ੍ਹਾਂ ਵਿੱਚ 6 ਅਕਤੂਬਰ ਨੂੰ ਹਵਨ ਯੱਗ, 11 ਅਕਤੂਬਰ ਨੂੰ ਤੀਰਥ ਯਾਤਰਾ, 16 ਅਕਤੂਬਰ ਨੂੰ ਸ਼ੋਭਾ ਯਾਤਰਾ ਅਤੇ 17 ਅਕਤੂਬਰ ਨੂੰ ਦੀਪ ਮਾਲਾ ਹੋਵੇਗੀ। ਇਸ ਮੌਕੇ ਬੋਲਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਪੁਖ਼ਤਾ ਪ੍ਰਬੰਧ ਕਰਨ ਲਈ ਵਚਨਬੱਧ ਹੈ ਤਾਂ ਜੋ ਲੋਕ ਪੂਰੀ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋ ਸਕਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਡਾ. ਅਗਰਵਾਲ ਨੇ ਲੋਕਾਂ ਨੂੰ ਸ਼ੋਭਾ ਯਾਤਰਾ ਵਿਚ ਪੂਰੀ ਧਾਰਮਿਕ ਭਾਵਨਾ ਨਾਲ ਸ਼ਿਰਕਤ ਕਰਨ ਲਈ ਕਿਹਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸ਼ੋਭਾ ਯਾਤਰਾ ਦੌਰਾਨ ਟ੍ਰੈਫਿਕ ਦੇ ਬਦਲਵੇਂ ਰੂਟ, ਵਾਹਨਾਂ ਦੀ ਢੁੱਕਵੀਂ ਪਾਰਕਿੰਗ, ਚੌਕਾਂ ਦੇ ਸੁੰਦਰੀਕਰਨ, ਸੁਰੱਖਿਆ ਇੰਤਜ਼ਾਮ ਅਤੇ ਹੋਰ ਸਹੂਲਤਾਂ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣਗੇ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਹਰੇਕ ਸੰਬੰਧਤ ਅਧਿਕਾਰੀ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦਾ ਸਟਾਫ਼ ਇਸ ਪ੍ਰਸਿੱਧ ਸ਼ੋਭਾ ਯਾਤਰਾ ਦੌਰਾਨ ਸਮਾਗਮਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੂਰੀ ਤਨਦੇਹੀ ਨਾਲ ਡਿਊਟੀ ਨਿਭਾਵੇ।ਉਨ੍ਹਾਂ ਕਿਹਾ ਕਿ ਹਰੇਕ ਅਧਿਕਾਰੀ/ਕਰਮਚਾਰੀ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸ਼ੋਭਾ ਵਿੱਚ ਭਾਗ ਲੈਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ ਅਤੇ ਇਸ ਡਿਊਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਡਾ.ਅਗਰਵਾਲ ਨੇ ਨਗਰ ਨਿਗਮ ਜਲੰਧਰ ਨੂੰ ਸ਼ੋਭਾ ਯਾਤਰਾ ਦੇ ਰੂਟ ਦੀ ਸੁਚੱਜੀ ਸਾਫ਼-ਸਫ਼ਾਈ, ਸੜਕਾਂ 'ਤੇ ਪਾਣੀ ਦੇ ਛਿੜਕਾਅ ਅਤੇ ਸਮਾਗਮ ਦੌਰਾਨ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਆਰਜ਼ੀ ਪਖ਼ਾਨੇ ਤੇ ਮੋਬਾਇਲ ਟੁਆਇਲਟਾਂ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ। ਇਸੇ ਤਰ੍ਹਾਂ ਉਨ੍ਹਾਂ ਸਿਹਤ ਵਿਭਾਗ ਨੂੰ ਕਿਹਾ ਕਿ ਸ਼ੋਭਾ ਯਾਤਰਾ ਦੌਰਾਨ ਲੋਕਾਂ ਦੀ ਸਹੂਲਤ ਲਈ ਮੈਡੀਕਲ ਟੀਮਾਂ ਸਮੇਤ ਦਵਾਈਆਂ ਅਤੇ ਐਂਬੂਲੈਂਸ ਤਾਇਨਾਤ ਕੀਤੀਆਂ ਜਾਣ। ਉਨ੍ਹਾਂ ਪਾਵਰਕਾਮ ਦੇ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਦੇ ਰੂਟ 'ਤੇ ਲਟਕਦੀਆਂ ਤਾਰਾਂ ਨੂੰ ਹਟਾਉਣ ਦੇ ਨਾਲ-ਨਾਲ ਨਿਰਵਿਘਨ ਬਿਜਲੀ ਸਪਲਾਈ ਲਈ ਸੁਚਾਰੂ ਵਿਵਸਥਾ ਕਰਨ ਲਈ ਕਿਹਾ। ਉਨ੍ਹਾਂ ਪੁਲਿਸ ਵਿਭਾਗ ਨੂੰ ਸ਼ੋਭਾ ਯਾਤਰਾ ਦੌਰਾਨ ਅਮਨ-ਕਾਨੂੰਨ ਨੂੰ ਬਰਕਰਾਰ ਰੱਖਣ, ਖਾਸ ਕਰ ਆਵਾਜਾਈ ਨੂੰ ਨਿਰਵਿਘਨ ਜਾਰੀ ਰੱਖਣ ਲਈ ਲੋੜੀਂਦੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਉਣ ਲਈ ਕਿਹਾ।ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਇਹ ਮੀਟਿੰਗ ਸਮਾਗਮਾਂ ਤੋਂ ਕਾਫੀ ਪਹਿਲਾਂ ਕੀਤੀ ਜਾ ਰਹੀ ਹੈ ਤਾਂ ਜੋ ਸਾਰੇ ਪ੍ਰਬੰਧਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

## ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ ਦੀ ਮੀਟਿੰਗ 'ਚ ਹੋਏ ਅਹਿਮ ਫੈਸਲੇ

**ਸ਼ਾਹਕੋਟ (ਗਿਆਨ ਸੈਦਪੁਰੀ)**-ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਜਸਵਿੰਦਰ ਭੋਗਲ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਵਿੱਤ ਸਕੱਤਰ ਮਾਸਟਰ ਕਰਨੈਲ ਸਿੰਘ, ਸੈਲਸ, ਪਰਮਜੀਤ ਕਲਸੀ, ਗੁਰਮੇਲ ਸਿੰਘ ਬੋਪਾਰਾਏ, ਲਵਿੰਦਰ ਸਿੰਘ, ਪਰਮਜੀਤ ਕੜਿਆਣਾ ਅਤੇ ਗੁਰਮੀਤ ਸਿੰਘ ਕੋਟਲੀ ਨੇ ਭਾਗ ਲਿਆ। ਜ਼ਿਲ੍ਹਾ ਸਕੱਤਰ ਡਾ. ਮੰਗਤ ਰਾਏ ਨੇ ਦੱਸਿਆ ਕਿ ਮੀਟਿੰਗ ਵਿਚ ਜਮਹੂਰੀ ਕਾਰਕੁੰਨਾਂ, ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਇਨਸਾਫ ਪਸੰਦ ਵਿਅਕਤੀਆਂ ਉੱਪਰ ਕੌਮੀ ਜਾਂਚ ਏਜੰਸੀ ਵੱਲੋਂ ਮਾਰੇ ਜਾ ਰਹੇ ਛਾਪਿਆਂ ਦੀ ਨਿਖੇਧੀ ਕਰਦਿਆਂ ਇਸ ਪ੍ਰਕਿਰਿਆ ਨੂੰ ਰੋਕਣ ਲਈ ਲੋਕਾਂ ਨੂੰ ਜਾਗਰੂਕ ਕਰਨ ਦਾ ਫੈਸਲਾ ਕੀਤਾ ਗਿਆ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦੇਸ਼ ਵਿਚ ਫੈਲਾਈ ਜਾ ਰਹੀ ਫਿਰਕਾਪ੍ਰਸਤੀ ਅਤੇ ਦਲਿਤਾਂ, ਮੁਸਲਮਾਨਾਂ, ਘੱਟ ਗਿਣਤੀਆਂ ਅਤੇ ਔਰਤਾਂ ਉੱਪਰ ਹੋ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਜਨਤਕ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਕਰਨ ਦਾ ਅਹਿਦ ਕੀਤਾ ਗਿਆ। ਮੈਂਬਰਾਂ ਨੇ ਜਮਹੂਰੀ ਚੇਤਨਾ ਪਰਚੇ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦਾ ਅਹਿਦ ਕੀਤਾ। ਫਿਰਕਾਪ੍ਰਸਤੀ ਦੀ ਇਤਿਹਾਸਕਿਤਾ ਅਤੇ ਦੁਰਪ੍ਰਭਾਵਾਂ ਬਾਰੇ 17 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ 'ਚ ਸੈਮੀਨਾਰ ਕਰਵਾਉਣ ਦਾ ਫੈਸਲਾ ਕੀਤਾ ਗਿਆ।

## ਕੰਧੋਲਾ 'ਚ ਧੀਆਂ ਦੇ ਸਮੂਹਿਕ ਅਨੰਦ ਕਾਰਜ 3 ਨੂੰ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਪਿਛਲੇ ਕਈ ਸਾਲਾਂ ਤੋਂ ਜ਼ਰੂਰਤਮੰਦ ਲੋਕਾਂ ਦਾ ਆਸਰਾ ਬਣੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇਸੀ ਦਵਾਖਾਨਾ ਪਿੰਡ ਕੰਧੋਲਾ ਦੇ ਪ੍ਰਬੰਧਕਾਂ ਦੀ ਮੀਟਿੰਗ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਸੁਖਵੀਰ ਸਿੰਘ ਕੰਧੋਲਾ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਭਾਈ ਸੁਖਵੀਰ ਸਿੰਘ ਕੰਧੋਲਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਥਾ ਵੱਲੋਂ 3 ਅਕਤੂਬਰ ਨੂੰ ਜ਼ਰੂਰਤਮੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਸ੍ਰੀ ਦਰਬਾਰ ਸਾਹਿਬ ਪਿੰਡ ਕੰਧੋਲਾ ਵਿਖੇ ਕੀਤੇ ਜਾਣਗੇ। ਇਸ ਮੌਕੇ ਹਰਦੀਪ ਸਿੰਘ ਦੀਪਾ, ਸਰਬਜੀਤ ਸਿੰਘ, ਬੀਬੀ ਗੁਰਦੀਪ ਕੌਰ ਕੰਧੋਲਾ, ਹਰਸਿਮਰਨਜੀਤ ਸਿੰਘ, ਜਬਰ ਜੰਗ ਕੰਧੋਲਾ, ਕਰਤਾਰ ਸਿੰਘ ਰਾਜਾ ਕੈਨੇਡਾ, ਹਰਦੀਪ ਸਿੰਘ ਸੰਧੂਆਂ, ਹਰਜਿੰਦਰ ਸਿੰਘ ਸੋਨਾ, ਹਰਮਨਜੀਤ ਸਿੰਘ ਮੋਰਿੰਡਾ, ਅਮਰਜੀਤ ਸਿੰਘ ਕਲਸੀ, ਜਸਵਿੰਦਰ ਸਿੰਘ ਅਟਾਰੀ, ਕ੍ਰਿਪਾਲ ਸਿੰਘ ਮੋਜਲੀਪੁਰ, ਮਨਜੀਤ ਸਿੰਘ, ਸਤਨਾਮ ਸਿੰਘ, ਜਸਵਿੰਦਰ ਸਿੰਘ ਜੱਸੂ, ਸਰਬਜੀਤ ਸਿੰਘ ਬਿੱਟੂ ਅਤੇ ਕੁਲਵਿੰਦਰ ਸਿੰਘ ਹਾਜ਼ਰ ਸਨ।

## ਪੁਸਤਕ ਗੋਸ਼ਟੀ ਤੇ ਸਨਮਾਨ ਸਮਾਰੋਹ ਕਰਵਾਇਆ

**ਨਵਾਂਸ਼ਹਿਰ (ਮਨੋਜ ਲਾਡੀ)**- ਦੋਆਬਾ ਸਾਹਿਤ ਸਭਾ ਨਵਾਂਸ਼ਹਿਰ ਅਤੇ ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵੱਲੋਂ ਦੋਆਬਾ ਸਾਹਿਤ ਸਭਾ ਨਵਾਂਸ਼ਹਿਰ ਦੇ ਸਾਬਕਾ ਪ੍ਰਧਾਨ ਸੁਰਜੀਤ ਕਰੜਾ, ਬਹੁਪੱਖੀ ਸ਼ਖ਼ਸੀਅਤ ਹਰਬੰਸ ਹੀਓਂ ਅਤੇ ਸ਼ਾਇਰ ਇਕਬਾਲ ਖਾਨ ਦੀ ਯਾਦ ਵਿੱਚ ਪੁਸਤਕ ਗੋਸ਼ਟੀ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ।ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਦੇ ਲਾਇਬ੍ਰੇਰੀ ਹਾਲ ਵਿੱਚ ਅਯੋਜਿਤ ਕੇਵਲ ਰਾਮ ਨਵਾਂਸ਼ਹਿਰ ਦੁਆਰਾ ਸੰਪਾਦਿਤ ਪੁਸਤਕ ਅਜਮੇਰ ਸਿੱਧੂ ਦਾ ਕਹਾਣੀ ਜਗਤ: ਵਿਭਿੰਨ ਪਾਸਾਰ ਬਾਰੇ ਪ੍ਰੋਫੈਸਰ ਭਜਨ ਸਿੰਘ ਨੇ ਪਰਚਾ ਪੜ੍ਹਿਆ। ਸ਼ਾਇਰ ਕੁਲਵਿੰਦਰ ਕੁੱਲਾ, ਕੇਵਲ ਰਾਮ ਨਵਾਂਸ਼ਹਿਰ ਅਤੇ ਹਰਬੰਸ ਹੀਓਂ ਦੀ ਧਰਮ ਪਤਨੀ ਕਮਲਜੀਤ ਕੌਰ ਹੀਓਂ ਨੂੰ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਰਜਿੰਦਰ ਸਿੰਘ ਗਿੱਲ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਉਹਨਾਂ ਦੇ ਸਕੂਲ ਦੇ ਦਰਵਾਜ਼ੇ ਸਾਹਿਤਕ ਸਰਗਰਮੀਆਂ ਲਈ ਹਮੇਸ਼ਾਂ ਖੁੱਲ੍ਹੇ ਹਨ। ਖਾਲਸਾ ਕਾਲਜ ਮਾਹਿਲਪੁਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ.ਬੀ ਸੇਖੋਂ ਨੇ ਅਜਮੇਰ ਸਿੱਧੂ ਦੀਆਂ ਪੁਸਤਕਾਂ ਉੱਤੇ ਵਿਸਥਾਰ ਪੂਰਵਕ ਚਾਨਣਾ ਪਾਇਆ।ਇਸ ਸਮਾਗਮ ਦੀ ਪ੍ਰਧਾਨਗੀ ਦਰਸ਼ਨ ਸਿੰਘ ਖਟਕੜ, ਪ੍ਰੋਫੈਸਰ ਮਹਿੰਦਰ ਸਿੰਘ ਬਣਵੈਤ, ਬਲਦੇਵ ਸਿੰਘ ਢੀਂਡਸਾ, ਡਾ. ਜੇ.ਬੀ.ਸੇਖੋਂ ਅਤੇ ਕਮਲਜੀਤ ਕੌਰ ਹੀਓਂ ਨੇ ਕੀਤੀ। ਦਰਸ਼ਨ ਸਿੰਘ ਖੱਟਕੜ ਨੇ ਸਾਹਿਤਕਾਰਾਂ ਨੂੰ ਸਾਹਿਤ ਰਾਹੀਂ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੱਦਾ ਦਿੱਤਾ।ਇਸ ਮੌਕੇ ਕੁਲਵਿੰਦਰ ਕੁੱਲਾ ਦਾ ਗ਼ਜ਼ਲ ਸੰਗ੍ਰਹਿ 'ਰਣ ਤੋਂ ਤਾਜ ਤੱਕ' ਵੀ ਰਲੀਜ਼ ਕੀਤਾ ਗਿਆ।ਇਸ ਮੌਕੇ ਪ੍ਰੋਫੈਸਰ ਮਹਿੰਦਰ ਸਿੰਘ ਬਣਵੈਤ, ਲੈਕਚਰਾਰ ਸਰਬਜੀਤ ਕੌਰ, ਬਲਦੇਵ ਸਿੰਘ ਢੀਂਡਸਾ ਨੇ ਵੀ ਵਿਚਾਰ ਪੇਸ਼ ਕੀਤੇ।ਭੁਪਿੰਦਰ ਸਿੰਘ ਵੜੈਚ, ਸੁਨੀਲ ਚੰਦਿਆਣਵੀ,ਕੁਲਵਿੰਦਰ ਕੁੱਲਾ ਅਤੇ ਮਾਸਟਰ ਬਲਵੀਰ ਕੁਮਾਰ ਨੇ ਗ਼ਜ਼ਲਾਂ ਅਤੇ ਕਵਿਤਾਵਾਂ ਪੇਸ਼ ਕੀਤੀਆਂ।




## 6ਵੀਂ ਵਾਰ ਸਰਬਸੰਮਤੀ ਨਾਲ ਚੁਣੀ ਸਿੰਗੜੀਵਾਲਾ ਦੀ ਪੰਚਾਇਤ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**
ਸਮਾਜ ਸੇਵਾ ਅਤੇ ਧਾਰਮਿਕ ਖੇਤਰ ਵਿੱਚ ਨਾਮਣਾ ਖੱਟਣ ਵਾਲੀ ਮਾਣਮੱਤੀ ਸ਼ਖ਼ਸ਼ੀਅਤ ਸੰਤ ਬਾਬਾ ਹਰਮਨਜੀਤ ਸਿੰਘ ਸਿੰਘੜੀਵਾਲਾ ਦੀ ਪ੍ਰੇਰਨਾ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕ੍ਰਿਪਾ ਅਤੇ ਬ੍ਰਹਮ ਗਿਆਨੀ ਮਹਾਂਪੁਰਖ ਸੰਤ ਬਾਬਾ ਹੀਰਾ ਸਿੰਘ ਦੀਆਂ ਅਸੀਸਾਂ ਸਦਕਾ ਲਗਾਤਾਰ 6ਵੀਂ ਵਾਰ ਸਰਬ ਸੰਮਤੀ ਨਾਲ ਪੰਚਾਇਤ ਚੁਣ ਕੇ ਹੁਸ਼ਿਆਰਪੁਰ ਬਲਾਕ-1 ਦੇ ਪਿੰਡ ਸਿੰਗੜੀਵਾਲਾ ਨੇ ਵੱਡਾ ਮਾਰਕਾ ਮਾਰਿਆ ਹੈ। ਸੰਤ ਬਾਬਾ ਹਰਮਨਜੀਤ ਸਿੰਘ ਸਿੰਗੜੀਵਾਲਾ ਦੇ ਉੱਦਮ ਸਦਕਾ ਸਰਬ ਸੰਮਤੀ ਨਾਲ ਚੁਣੀ ਗਈ ਇਸ ਪੰਚਾਇਤ ਵਿੱਚ ਹਰਜਿੰਦਰ ਸਿੰਘ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਸਰਪੰਚ ਚੁਣ ਲਿਆ ਗਿਆ। ਇਸ ਤੋਂ ਇਲਾਵਾ ਪੰਚ ਗੁਰਚਰਨ ਸਿੰਘ, ਪੰਚ ਮਿਥਨ ਕੁਮਾਰ, ਪੰਚ ਬਲਵਿੰਦਰ ਸਿੰਘ, ਪੰਚ ਗੁਰਦੀਪ ਕੌਰ, ਪੰਚ ਨਰਿੰਦਰ ਕੌਰ, ਪੰਚ ਮਲਵਿੰਦਰ ਕੌਰ, ਪੰਚ ਬਲਵਿੰਦਰ ਸਿੰਘ ਨੂੰ ਨਗਰ ਨਿਵਾਸੀਆਂ ਨੇ ਸਰਬ ਸੰਮਤੀ ਦੇ ਨਾਲ ਚੁਣਿਆ। ਇਸ ਮੌਕੇ ਸੰਤ ਬਾਬਾ ਹਰਮਨਜੀਤ ਸਿੰਘ ਨੇ ਦੱਸਿਆ ਕਿ ਪਿੱਛਲੇ ਲੰਮੇ ਸਮੇਂ ਤੋਂ ਇਸ ਨਗਰ ਦੀ ਸੰਗਤ ਵੱਲੋਂ ਆਪਸੀ ਸਲਾਹ ਤੇ ਸਰਬ ਸੰਮਤੀ ਨਾਲ ਪੰਚਾਇਤ ਚੁਣੀ ਜਾ ਰਹੀ ਹੈ ਅਤੇ ਪਿੰਡ ਦੇ ਸਾਰੇ ਕਾਰਜ ਵੀ ਇੱਕ ਮੁੱਠ ਹੋ ਕੇ ਬਿਨਾਂ ਕਿਸੇ ਭਿੰਨਭੇਦ ਤੋਂ ਕੀਤੇ ਜਾ ਰਹੇ ਹਨ । ਉਨ੍ਹਾਂ ਨਵੀਂ ਚੁਣੀ ਗਈ ਸਾਰੀ ਪੰਚਾਇਤ ਨੂੰ ਮੁਬਾਰਕਬਾਦ ਦਿੰਦਿਆਂ ਪਿੰਡ ਦੀ ਤਰੱਕੀ ਅਤੇ ਬੇਹਤਰੀ ਲਈ ਇੱਕ ਮੁੱਠ ਹੋ ਕੇ ਕੰਮ ਕਰਨ ਅਤੇ ਵਾਤਾਵਰਨ ਦੀ ਸੰਭਾਲ ਲਈ ਖਾਸ ਤੌਰ ਤੇ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਗੁਰਨਾਮ ਸਿੰਘ ਸਿੰਗੜੀਵਾਲਾ ਤੇ ਪਿੰਡ ਦੀਆਂ ਅਹਿਮ ਸ਼ਖ਼ਸੀਅਤਾਂ ਅਤੇ ਪਤਵੰਤੇ ਸੱਜਣ ਹਾਜ਼ਰ ਸਨ।



## ਪੰਜਾਬੀ ਵਾਧੂ ਵਿਸ਼ਾ ਸੈਸ਼ਨ ਤੀਜਾ ਪ੍ਰੀਖਿਆ 28 ਤੇ 29 ਨੂੰ

**ਮੋਹਾਲੀ (ਗੁਰਜੀਤ ਬਿੱਲਾ)**- ਬੋਰਡ ਦਫਤਰ ਵੱਲੋਂ ਪੰਜਾਬੀ ਵਾਧੂ ਵਿਸ਼ਾ ਸੈਸ਼ਨ 2024-25 ਦੀ ਤੀਜੀ ਤਿਮਾਹੀ ਦੀ ਪ੍ਰੀਖਿਆ ਲੈਣ ਲਈ 28 ਅਕਤੂਬਰ ਅਤੇ 29 ਅਕਤੂਬਰ ਨਿਸ਼ਚਿਤ ਕੀਤੀ ਗਈ ਹੈ।ਪ੍ਰੀਖਿਆ ਫਾਰਮ ਬੋਰਡ ਦੀ ਵੈਬਸਾਈਟ www.pseb.ac.in 'ਤੇ ਉਪਲਬੱਧ ਹੋਣਗੇ।ਪ੍ਰੀਖਿਆ ਫਾਰਮ ਆਨਲਾਈਨ ਭਰਨ ਉਪਰੰਤ, ਉਸ ਦੇ ਪ੍ਰਿੰਟ ਦੀ ਹਾਰਡ ਕਾਪੀ 18 ਅਕਤੂਬਰ ਤੱਕ ਮੁੱਖ ਦਫਤਰ (ਪ੍ਰੀਖਿਆ ਸ਼ਾਖਾ ਦਸਵੀਂ) ਪੰਜਾਬ ਸਕੂਲ ਸਿੱਖਿਆ ਬੋਰਡ, ਐਸ ਏ ਐਸ ਨਗਰ ਵਿਖੇ ਜਮ੍ਹਾਂ ਕੀਤੇ ਜਾਣਗੇ।

ਰੋਲ ਨੰਬਰ ਬੋਰਡ ਦੀ ਵੈਬਸਾਈਟ 'ਤੇ 23 ਅਕਤੂਬਰ ਤੋਂ ਉਪਲਬੱਧ ਹੋਣਗੇ।ਪ੍ਰੀਖਿਆ ਫਾਰਮ ਜਮ੍ਹਾਂ ਕਰਵਾਉਣ ਸਮੇਂ ਸਬੰਧਤ ਪ੍ਰੀਖਿਆਰਥੀ ਆਪਣੇ ਦਸਵੀਂ ਪਾਸ ਅਸਲ ਸਰਟੀਫਿਕੇਟ ਫੋਟੋ ਪਹਿਚਾਣ ਪੱਤਰ ਅਤੇ ਉਨ੍ਹਾਂ ਦੀਆਂ ਤਸਦੀਕ ਸੁਦਾ ਫੋਟੋਕਾਪੀਆਂ ਨਾਲ ਲੈ ਕੇ ਆਉਣਾ। ਨਿਰਧਾਰਿਤ ਮਿਤੀ ਤੱਕ ਪ੍ਰੀਖਿਆ ਫਾਰਮ ਦੀ ਤਸਦੀਕਸ਼ੁਦਾ ਹਾਰਡ ਕਾਪੀ,ਦਸਵੀਂ ਪਾਸ ਦੇ ਸਰਟੀਫਿਕੇਟ ਦੀ ਤਸਦੀਕਸੁਦਾ ਕਾਪੀ ਅਤੇ ਆਧਾਰ ਕਾਰਡ, ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।

## ਪੰਚਾਇਤੀ ਚੋਣਾਂ ਦੀ ਤਰੀਕ ਬਦਲੇ ਸਰਕਾਰ : ਮਲਹੋਤਰਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਭਗਵਾਨ ਸ੍ਰੀ ਵਾਲਮੀਕਿ ਮਹਾਰਾਜ ਦਾ ਪ੍ਰਕਾਸ਼ ਦਿਵਸ 17 ਅਕਤੂਬਰ ਨੂੰ ਹੈ ਅਤੇ ਪੰਜਾਬ ਸਰਕਾਰ ਵੱਲੋਂ 15 ਅਕਤੂਬਰ ਨੂੰ ਪੰਚਾਇਤੀ ਚੋਣਾਂ ਕਰਵਾਈਆਂ ਜਾ ਰਹੀਆਂ ਹਨ ਜਿਸ ਕਾਰਨ ਵਾਲਮੀਕਿ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਰਹੀ ਹੈ ਅਤੇ ਉਨ੍ਹਾਂ ਦੇ ਮਨਾਂ ਵਿੱਚ ਰੋਸ ਦੀ ਭਾਵਨਾ ਵੱਧਦੀ ਜਾ ਰਹੀ ਹੈ।ਸਰਕਾਰ ਦੇ ਇਸ ਫੈਸਲੇ ਨੂੰ ਬਦਲਣ ਦੀ ਰਣਨੀਤੀ ਬਣਾਉਣ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ ਵਾਲਮੀਕਿ ਸੰਘਰਸ਼ ਮੋਰਚਾ ਭਾਰਤ ਦੇ ਪੰਜਾਬ ਮੀਤ ਪ੍ਰਧਾਨ ਰਾਜਨ ਮਲਹੋਤਰਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੰਘਰਸ਼ ਮੋਰਚਾ ਦੇ ਪੰਜਾਬ ਪ੍ਰਧਾਨ ਮੋਨੂ ਤੇਜ਼ੀ, ਪੰਜਾਬ ਚੇਅਰਮੈਨ ਸੰਜੇ ਲੂਥਰਾ, ਪ੍ਰਧਾਨ ਯੂਥ ਵਿੰਗ ਜਲੰਧਰ ਰਵੀ ਅਤੇ ਰਾਹੁਲ ਲੂਥਰਾ ਹਾਜ਼ਰ ਸਨ।ਮੀਟਿੰਗ 'ਚ ਸ਼ਾਮਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਾਜਨ ਮਲਹੋਤਰਾ ਨੇ ਕਿਹਾ ਕਿ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਦੀ ਜੇਕਰ ਕਿਸੇ ਕਾਰਨ ਤਰੀਕ ਬਦਲੀ ਜਾ ਸਕਦੀ ਹੈ ਤਾਂ ਸ੍ਰਿਸ਼ਟੀਕਰਤਾ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਪੰਜਾਬ ਵਿੱਚ ਪੰਚਾਇਤੀ ਚੋਣਾਂ ਦੀ ਤਰੀਕ ਵੀ ਬਦਲੀ ਜਾ ਸਕਦੀ ਹੈ।ਉਨ੍ਹਾਂ ਪੰਜਾਬ ਸਰਕਾਰ ਨੂੰ ਪੁਰਜੋਰ ਅਪੀਲ ਕੀਤੀ ਹੈ ਕਿ ਵਾਲਮੀਕਿ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਚ ਰੱਖਦੇ ਹੋਏ 15 ਅਕਤੂਬਰ ਦੀਆਂ ਚੋਣਾਂ ਨੂੰ ਮੁਲਤਵੀ ਕਰਕੇ ਨਵੰਬਰ ਵਿੱਚ ਕਰਵਾਈਆਂ ਜਾਣ। ਇਸ ਮੌਕੇ ਤੇ ਸ਼ੁਭਮ ਸਹੋਤਾ, ਵਿਨੋਦ ਕਲਿਆਣ, ਗੁਰਦੀਪ ਦੀਪਾ, ਤਜਿੰਦਰ ਸਿੰਘ, ਸ਼ੰਕੀ ਕਲਿਆਣ, ਸਨੀ ਕਲਿਆਣ, ਬੰਟੀ ਚੌਹਾਨ ਅਤੇ ਹੋਰ ਵਰਕਰ ਹਾਜ਼ਰ ਸਨ।



## ਕਿਸਾਨਾਂ ਦੀ ਆਮਦਨ ਵਧਾਉਣ ਤੇ ਉਤਪਾਦਨ ਸਮਰੱਥਾ ਵਧਾਉਣ ਲਈ ਡੈਨੋਨ ਦੀ ਬਹੁਸਾਲਾ ਪਹਿਲ

**ਮੋਹਾਲੀ :** ਡੈਨੋਨ, ਇੱਕ ਪ੍ਰਮੁੱਖ ਗਲੋਬਲ ਫੂਡ ਅਤੇ ਬੇਵਰੇਜ ਕੰਪਨੀ, ਪੰਜਾਬ ਵਿੱਚ 5000 ਤੋਂ ਵੱਧ ਛੋਟੇ ਡੇਅਰੀ ਕਿਸਾਨਾਂ ਨੂੰ ਸਥਾਈ ਖੇਤੀ ਦੇ ਤਰੀਕਿਆਂ ਅਤੇ ਮਜ਼ਬੂਤ ਖੇਤੀ ਦੇ ਮਾਡਲਾਂ ਦੇ ਗਿਆਨ ਨਾਲ ਲੈਸ ਕਰਨ ਲਈ ਇੱਕ ਤਿੰਨ ਸਾਲਾ ਪ੍ਰੋਗਰਾਮ ਸ਼ੁਰੂ ਕਰਨ ਜਾ ਰਹੀ ਹੈ ਤਾਂ ਜੋ ਦੁੱਧ ਦਾ ਉਤਪਾਦਨ ਵਧ ਸਕੇ, ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ ਅਤੇ ਪਸ਼ੂ ਭਲਾਈ ਵਿੱਚ ਸੁਧਾਰ ਹੋ ਸਕੇ। ਡੈਨੋਨ ਨੇ ਲਾਲੜੂ ਵਿੱਚ ਆਪਣੀ ਵਿਸ਼ੇਸ਼ ਪੋਸ਼ਣ ਸਹੂਲਤ ਦਾ ਵਿਸਤਾਰ ਕਰਨ ਲਈ ਅਗਲੇ ਚਾਰ ਸਾਲਾਂ ਵਿੱਚ 20 ਮਿਲੀਅਨ ਯੂਰੋ ਦਾ ਹੋਰ ਨਿਵੇਸ਼ ਕਰਨ ਦੀ ਯੋਜਨਾ ਬਣਾਈ ਹੈ, ਕਿਉਂਕਿ ਕੰਪਨੀ ਭਾਰਤ ਵਿੱਚ ਆਪਣੀ ਉਤਪਾਦਨ ਸਮਰੱਥਾ ਦਾ ਵਿਸਤਾਰ ਕਰਨਾ ਜਾਰੀ ਰੱਖੇਗੀ। ਇਸ ਪਹਿਲ 'ਤੇ ਟਿੱਪਣੀ ਕਰਦੇ ਹੋਏ, ਡੇ ਸੇਂਟ-ਆਫਰਿਕ ਨੇ ਕਿਹਾ ਕਿ ਸਾਨੂੰ ਡੈਨੋਨ ਦੇ ਲੰਬੇ ਸਮੇਂ ਤੋਂ ਸਥਾਨਕ ਕਿਸਾਨ ਸਮੁਦਾਇਆਂ ਪ੍ਰਤੀ ਸਮਰਥਨ ਨੂੰ ਅੱਗੇ ਵਧਾਉਣ ਲਈ ਬੀ.ਏ.ਆਈ.ਐਫ. ਦੇ ਨਾਲ ਭਾਗੀਦਾਰੀ ਕਰਕੇ ਖੁਸ਼ੀ ਹੋ ਰਹੀ ਹੈ।

## ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਆਂਢੀ ਰਾਜਾਂ ਤੋਂ ਝੋਨੇ ਦੀ ਆਮਦ 'ਤੇ ਸਖ਼ਤ ਨਿਗਰਾਨੀ ਰੱਖਣ ਦੇ ਹੁਕਮ

**ਮੋਹਾਲੀ, (ਗੁਰਜੀਤ ਬਿੱਲਾ)**
ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਗੁਆਂਢੀ ਰਾਜਾਂ ਤੋਂ ਝੋਨੇ ਦੀ ਗੈਰ-ਕਾਨੂੰਨੀ ਆਮਦ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਪੁਲਸ ਨੂੰ ਸਖ਼ਤ ਚੌਕਸੀ ਰੱਖਣ ਅਤੇ ਝਰਮੜੀ ਬੈਰੀਅਰ, ਬੱਸ ਸਟੈਂਡ ਹੰਡੇਸਰਾ, ਸਿਸਵਾਂ ਟੀ ਪੁਆਇੰਟ, ਸੇਖੋਂ ਬੈਂਕੁਇੰਟ ਢਕੋਲੀ, ਬੇਹੜਾ ਮੋੜ ਡੇਰਾਬੱਸੀ, ਰਾਮਗੜ੍ਹ-ਦਫ਼ਰਪੁਰ ਰੋਡ ਮੁਬਾਰਕਪੁਰ ਵਿਖੇ ਵਿਸ਼ੇਸ਼ ਅੰਤਰਰਾਜੀ ਸਰਹੱਦੀ ਨਾਕੇ ਲਗਾਉਣ ਲਈ ਆਖਿਆ ਹੈ।ਉਨ੍ਹਾਂ ਜ਼ਿਲ੍ਹਾ ਮੰਡੀ ਅਧਿਕਾਰੀਆਂ ਅਤੇ ਮਾਰਕੀਟ ਕਮੇਟੀ ਦੇ ਸਕੱਤਰਾਂ ਨੂੰ ਸਥਾਨਕ ਮੰਡੀਆਂ ਵਿੱਚ ਹੋਰ ਰਾਜਾਂ ਤੋਂ ਝੋਨੇ ਦੀ ਆਮਦ 'ਤੇ ਨਜ਼ਰ ਰੱਖਣ ਦੇ ਹੁਕਮ ਵੀ ਦਿੱਤੇ। ਡਿਪਟੀ ਕਮਿਸ਼ਨਰ ਅਨੁਸਾਰ ਹਰਿਆਣਾ ਦੀ ਸਰਹੱਦ ਨਾਲ ਲਗਦੀਆਂ ਮੰਡੀਆਂ ਵਿੱਚ ਬਾਹਰੋਂ ਵੱਡੀ ਮਾਤਰਾ 'ਚ ਫ਼ਸਲ ਆਉਣ ਦੇ ਖ਼ਦਸ਼ੇ ਕਾਰਨ ਥਾਂ ਦੀ ਤੰਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਸਥਾਨਕ ਕਮਿਸ਼ਨ ਏਜੰਟਾਂ ਜਾਂ ਹੋਰ ਪ੍ਰਬੰਧਾਂ ਰਾਹੀਂ ਦੂਜੇ ਰਾਜਾਂ ਤੋਂ ਫਸਲ ਦੀ ਆਮਦ ਕਾਰਨ ਖਰੀਦ ਪ੍ਰਕਿਰਿਆ ਵਿੱਚ ਰੁਕਾਵਟ ਬਣਦੀ ਹੈ। ਜਦ ਕਿ ਸਥਾਨਕ ਸਿਵਲ ਪ੍ਰਸ਼ਾਸਨ ਆਪਣੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡਾਂ ਤੋਂ ਜਿਣਸ ਦੀ ਅਨੁਮਾਨਤ ਆਮਦ ਲਈ ਪ੍ਰਬੰਧ ਕਰਦਾ ਹੈ ਪਰ ਇਨ੍ਹਾਂ ਮੰਡੀਆਂ ਵਿੱਚ ਗੁਆਂਢੀ ਰਾਜਾਂ ਤੋਂ ਫ਼ਸਲ ਦੀ ਗੈਰ-ਕਾਨੂੰਨੀ ਵਿਕਰੀ ਕਾਰਨ ਪ੍ਰਬੰਧਾਂ ਵਿੱਚ ਮੁਸ਼ਕਲ ਆਉਂਦੀ ਹੈ। ਡਿਪਟੀ ਕਮਿਸ਼ਨਰ ਨੇ ਪੁਲਸ ਅਧਿਕਾਰੀਆਂ ਨੂੰ ਵਿਸ਼ੇਸ਼ ਅੰਤਰਰਾਜੀ ਸਰਹੱਦੀ ਚੌਕੀਆਂ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ 'ਹੋਰ ਰਾਜ ਦੀ ਫ਼ਸਲ' ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਵਿੱਕਰੀ ਲਈ ਨਾ ਆ ਸਕੇ। ਇਸ ਤੋਂ ਇਲਾਵਾ ਉਨ੍ਹਾਂ ਜ਼ਿਲ੍ਹਾ ਪੁਲਸ ਨੂੰ ਸਾਉਣੀ ਦੇ ਮੰਡੀਕਰਨ ਸੀਜ਼ਨ ਦੇ ਮੱਦੇਨਜ਼ਰ ਮੰਡੀਆਂ ਵਿੱਚ ਪੁਲਸ ਮੁਲਾਜ਼ਮ ਤਾਇਨਾਤ ਕਰਨ ਦੀ ਵੀ ਅਪੀਲ ਕੀਤੀ ਤਾਂ ਜੋ ਜ਼ਿਲ੍ਹੇ ਵਿੱਚ ਖਰੀਦ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਝੋਨੇ ਦੀ ਖਰੀਦ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਖਰੜ, ਰੁੜਕੀ, ਦਾਊਂ ਮਾਜਰਾ, ਭਾਗੋ ਮਾਜਰਾ, ਸਨੇਟਾ, ਕੁਰਾਲੀ, ਖਿਜਰਾਬਾਦ, ਡੇਰਾਬੱਸੀ, ਅਮਲਾਲਾ, ਸਮਗੋਲੀ, ਲਾਲੜੂ, ਟਿਵਾਣਾ, ਤਸੰਬਲੀ, ਜਰੋਟ ਅਤੇ ਬਨੂੜ ਵਿਖੇ ਖਰੀਦ ਕੇਂਦਰ ਬਣਾਏ ਗਏ ਹਨ।

## ਸੇਂਟ ਸੋਲਜਰ ਨਰਸਿੰਗ ਇੰਸਟੀਚਿਊਟ ਵਿਖੇ ਵਿਸ਼ਵ ਦਿਲ ਦਿਵਸ ਮਨਾਇਆ

**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਨਰਸਿੰਗ ਟਰੇਨਿੰਗ ਇੰਸਟੀਚਿਊਟ ਖਾਂਬੜਾ ਵਿਖੇ ਕਾਲਜ ਪ੍ਰਿੰਸੀਪਲ ਅਤੇ ਹੋਰ ਸਟਾਫ਼ ਮੈਂਬਰਾਂ ਦੀ ਦੇਖ-ਰੇਖ ਹੇਠ ਵਿਸ਼ਵ ਦਿਲ ਦਿਵਸ ਮਨਾਇਆ ਗਿਆ।ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਪੋਸਟਰ ਬਣਾਏ ਅਤੇ ਤੰਦਰੁਸਤ ਦਿਲ 'ਤੇ ਨਾਅਰੇ ਲਗਾਏ, ਜਿਵੇਂ ਕਿ ਸਿਹਤਮੰਦ ਦਿਲ ਤੁਹਾਨੂੰ ਸਿਹਤਮੰਦ ਰੱਖਦਾ ਹੈ, ਤੁਹਾਡੇ ਦਿਲ ਨੂੰ ਪਿਆਰ ਕਰਦਾ ਹੈ, ਸਿਹਤਮੰਦ ਦਿਲ ਤੁਹਾਨੂੰ ਮਜ਼ਬੂਤ ?ਰੱਖਦਾ ਹੈ, ਸਿਹਤਮੰਦ ਦਿਲ, ਸਿਹਤਮੰਦ ਭਵਿੱਖ, ਸਿਹਤਮੰਦ ਦਿਲ ਲਈ ਸਿਹਤਮੰਦ ਅਭਿਆਸ।ਇਸ ਗਤੀਵਿਧੀ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਰਿਤਿਕਾ, ਸਾਹਿਲ, ਅਨੁਪ੍ਰਿਆ, ਈਸਟਰ, ਰਮਨਦੀਪ, ਬੰਦਨਾ, ਜੈਸਮੀਨ, ਪੰਕਜ, ਰੋਜ਼ੀ, ਰੋਸ਼ਨੀ ਸਨ । ਇਸ ਦਿਨ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਕਾਲਜ ਦੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਇਨ੍ਹਾਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਮੰਗਾਂ ਨੂੰ ਲੈ ਕੇ ਸਾਂਝਾ ਅਧਿਆਪਕ ਮੋਰਚਾ ਨੇ ਮੰਗ ਪੱਤਰ ਡਿਪਟੀ ਕਮਿਸ਼ਨਰ ਨੂੰ ਭੇਜਿਆ



**ਫਿਲੌਰ (ਨਿਰਮਲ)**
ਪੰਚਾਇਤੀ ਚੋਣਾਂ ਵਿੱਚ ਚੋਣ ਅਮਲੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਂਝਾ ਅਧਿਆਪਕ ਮੋਰਚਾ ਤਹਿਸੀਲ ਫਿਲੌਰ ਵਲੋਂ ਇੱਕ ਮੰਗ ਪੱਤਰ ਕਰਨੈਲ ਫਿਲੌਰ ਤੇ ਹਰਕਮਲ ਸਿੰਘ ਸੰਧੂ ਦੀ ਅਗਵਾਈ ਵਿੱਚ ਐਸ ਡੀ ਐਮ ਫਿਲੌਰ ਦੀ ਗੈਰਹਾਜ਼ਰੀ ਵਿੱਚ ਬੀ ਡੀ ਪੀ ਓ ਮੈਡਮ ਰਾਜਿੰਦਰ ਕੌਰ ਤੇ ਐਸ ਡੀ ਐਮ ਦਫਤਰ ਫਿਲੌਰ ਦੇ ਸੁਪਰਡੈਂਟ ਪ੍ਰਦੀਪ ਕੁਮਾਰ ਰਾਹੀਂ ਡਿਪਟੀ ਕਮਿਸ਼ਨਰ ਜਲੰਧਰ ਨੂੰ ਭੇਜਿਆ ਗਿਆ।ਇਸ ਮੌਕੇ ਮੰਗ ਕੀਤੀ ਗਈ ਕਿ ਪੰਚਾਇਤੀ ਚੋਣਾਂ ਵਿੱਚ ਮੁਲਾਜ਼ਮਾਂ ਦੀ ਡਿਊਟੀ ਬਲਾਕ ਪੱਧਰ 'ਤੇ ਹੀ ਲਗਾਈ ਜਾਵੇ, ਚੋਣਾਂ ਦਾ ਕੰਮ ਸਾਰਾ ਵੋਟਿੰਗ ਮਸ਼ੀਨਾਂ ਰਾਹੀਂ ਕੀਤਾ ਜਾਵੇ ਕਿਉਂ ਕਿ ਨਤੀਜਾ ਘੋਸ਼ਿਤ ਕਰਨ ਸਮੇਂ ਮੁਲਾਜ਼ਮਾਂ ਨੂੰ ਬਹੁਤ ਸਮਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਚੋਣ ਅਮਲੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ, ਤੇ ਸਰਕਾਰੀ ਪੱਧਰ ਤੇ ਮੁਲਾਜ਼ਮਾਂ ਦਾ ਜ਼ੋਖਿਮ ਬੀਮਾਂ ਕੀਤਾ ਜਾਵੇ, ਮਹਿਲਾ ਮੁਲਜ਼ਮਾਂ ਤੋਂ ਪ੍ਰਜਾਇਡਿੰਗ ਦੀ ਡਿਊਟੀ ਨਾ ਲਈ ਜਾਵੇ, ਵਿਧਵਾ, ਤਲਾਕਸ਼ੁਦਾ, ਗਰਭਵਤੀ ਤੇ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਲੀਆਂ ਇਸਤਰੀ ਮੁਲਜ਼ਮਾਂ ਨੂੰ ਡਿਊਟੀ ਤੋਂ ਛੋਟ ਦਿੱਤੀ ਜਾਵੇ, ਹੈਂਡਕੇਪਟ ਤੇ ਕਰੋਨਿਕ ਬਿਮਾਰੀ ਤੋਂ ਪੀੜਤ ਮੁਲਾਜ਼ਮਾਂ ਨੂੰ ਡਿਊਟੀ ਤੋਂ ਛੋਟ ਦਿੱਤੀ ਜਾਵੇ, ਕਪਲ ਕੇਸ ਵਿੱਚ ਮਹਿਲਾ ਮੁਲਜ਼ਮਾਂ ਦੀ ਡਿਊਟੀ ਕੱਟੀ ਜਾਵੇ, ਚੋਣ ਅਮਲੇ ਨੂੰ ਮੌਕੇ ਤੇ ਹੀ ਮਿਹਨਤਾਨੇ ਦਾ ਭੁਗਤਾਨ ਕੀਤਾ ਜਾਵੇ, ਚੋਣ ਤੋਂ ਅਗਲੇ ਦਿਨ ਅਮਲੇ ਨੂੰ ਛੁੱਟੀ ਦਿੱਤੀ ਜਾਵੇ, ਚੋਣ ਅਮਲੇ ਨੂੰ ਡਿਊਟੀ ਦੌਰਾਨ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਵੇ। ਇਸ ਮੌਕੇ ਲੇਖ ਰਾਜ ਪੰਜਾਬੀ, ਜਸਵੀਰ ਸਿੰਘ, ਮੁਨੀਸ਼ ਕਪੂਰ, ਵਿਸ਼ਾਲ ਸੈਨੀ, ਕਮਲ ਭਾਰਦਵਾਜ, ਸੁਸ਼ੀਲ ਕੁਮਾਰ, ਪਵਨ ਕੁਮਾਰ, ਦੀਪਕ ਕੁਮਾਰ, ਕੁਲਦੀਪ ਸਿੰਘ, ਗੌਤਮ ਸ਼ਰਮਾਂ ਆਦਿ ਹਾਜ਼ਰ ਸਨ।

## ਵਿਸ਼ਵ ਦਿਲ ਦਿਵਸ 'ਤੇ 'ਦਿਲ ਦੀ ਸਿਹਤ ਲਈ ਦੌੜ' ਦਾ ਆਯੋਜਨ

**ਮੋਹਾਲੀ, (ਗੁਰਜੀਤ ਬਿੱਲਾ)**- ਦਿਲ ਦੀ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਲਈ ਪਾਰਕ ਗ੍ਰੀਸ਼ੀਅਨ ਹਸਪਤਾਲ, ਮੋਹਾਲੀ ਨੇ ਵਿਸ਼ਵ ਦਿਲ ਦਿਵਸ 'ਤੇ 5 ਕਿਲੋਮੀਟਰ ਦੀ 'ਦਿਲ ਦੀ ਸਿਹਤ ਲਈ ਦੌੜ' ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਟ੍ਰਾਈਸਿਟੀ ਖੇਤਰ ਦੇ ਡਾਕਟਰਾਂ, ਲੋਕਾਂ ਅਤੇ ਦਿਲ ਦੇ ਮਰੀਜ਼ਾਂ ਸਮੇਤ 700 ਤੋਂ ਵੱਧ ਵਿਅਕਤੀਆਂ ਨੇ ਭਾਗ ਲਿਆ। ਇਸ ਮੌਕੇ ਹਸਪਤਾਲ ਦੇ ਸੀ.ਈ.ਓ. ਅਸ਼ੋਕ ਬੇਦਵਾਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਮੁੱਖ ਮਹਿਮਾਨ ਆਈ.ਟੀ.ਬੀ.ਪੀ. ਦੇ ਡੀ.ਆਈ.ਜੀ. ਡਾ. ਗੀਟਾ ਸ਼ਾਰਦ, ਸਿਹਤ ਸੇਵਾਵਾਂ (ਡੀ.ਐਸ.ਐਚ.) ਪੰਜਾਬ ਦੇ ਡਾਇਰੈਕਟਰ ਡਾ. ਸੁਰਿੰਦਰ ਕੌਰ, ਦਿਲ ਦੇ ਰੋਗ ਮਾਹਿਰ ਡਾਕਟਰ ਹਰਿੰਦਰ ਸਿੰਘ ਬੇਦੀ ਅਤੇ ਲੈਬ ਡਾਇਰੈਕਟਰ ਅਤੇ ਮੈਡੀਕਲ ਸੁਪਰਡੈਂਟ ਡਾ. ਨੀਰਜ ਭਾਰਗਵ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਦਿਲ ਰੋਗ ਮਾਹਿਰ ਡਾਕਟਰ ਹਰਿੰਦਰ ਸਿੰਘ ਬੇਦੀ ਨੇ ਕਸਰਤ, ਤਣਾਅ ਪ੍ਰਬੰਧਨ ਅਤੇ ਸਿਹਤਮੰਦ ਜੀਵਨ ਜਿਊਣ ਦੀ ਲੋੜ ਨੂੰ ਉਜਾਗਰ ਕਰਦੇ ਹੋਏ ਦਿਲ ਦੇ ਰੋਗਾਂ ਦੀ ਰੋਕਥਾਮ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਡਾ. ਬੇਦੀ ਨੇ ਕਿਹਾ ਕਿ ਦਿਲ ਦੇ ਰੋਗਾਂ ਤੋਂ ਬਚਾਅ ਲਈ ਰੋਜ਼ਾਨਾ ਕਸਰਤ ਜ਼ਰੂਰੀ ਹੈ।ਰਨ ਡਾਇਰੈਕਟਰ ਅਤੇ ਇੱਕ ਤਜਰਬੇਕਾਰ ਮੈਰਾਥਨ ਦੌੜਾਕ ਡਾ. ਨੀਰਜ ਭਾਰਗਵ ਨੇ ਕਾਰਡੀਓਵੈਸਕੁਲਰ ਸਿਹਤ ਲਈ ਦੌੜ ਦੇ ਮਹੱਤਵ ਬਾਰੇ ਚਾਨਣਾ ਪਾਇਆ। ਇੱਕ ਛੋਟੀ ਰੋਜ਼ਾਨਾ ਦੌੜ ਸਮੁੱਚੇ ਦਿਲ ਦੀ ਸਿਹਤ 'ਤੇ ਮਹੱਤਵਪੂਰਣ ਸਕਾਰਾਤਮਕ ਪ੍ਰਭਾਵ ਪਾ ਸਕਦੀ ਹੈ। ਅਖੀਰ ਵਿਚ ਡਾਕਟਰ ਹਰਿੰਦਰ ਸਿੰਘ ਬੇਦੀ ਅਤੇ ਅਸ਼ੋਕ ਬੇਦਵਾਲ ਵਲੋਂ ਜੇਤੂਆਂ ਨੂੰ ਮੈਡਲ ਦੇ ਸਨਮਾਨਤ ਵੀ ਕੀਤਾ ਗਿਆ।



## ਰਿਆਤ ਬਾਹਰਾ 'ਵਰਸਿਟੀ ਵੱਲੋਂ ਪੰਜ ਦਿਨਾ ਫੈਕਲਟੀ ਵਿਕਾਸ ਪ੍ਰੋਗਰਾਮ



**ਮੁਹਾਲੀ,ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅਗਰਵਾਲ)**-ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਦੀ ਸਰਪ੍ਰਸਤੀ ਹੇਠ ਪੰਜ ਦਿਨਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਐਮਪਾਵਰਿੰਗ ਐਜੂਕੇਟਰਸ ਇੰਸਪਾਇਰਿੰਗ ਚੇਂਜ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਾਹਰਾ ਨੇ ਕਿਹਾ ਕਿ ਐਫਡੀਪੀ ਅਧਿਆਪਕਾਂ ਦੇ ਨਿਰੰਤਰ ਵਿਕਾਸ ਅਤੇ ਸਫਲਤਾ ਦੇ ਨਾਲ-ਨਾਲ ਉਨ੍ਹਾਂ ਦੇ ਵਿਦਿਆਰਥੀਆਂ 'ਤੇ ਸਕਾਰਾਤਮਕ ਪ੍ਰਭਾਵ ਦਾ ਅਨਿੱਖੜਵਾਂ ਅੰਗ ਹੈ। ਉਹਨਾਂ ਕਿਹਾ ਕਿ ਮੌਜੂਦਾ ਯੁੱਗ ਵਿਦਿਆਰਥੀਆਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਅਨੁਕੂਲ ਅਤੇ ਨਵੀਨਤਾਕਾਰੀ ਅਧਿਆਪਨ ਵਿਧੀਆਂ ਦੀ ਮੰਗ ਕਰਦਾ ਹੈ।ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਫੈਕਲਟੀ ਮੈਂਬਰਾਂ ਨੂੰ ਆਧੁਨਿਕ ਅਧਿਆਪਨ ਵਿਧੀਆਂ ਨਾਲ ਸਸ਼ਕਤ ਕਰਨਾ ਹੈ। ਉਹਨਾਂ ਕਿਹਾ ਕਿ ਐਫ ਡੀ ਪੀ ਦਾ ਉਦੇਸ਼ ਨਵੀਨਤਮ ਵਿਦਿਅਕ ਸਿਧਾਂਤਾਂ ਅਤੇ ਸਿੱਖਿਆ ਸ਼ਾਸਤਰਾਂ ਦੇ ਆਲੇ ਦੁਆਲੇ ਤਿਆਰ ਕੀਤੇ ਗਏ ਵਰਕਸ਼ਾਪਾਂ, ਕੋਚਿੰਗ ਅਤੇ ਸਰੋਤਾਂ ਦੀ ਪੇਸ਼ਕਸ਼ ਕਰਕੇ ਅਧਿਆਪਨ ਪ੍ਰਭਾਵ ਨੂੰ ਵਧਾਉਣਾ ਹੈ। ਇਸ ਪ੍ਰੋਗਰਾਮ ਵਿੱਚ 300 ਤੋਂ ਵੱਧ ਭਾਗੀਦਾਰਾਂ ਨੇ ਭਾਗ ਲਿਆ। ਪ੍ਰੋਗਰਾਮ ਦਾ ਸੰਚਾਲਨ ਯੂ ਐਸ ਐਸ ਐਸ ਦੀ ਡੀਨ ਪ੍ਰੋ. ਇੰਦਰਪ੍ਰੀਤ ਕੌਰ ਨੇ ਕੀਤਾ ।

## ਇਨਕਲਾਬ ਮੇਲੇ ਦੌਰਾਨ ਲੱਗੀਆਂ ਪ੍ਰਦਰਸ਼ਨੀਆਂ ਤੇ ਸਟਾਲਾਂ 'ਤੇ ਰਹੀ ਖ਼ੂਬ ਰੌਣਕ



**ਨਵਾਂਸ਼ਹਿਰ, (ਮਨੋਜ ਲਾਡੀ)**-ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਖਟਕੜ ਕਲਾਂ ਵਿਖੇ ਕਰਵਾਏ ਦੋ ਰੋਜ਼ਾ ਇਨਕਲਾਬ ਮੇਲੇ ਦੇ ਦੋਵੇਂ ਦਿਨ ਹਜ਼ਾਰਾਂ ਲੋਕਾਂ ਵੱਲੋਂ ਆਪਣੇ ਨਾਇਕ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ ਗਏ।ਮੇਲੇ ਦੌਰਾਨ ਜਿਥੇ ਦੇਸ਼ ਭਗਤੀ 'ਤੇ ਆਧਾਰਿਤ ਸ਼ਾਨਦਾਰ ਪ੍ਰੋਗਰਾਮ ਕਰਵਾਏ ਗਏ, ਉੱਥੇ ਵੱਡੀ ਗਿਣਤੀ ਵਿੱਚ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਸਟਾਲ ਵੀ ਲਗਾਏ ਗਏ, ਜਿਥੇ ਦੋਵੇਂ ਦਿਨ ਖ਼ੂਬ ਰੌਣਕ ਰਹੀ। ਇਸ ਦੌਰਾਨ ਲਗਾਏ ਗਏ ਖਾਣ-ਪੀਣ ਦੇ ਸਟਾਲਾਂ 'ਤੇ ਜ਼ਿਆਦਾ ਭੀੜ ਰਹੀ। ਇਸੇ ਤਰ੍ਹਾਂ ਵਿਦਿਆਰਥੀਆਂ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ 'ਤੇ ਬਣਾਈਆਂ ਗਈਆਂ ਕਲਾਕ੍ਰਿਤਾਂ, ਪੋਸਟਰਾਂ ਅਤੇ ਸਲੋਗਨਾਂ ਦੀਆਂ ਪ੍ਰਦਰਸ਼ਨੀਆਂ ਨੂੰ ਖ਼ੂਬ ਨਿਹਾਰਿਆ ਗਿਆ। ਵਿਦਿਆਰਥੀਆਂ ਵੱਲੋਂ 'ਬੈਸਟ ਆਫ਼ ਵੇਸਟ' ਨਾਲ ਤਿਆਰ ਕੀਤੀਆਂ ਕਲਾਕ੍ਰਿਤਾਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ। ਮੇਲੇ ਦੌਰਾਨ ਮਹਿੰਦੀ ਲਗਾਉਣ ਦੀ ਕਲਾ ਨੇ ਵੀ ਆਪਣੇ ਪੂਰੇ ਰੰਗ ਬਿਖੇਰੇ।

## ਰਾਜਪਾਲ ਨੇ ਸਰਬ ਧਰਮ ਸੰਗਮ ਦੀ ਭਾਵਨਾ ਨੂੰ ਅਪਨਾਉਣ ਦੀ ਲੋੜ 'ਤੇ ਦਿੱਤਾ ਜ਼ੋਰ

**ਜਲੰਧਰ (ਇਕਬਾਲ ਸਿੰਘ ਉੱਭੀ)**
ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਦੇਸ਼ ਅਤੇ ਵਿਸ਼ਵ ਨੂੰ ਬਿਹਤਰ ਅਤੇ ਸ਼ਾਂਤੀਪੂਰਨ ਸਥਾਨ ਬਣਾਉਣ ਲਈ ਸਰਵ ਧਰਮ ਸੰਗਮ ਦੀ ਭਾਵਨਾ ਨੂੰ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਹ ਇਥੇ ਐਸ.ਐਸ.ਜੈਨ ਸਭਾ ਜਲੰਧਰ ਵੱਲੋਂ ਅਚਾਰੀਆ ਆਤਮ ਮਨੋਹਰ ਜਨਮ ਜਯੰਤੀ ਮੌਕੇ ਕਰਵਾਏ ਗਏ 'ਵਿਰਾਟ ਸਰਵ ਧਰਮ ਸੰਗਮ' ਵਿੱਚ ਸ਼ਿਰਕਤ ਕਰਨ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਧਰਮਪਤਨੀ ਅਨੀਤਾ ਕਟਾਰੀਆ ਵੀ ਮੌਜੂਦ ਸਨ। ਆਪਣੇ ਸੰਬੋਧਨ ਦੌਰਾਨ ਰਾਜਪਾਲ ਕਟਾਰੀਆ ਨੇ ਕਿਹਾ ਕਿ ਅੱਜ ਵਿਸ਼ਵ ਵਿੱਚ ਸ਼ਾਂਤੀ, ਏਕਤਾ ਅਤੇ ਮਨੁੱਖਤਾ ਦੇ ਆਦਰਸ਼ਾਂ ਨੂੰ ਮਜ਼ਬੂਤ ਕਰਨ ਲਈ ਸਰਵ ਧਰਮ ਸੰਗਮ ਦੀ ਮਹੱਤਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਇਕ ਅਜਿਹਾ ਮੰਚ ਹੈ, ਜਿਥੇ ਸਾਰੇ ਧਰਮਾਂ ਦੇ ਲੋਕ ਆਪੋ-ਆਪਣੇ ਵਿਚਾਰ, ਵਿਸ਼ਵਾਸ ਅਤੇ ਆਸਥਾਵਾਂ ਨੂੰ ਨਾਲ ਲੈ ਕੇ ਏਕਤਾ ਅਤੇ ਸਦਭਾਵਨਾ ਨਾਲ ਮਿਲਦੇ ਹਨ। ਜੈਨ ਧਰਮ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਰਾਜਪਾਲ ਨੇ ਕਿਹਾ ਕਿ ਜੈਨ ਧਰਮ ਦੀ ਪੂਰੇ ਵਿਸ਼ਵ ਨੂੰ ਇਕ ਮਹਾਨ ਦੇਣ ਹੈ, ਜਿਸ ਨੇ ਹਮੇਸ਼ਾ ਸ਼ਾਂਤੀ, ਅਹਿੰਸਾ ਅਤੇ ਸਹਿਯੋਗ ਦਾ ਪ੍ਰਚਾਰ-ਪਸਾਰ ਕੀਤਾ। ਉਨ੍ਹਾਂ ਕਿਹਾ ਕਿ ਜੈਨ ਧਰਮ ਮਨੁੱਖ ਦੀ ਭਲਾਈ ਦੇ ਨਾਲ-ਨਾਲ ਧਰਤੀ 'ਤੇ ਮੌਜੂਦ ਹਰ ਪ੍ਰਾਣੀ, ਪੇੜ, ਪੰਛੀ ਆਦਿ ਪ੍ਰਤੀ ਅਹਿੰਸਾ, ਪ੍ਰੇਮ ਅਤੇ ਸਨੇਹ ਦਾ ਸੰਦੇਸ਼ ਦਿੰਦਾ ਹੈ। ਵਿਸ਼ੇਸ਼ ਸਮਾਗਮ ਆਯੋਜਿਤ ਕਰਨ ਦੀ ਇਸ ਪਹਿਲਕਦਮੀ ਲਈ ਐਸ.ਐਸ.ਜੈਨ ਸਭਾ ਦੀ ਸ਼ਲਾਘਾ ਕਰਦਿਆਂ ਰਾਜਪਾਲ ਨੇ ਕਿਹਾ ਕਿ ਇਹ ਇਕ ਵਿਲੱਖਣ ਪਹਿਲ ਹੈ, ਜਿਸ ਵਿੱਚ ਵੱਖ-ਵੱਖ ਧਰਮਾਂ, ਪ੍ਰੰਪਰਾਵਾਂ ਦੇ ਸੰਤਾਂ-ਮਹਾਂਪੁਰਖਾ ਨੇ ਇਕ ਮੰਚ ਤੋਂ ਏਕਤਾ ਅਤੇ ਆਪਸੀ ਸਤਿਕਾਰ ਦਾ ਵਡਮੁੱਲਾ ਸੰਦੇਸ਼ ਦਿੱਤਾ ਹੈ।ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਮਹਿੰਦਰ ਭਗਤ, ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ, ਹਲਕਾ ਵਿਧਾਇਕ ਵਿਜੈ ਬਾਂਸਲ, ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ, ਐਸ.ਐਸ. ਜੈਨ ਸਭਾ ਜਲੰਧਰ ਦੇ ਪ੍ਰਧਾਨ ਸਤਿਆ ਪਾਲ ਜੈਨ ਅਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।



## 'ਪੰਜਾਬ ਵਾਸੀ ਪੰਚਾਇਤ ਚੋਣਾਂ ਨੂੰ ਸਿਆਸੀ ਅਖਾੜਾ ਨਾ ਬਣਨ ਦੇਣ'

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਬਹੁਜਨ ਐਕਸ਼ਨ ਫਰੰਟ ਫਾਰ ਸੋਸ਼ਲ ਜਸਟਿਸ ਦੇ ਆਗੂ ਅਤੇ ਸਮਾਜ ਸੇਵੀ ਮਾਸਟਰ ਮਹਿੰਦਰ ਸਿੰਘ ਹੀਰ ਨੇ ਪੰਚਾਇਤੀ ਚੋਣਾਂ ਦੇ ਸਮੇਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਸੂਝ-ਬੂਝ ਵਰਤ ਕੇ ਪੰਚਾਇਤੀ ਚੋਣਾਂ ਨੂੰ ਸਿਆਸੀ ਅਖਾੜਾ ਨਾ ਬਣਨ ਦੇਣ, ਸਗੋਂ ਇਸ ਨਾਜ਼ੁਕ ਸਮੇਂ 'ਤੇ ਭਾਈਚਾਰਕ ਸਾਂਝ ਨੂੰ ਬਣਾ ਕੇ ਰੱਖਣਾ ਬਹੁਤ ਜ਼ਰੂਰੀ ਹੈ। ਅਕਸਰ ਸਿਆਸੀ ਲੋਕ ਅਜਿਹੇ ਮੌਕਿਆਂ ਤੇ ਸਿਆਸੀ ਖੇਡ ਖੇਡ ਕੇ ਪਿੰਡਾਂ ਵਿੱਚ ਬਣੀ ਭਾਈਚਾਰਕ ਸਾਂਝ ਨੂੰ ਖਰਾਬ ਕਰਨ ਲਈ ਆਪਣਾ ਦਾਅ ਖੇਡਦੇ ਹਨ। ਉਹਨਾਂ ਇਹ ਵੀ ਕਿਹਾ ਕਿ ਪਿੰਡ ਦਾ ਸਰਪੰਚ/ਪੰਚ ਕਿਸੇ ਇੱਕ ਪਾਰਟੀ ਦਾ ਨੁਮਾਇੰਦਾ ਨਹੀਂ ਹੁੰਦਾ ਸਗੋਂ ਸਮੁੱਚੇ ਪਿੰਡ ਦਾ ਮੁਖੀ ਹੁੰਦਾ ਹੈ, ਜਿਸ ਦੀਆਂ ਪਿੰਡ ਦੇ ਲੋਕਾਂ ਪ੍ਰਤੀ ਬਹੁਤ ਵੱਡੀਆਂ ਜ਼ਿੰਮੇਦਾਰੀਆਂ ਹੁੰਦੀਆਂ ਹਨ। ਪੰਜਾਬ ਵਾਸੀ ਆਪਣੀ ਸਿਆਣਪ ਵਰਤ ਦੇ ਪੰਜਾਬ ਵਿੱਚ ਭਾਈਚਾਰਕ ਏਕਤਾ ਨੂੰ ਕਾਇਮ ਰੱਖਣ ਲਈ ਅਪਰਾਧਕ ਸੋਚ ਰੱਖਣ ਵਾਲੇ ਨਸ਼ੇ ਨਾਲ ਸਬੰਧਤ ਕਾਰੋਬਾਰੀ, ਆਪਸੀ ਫੁੱਟ ਪਾਉਣ ਵਾਲੇ ਅਤੇ ਭ੍ਰਿਸ਼ਟਾਚਾਰ ਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਇੱਕ ਪਾਸੇ ਕਰਕੇ ਸਮਾਜ ਸੇਵੀ, ਇਮਾਨਦਾਰ, ਅੱਛੀ ਸੂਝ ਬੂਝ ਰੱਖਣ ਵਾਲੇ ਭਾਈਚਾਰਕ ਸਾਂਝ ਦੇ ਧਾਰਨੀ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਾਲੇ ਅਤੇ ਚੰਗਾ ਪ੍ਰਭਾਵ ਰੱਖਣ ਵਾਲਿਆਂ ਨੂੰ ਪੰਚਾਇਤਾਂ ਵਿੱਚ ਸਰਬ ਸੰਮਤੀ ਨਾਲ ਚੁਣਿਆ ਜਾਵੇ। ਹੀਰ ਨੇ ਪੰਜਾਬ ਵਾਸੀਆਂ ਨੂੰ ਲੋਕਤੰਤਰ ਨੂੰ ਬਚਾਉਣ ਲਈ ਦੇਸ਼ ਪੱਧਰ ਤੇ ਮੋਹਰੀ ਰੋਲ ਅਦਾ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਦੀ ਅਪੀਲ ਕੀਤੀ ਹੈ। ਜਿਸ ਲਈ ਮੌਜੂਦਾ ਪੰਜਾਬ ਸਰਕਾਰ ਪੂਰੀ ਜ਼ਿੰਮੇਵਾਰ ਹੈ, ਜਦੋਂਕਿ ਇਹ ਸੰਵਿਧਾਨਕ ਸੰਸਥਾਵਾਂ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਇੱਕ ਪਹਿਲੀ ਕੜੀ ਵਾਂਗ ਹੈ। ਉਹਨਾਂ ਪੰਜਾਬ ਵਾਸੀਆਂ ਨੂੰ ਇਹ ਵੀ ਸਲਾਹ ਦਿੱਤੀ ਕਿ ਪਿੰਡਾਂ ਵਿੱਚ ਪੜ੍ਹੇ ਲਿਖੇ ਸੂਝਵਾਨ ਨਿਰਪੱਖ ਸੋਚ ਅਤੇ ਭਾਈਚਾਰਕ ਸਾਂਝ ਦੇ ਧਾਰਨੀ ਮੋਹਤਬਰ ਸੱਜਣਾਂ ਦੀ 5 ਜਾਂ 7 ਮੈਂਬਰੀ ਕਮੇਟੀ ਬਣਾ ਕੇ ਸਰਬਸੰਮਤੀ ਨਾਲ ਚੋਣਾਂ ਕਰਵਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ।

# ਆਕਲਿਆਣਾ 'ਚ ਕਰਵਾਇਆ ਗੁਰਮਤਿ ਸਮਾਗਮ

**ਬਲਾਚੌਰ (ਜਸਵਿੰਦਰ ਬੈਂਸ)**
ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਚਾਰ, ਪੰਜ ਅਤੇ ਛੇ ਨਵੰਬਰ ਨੂੰ ਕਰਵਾਏ ਜਾ ਰਹੇ ਮਹਾਨ ਕੀਰਤਨ ਦਰਬਾਰ ਨੂੰ ਸਮਰਪਤ 24 ਗੁਰਮਤਿ ਸਮਾਗਮਾਂ ਦੀ ਲੜੀ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪ੍ਰੇਮ ਅਤੇ ਚੜ੍ਹਦੀ ਕਲਾ ਨਾਲ ਅੱਗੇ ਵਧ ਰਹੀ ਹੈ। ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਸ ਲੜੀ ਦੌਰਾਨ ਸੰਗਤਾਂ ਅਤੇ ਖਾਸ ਕਰ ਨੌਜਵਾਨਾਂ ਵਲੋਂ ਹਾਜ਼ਰੀ ਪੱਖੋਂ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ।ਇਸ ਲੜੀ ਤਹਿਤ ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਪਿੰਡ ਆਕਲਿਆਣਾ ਵਿਖੇ ਸੁਸਾਇਟੀ ਵਲੋਂ ਬਾਰ੍ਹਵੇਂ ਗੁਰਮਤਿ ਸਮਾਗਮ ਕਰਵਾਏ ਗਏ। ਸਮਾਗਮ ਦੀ ਅਰੰਭਤਾ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਨਾਲ ਹੋਈ। ਉਸ ਤੋਂ ਬਾਅਦ ਗੁਰਬਾਣੀ ਕੀਰਤਨ ਤੇ ਕਥਾ ਵਿਚਾਰਾਂ ਦਾ ਪ੍ਰਵਾਹ ਚੱਲਿਆ ਜਿਸ ਵਿਚ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਦਵਿੰਦਰ ਸਿੰਘ ਦੇ ਜਥੇ ਨੇ ਅੰਮ੍ਰਿਤਮਈ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਉਪਰੰਤ ਪ੍ਰਸਿੱਧ ਕਥਾਵਾਚਕ ਗਿਆਨੀ ਸਰਬਜੀਤ ਸਿੰਘ ਢੋਟੀਆਂ ਨੇ ਸ੍ਰੀ ਗੁਰੂ ਨਾਨਕ ਜੀ ਦੇ ਇਤਿਹਾਸ ਅਤੇ ਉਪਦੇਸ਼ਾਂ ਬਾਰੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਗਿਆਨੀ ਤਰਲੋਚਨ ਸਿੰਘ ਖਟਕੜ ਕਲਾਂ ਵਾਲਿਆਂ ਨੇ ਨਿਭਾਈ। ਇਸ ਮੌਕੇ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਪਿੰਡ ਆਕਲਿਆਣਾ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ।ਗੁਰਮਤਿ ਸਮਾਗਮਾਂ ਦੇ ਸਰਪ੍ਰਸਤ ਜਥੇਦਾਰ ਬਰਜਿੰਦਰ ਸਿੰਘ ਹੁਸੈਨਪੁਰ, ਉੱਤਮ ਸਿੰਘ ਸੇਠੀ ਅਤੇ ਦੀਦਾਰ ਸਿੰਘ ਵਲੋਂ ਗਿਆਨੀ ਸਰਬਜੀਤ ਸਿੰਘ ਢੋਟੀਆਂ ਅਤੇ ਗੁਰਦੁਆਰਾ ਕਮੇਟੀ ਦੇ ਪ੍ਰਮੁੱਖ ਸੇਵਾਦਾਰ ਭਾਈ ਹਰਨੇਕ ਸਿੰਘ ਦਾ ਸਨਮਾਨ ਦਾ ਸਨਮਾਨ ਵੀ ਕੀਤਾ ਗਿਆ। ਸੰਗਤਾਂ ਨੂੰ ਅਤੁੱਟ ਲੰਗਰ ਵਰਤਾਏ ਗਏ।ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਹਰਪਾਲ ਸਿੰਘ, ਦਿਲਾਵਰ ਸਿੰਘ, ਰਾਮਪਾਲ ਸਿੰਘ, ਰਣਜੀਤ ਸਿੰਘ, ਹਰਜਿੰਦਰ ਸਿੰਘ, ਓਕਾਰ ਸਿੰਘ, ਕੁਲਵਿੰਦਰ ਸਿੰਘ, ਸਿਮਰਨਜੀਤ ਸਿੰਘ ਅਤੇ ਸੁੱਖਾ ਸਿੰਘ ਵੀ ਮੌਜੂਦ ਸਨ। ਉਨ੍ਹਾਂ ਤੋਂ ਇਲਾਵਾ ਜਗਦੀਪ ਸਿੰਘ, ਪਰਮਿੰਦਰ ਸਿੰਘ ਕੰਵਲ, ਕਮਲਜੀਤ ਸਿੰਘ ਸੈਣੀ, ਜੋਗਿੰਦਰ ਸਿੰਘ ਮਹਾਲੋਂ, ਰਮਣੀਕ ਸਿੰਘ, ਗੁਰਦੇਵ ਸਿੰਘ ਗਹੂੰਣ, ਜੋਗਾ ਸਿੰਘ ਐਸ ਡੀ ਓ, ਪਲਵਿੰਦਰ ਸਿੰਘ ਕਰਿਆਮ, ਗੋਪਾਲ ਸਿੰਘ ਰੱਕੜ ਢਾਹਾਂ, ਕੁਲਜੀਤ ਸਿੰਘ ਖਾਲਸਾ, ਹਰਨੇਕ ਸਿੰਘ ਧੌਲ, ਗਿਆਨ ਸਿੰਘ, ਗੁਰਮੀਤ ਸਿੰਘ ਲੋਧੀਪੁਰ, ਜਸਕਰਨ ਸਿੰਘ ਹੰਸਰੋਂ, ਗਿਆਨ ਸਿੰਘ, ਜਸਵਿੰਦਰ ਸਿੰਘ ਸੈਣੀ, ਇੰਦਰਜੀਤ ਸਿੰਘ ਬਾਹੜਾ, ਨਵਦੀਪ ਸਿੰਘ, ਦਲਜੀਤ ਸਿੰਘ ਬਡਵਾਲ, ਦਰਸ਼ਨ ਸਿੰਘ ਸੈਣੀ, ਬਖਸ਼ੀਸ਼ ਸਿੰਘ, ਗੁਰਚਰਨ ਸਿੰਘ ਪਾਬਲਾ, ਮਨਜੀਤ ਸਿੰਘ ਮਹਿਤਪੁਰ ਅਤੇ ਮਹਿੰਦਰ ਸਿੰਘ ਜਾਫਰਪੁਰ ਵੀ ਸ਼ਾਮਲ ਸਨ ।



## ਇਨਕਲਾਬੀ ਨਾਇਕਾਂ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ 'ਚ ਬੇਹੱਦ ਸਹਾਈ ਸਿੱਧ ਹੋਵੇਗਾ ਇਨਕਲਾਬ ਮੇਲਾ : ਸੌਂਦ

**ਬੰਗਾ (ਅਵਤਾਰ ਕਲੇਰ)**-ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨਾ ਸਿਰਫ ਭਾਰਤ ਬਲਕਿ ਪੂਰੇ ਵਿਸ਼ਵ ਦਾ ਮਾਣ ਹੈ ਅਤੇ ਪੰਜਾਬ ਸਰਕਾਰ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਉਨ੍ਹਾਂ ਦੇ ਸੁਪਨਿਆਂ ਦਾ ਦੇਸ਼ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਦੋ ਰੋਜ਼ਾ ਇਨਕਲਾਬ ਮੇਲੇ ਦਾ ਉਦਘਾਟਨ ਕਰਨ ਮੌਕੇ ਕੀਤਾ। ਸਮੁੱਚੇ ਦੇਸ਼ ਵਾਸੀਆਂ ਨੂੰ ਸ਼ਹੀਦ ਭਗਤ ਸਿੰਘ ਜਨਮ ਦਿਵਸ ਦੀ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਇਸ ਮਹਾਨ ਸ਼ਹੀਦ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਮੁੱਚਾ ਪੰਜਾਬ ਉਨ੍ਹਾਂ ਦੇ ਜਨਮ ਦਿਨ ਮੌਕੇ ਯਾਦ ਕਰ ਰਿਹਾ ਹੈ।ਕੈਬਨਿਟ ਮੰਤਰੀ ਸੌਂਦ ਨੇ ਕਿਹਾ ਕਿ ਅੱਜ ਤੋਂ ਖਟਕੜ ਕਲਾਂ ਵਿਖੇ ਸ਼ੁਰੂ ਹੋ ਰਿਹਾ ਦੋ ਦਿਨਾਂ ਇਨਕਲਾਬ ਮੇਲਾ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਕੀਤਾ ਗਿਆ ਹੈ। ਇਹ ਇਨਕਲਾਬ ਮੇਲਾ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਦੇ ਇਨਕਲਾਬੀ ਨਾਇਕਾਂ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਿਚ ਬੇਹੱਦ ਸਹਾਈ ਸਿੱਧ ਹੋਵੇਗਾ। ਇਸ ਤੋਂ ਪਹਿਲਾਂ ਉਨ੍ਹਾਂ ਸ਼ਹੀਦ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਦੀ ਸਮਾਧ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਹੀਦ ਦੇ ਬੁੱਤ ਨੂੰ ਨਮਨ ਕੀਤਾ।ਕੈਬਨਿਟ ਮੰਤਰੀ ਨੇ ਇਨਕਲਾਬ ਮੇਲੇ ਦੀ ਸ਼ੁਰੂਆਤ ਸ਼ਮ੍ਹਾ ਰੋਸ਼ਨ ਕਰਕੇ ਕੀਤੀ। ਇਸ ਸਮੇਂ ਉਨ੍ਹਾਂ ਦੇ ਨਾਲ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਕੈਬਨਿਟ ਮੰਤਰੀ ਮੋਹਿੰਦਰ ਭਗਤ, ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਸੰਤੋਸ਼ ਕਟਾਰੀਆ ਅਤੇ ਡਾ. ਸੁਖਵਿੰਦਰ ਸੁੱਖੀ ਵਿਧਾਇਕ ਬੰਗਾ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਦੋ ਦਿਨ ਚੱਲਣ ਵਾਲੇ ਇਸ ਇਨਕਲਾਬ ਮੇਲੇ ਮੌਕੇ ਸ਼ਾਨਦਾਰ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਜਿਸ ਦੌਰਾਨ ਨਾਮਵਰ ਗਾਇਕਾਂ ਅਤੇ ਕਲਾਕਾਰਾਂ ਤੋਂ ਇਲਾਵਾ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਵੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੇਲੇ ਦੌਰਾਨ ਸ਼ਹੀਦ ਭਗਤ ਸਿੰਘ ਨਾਲ ਸਬੰਧਿਤ ਨਾਟਕਾਂ ਦੀ ਪੇਸ਼ਕਾਰੀ ਤੋਂ ਇਲਾਵਾ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਸਟਾਲ ਵੀ ਲਗਾਏ ਗਏ ਹਨ। ਇਸੇ ਤਰ੍ਹਾਂ ਖਾਣ-ਪੀਣ ਦੇ ਸਟਾਲ ਅਤੇ ਬੱਚਿਆਂ ਲਈ ਝੂਲੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਹੋਏ ਹਨ। ਉਨ੍ਹਾਂ ਮੇਲੇ ਦੇ ਵਧੀਆ ਪ੍ਰਬੰਧਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਸ਼ਲਾਘਾ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਸੌਂਦ ਨੇ ਸ਼ਹੀਦ ਭਗਤ ਸਿੰਘ ਦੇ ਪਰਿਵਾਰਕ ਮੈਂਬਰਾਂ ਅਤੇ ਪੰਜਾਬ ਦੇ ਪੈਰਾ ਉਲੰਪੀਅਨਾਂ ਦਾ ਸਨਮਾਨ ਵੀ ਕੀਤਾ। ਇਸ ਦੌਰਾਨ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਭਗਤ ਸਿੰਘ ਘੋੜੀ ਅਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ।



## ਪ੍ਰਭ ਆਸਰਾ ਨੇ ਸੰਭਾਲ੍ਹਿਆ ਹਨੇਰੀ ਰਾਤ 'ਚ ਨਾਲ੍ਹੇ 'ਤੇ ਪਿਆ ਲਾਵਾਰਸ ਮਾਸੂਮ

**ਕੁਰਾਲ਼ੀ, (ਮੋਹਨ ਅੱਗਰਵਾਲ)**- ਨਿਆਸਰਿਆਂ ਲਈ ਘਰ ਵਜੋਂ ਪ੍ਰਸਿੱਧ ਸੰਸਥਾ ਪ੍ਰਭ ਆਸਰਾ ਇੱਕ ਹੋਰ ਮਾਸੂਮ ਲਈ ਸਹਾਰਾ ਬਣ ਕੇ ਬਹੁੜੀ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਬੀਤੀ ਰਾਤ ਕਿਸੇ ਸਮਾਜ ਦਰਦੀ ਸੱਜਣ ਨੇ ਖਰੜ-ਕੁਰਾਲ਼ੀ ਮੇਨ ਹਾਈਵੇ ਦੇ ਨਾਲ਼ ਲਗਦੇ ਨਾਲ਼ੇ 'ਤੇ ਤਕਰੀਬਨ ਡੇਢ ਕੁ ਸਾਲ ਦਾ ਬੱਚਾ ਲਾਵਾਰਸ ਹਾਲਤ ਵਿੱਚ ਪਿਆ ਹੋਣ ਦੀ ਸੂਚਨਾ ਦਿੱਤੀ।ਜਿਸ ਤੋਂ ਬਾਅਦ ਉਹ ਤੁਰੰਤ ਉੱਥੇ ਪਹੁੰਚੇ ਅਤੇ ਬੱਚੇ ਨੂੰ ਸੰਸਥਾ ਵਿਖੇ ਲੈ ਆਏ।ਜ਼ਿਲ੍ਹਾ ਬਾਲ ਭਲਾਈ ਅਫ਼ਸਰ ਮੋਹਾਲੀ ਅਤੇ ਚਿਲਡਰਨ ਵੈੱਲਫੇਅਰ ਕਮੇਟੀ ਮੋਹਾਲ਼ੀ ਨੂੰ ਸੂਚਿਤ ਕੀਤਾ।ਉਪਰੰਤ ਬੱਚੇ ਨੂੰ ਮੁਢਲੀ ਮੈਡੀਕਲ ਜਾਂਚ ਲਈ ਸਰਕਾਰੀ ਹਸਪਤਾਲ ਮੋਹਾਲੀ ਲਿਜਾਇਆ ਗਿਆ।ਜਿੱਥੋਂ ਪਤਾ ਲੱਗਾ ਕਿ ਬੱਚਾ ਮਾਨਸਿਕ ਤੌਰ 'ਤੇ ਕੁਝ ਕਮਜ਼ੋਰ ਹੈ।ਜਾਂਚ ਰਿਪੋਰਟਾਂ ਅਨੁਸਾਰ ਇਲਾਜ ਸ਼ੁਰੂ ਕਰਵਾ ਕੇ ਬੱਚੇ ਨੂੰ ਫਿਰ ਤੋਂ ਪ੍ਰਭ ਆਸਰਾ ਵਿਖੇ ਲਿਆਂਦਾ ਗਿਆ।ਜਿੱਥੇ ਉਸ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਉਚੇਚੀ ਸਾਂਭ-ਸੰਭਾਲ਼ ਸ਼ੁਰੂ ਕਰ ਦਿੱਤੀ ਗਈ।



# ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਸੀ ਆਈ ਆਈ ਜ਼ੋਨਲ ਕੌਂਸਲ ਦੀ ਮੀਟਿੰਗ

**ਜਲੰਧਰ (ਸ਼ੈਲੀ ਐਲਬਰਟ)**- ਸੀ ਆਈ ਆਈ ਜਲੰਧਰ ਜ਼ੋਨਲ ਕੌਂਸਲ ਦੀ ਇੱਕ ਅਹਿਮ ਮੀਟਿੰਗ ਹੋਟਲ ਮੈਰੀਟਨ, ਜਲੰਧਰ ਵਿਖੇ ਹੋਈ, ਜਿਸ ਵਿੱਚ ਜਲੰਧਰ ਦੇ ਵੱਖ-ਵੱਖ ਉਦਯੋਗਪਤੀਆਂ ਨੇ ਸ਼ਿਰਕਤ ਕੀਤੀ।ਇਸ ਮੀਟਿੰਗ ਦਾ ਮੁੱਖ ਉਦੇਸ਼ ਜਲੰਧਰ ਅਤੇ ਆਸ-ਪਾਸ ਦੇ ਉਦਯੋਗਿਕ ਖੇਤਰਾਂ ਵਿੱਚ ਮੌਜੂਦ ਸਮੱਸਿਆਵਾਂ ਅਤੇ ਚੁਣੌਤੀਆਂ ਬਾਰੇ ਵਿਚਾਰ-ਵਟਾਂਦਰਾ ਕਰਨਾ ਸੀ, ਤਾਂ ਜੋ ਇਲਾਕੇ ਦੇ ਉਦਯੋਗਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਰਣਨੀਤੀ ਬਣਾਈ ਜਾ ਸਕੇ।ਮੀਟਿੰਗ ਵਿੱਚ ਲੇਬਰ ਦੀ ਘਾਟ, ਟਾਊਨ ਪਲਾਨਿੰਗ ਅਨੁਸਾਰ ਸਨਅਤੀ ਜ਼ੋਨ ਐਲਾਨੇ ਗਏ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਦਾ ਵਿਕਾਸ, ਫੋਕਲ ਪੁਆਇੰਟਾਂ ਵਿੱਚ ਸੀਵਰੇਜ, ਸਫ਼ਾਈ, ਬੰਦ ਪਈਆਂ ਲਾਈਟਾਂ ਦੀ ਸਮੱਸਿਆ, ਫੈਕਟਰੀਆਂ ਦੇ ਨਕਸ਼ੇ ਸਥਾਨਕ ਪੱਧਰ 'ਤੇ ਪਾਸ ਕੀਤੇ ਜਾਣ ਆਦਿ ਮੁੱਖ ਮੁੱਦੇ ਵਿਚਾਰੇ ਗਏ। ਜਲੰਧਰ ਵਿੱਚ ਨਵੇਂ ਫੋਕਲ ਪੁਆਇੰਟ ਬਣਾਏ ਗਏ, ਊਰਜਾ ਦੀਆਂ ਵਧਦੀਆਂ ਕੀਮਤਾਂ, ਨਿਰਯਾਤ ਦੇ ਮੁੱਦਿਆਂ ਅਤੇ ਨਵੀਆਂ ਤਕਨੀਕਾਂ ਦੀ ਘੱਟ ਵਰਤੋਂ ਬਾਰੇ ਚਰਚਾ ਕੀਤੀ ਗਈ। ਨਾਲ ਹੀ, ਉਦਯੋਗਾਂ ਨੂੰ ਆਸਾਨ ਅਤੇ ਵਧੇਰੇ ਪ੍ਰਤੀਯੋਗੀ ਬਣਾਉਣ ਵਿੱਚ ਮਦਦ ਲਈ ਸਰਕਾਰੀ ਨੀਤੀਆਂ ਅਤੇ ਨਿਯਮਾਂ ਵਿੱਚ ਲੋੜੀਂਦੀਆਂ ਤਬਦੀਲੀਆਂ ਦੀ ਮੰਗ ਕੀਤੀ ਗਈ ਸੀ।। ਅਮਨ ਮਿੱਤਲ, ਚੇਅਰਮੈਨ, ਸੀਆਈਆਈ ਜਲੰਧਰ ਜ਼ੋਨ, ਜੋ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਉਪ ਪ੍ਰਧਾਨ ਵੀ ਹਨ ਅਤੇ ਸੀਆਈਆਈ ਜਲੰਧਰ ਜ਼ੋਨ ਦੇ ਵਾਈਸ ਚੇਅਰਮੈਨ ਅਜੈ ਸਿੱਕਾ ਅਤੇ ਸ਼ਾਰਪ ਚੱਕਸ ਐਂਡ ਮਸ਼ੀਨਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ। ਉਦਯੋਗਿਕ ਖੇਤਰ ਦੀਆਂ ਚੁਣੌਤੀਆਂ ਤੇ ਆਲੋਚਨਾਤਮਕ ਤੌਰ 'ਤੇ ਚਰਚਾ ਕਰਦੇ ਹੋਏ ਉਨ੍ਹਾਂ ਕਿਹਾ, ਸਾਡੇ ਖੇਤਰ ਦੇ ਉਦਯੋਗਾਂ ਨੂੰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸਾਨੂੰ ਨਾ ਸਿਰਫ ਮੌਜੂਦਾ ਸਮੱਸਿਆਵਾਂ ਨੂੰ ਹੱਲ ਕਰਨਾ ਹੋਵੇਗਾ, ਸਗੋਂ ਨਵੇਂ ਮੌਕੇ ਵੀ ਲੱਭਣੇ ਹੋਣਗੇ।ਤਕਨੀਕੀ ਤਰੱਕੀ ਅਤੇ ਆਧੁਨਿਕ ਤਕਨੀਕਾਂ ਦਾ ਪ੍ਰਯੋਗ ਇਸ ਦਿਸ਼ਾ ਵੱਲ ਇੱਕ ਮਹੱਤਵਪੂਰਨ ਕਦਮ ਹੈ। ਸ਼੍ਰੀ ਮਿੱਤਲ ਨੇ ਅੱਗੇ ਕਿਹਾ ਕਿ ਸੀ.ਆਈ.ਆਈ. ਦਾ ਉਦੇਸ਼ ਉਦਯੋਗਾਂ ਅਤੇ ਸਰਕਾਰ ਵਿਚਕਾਰ ਇੱਕ ਪੁਲ ਬਣਾਉਣਾ ਹੈ, ਤਾਂ ਜੋ ਵਪਾਰਕ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਸਹੀ ਪਲੇਟਫਾਰਮ 'ਤੇ ਲਿਆਂਦਾ ਜਾ ਸਕੇ ਅਤੇ ਉਨ੍ਹਾਂ ਦੇ ਤੁਰੰਤ ਹੱਲ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਣ।ਮੀਟਿੰਗ ਦੇ ਵਿਸ਼ੇਸ਼ ਮਹਿਮਾਨ ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਜਲੰਧਰ, ਸ੍ਰੀਮਤੀ ਕੋਮਲ ਮਿੱਤਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਅਮਿਤ ਕੁਮਾਰ ਪੰਚਾਲ ਡਿਪਟੀ ਕਮਿਸ਼ਨਰ ਕਪੂਰਥਲਾ ਸਨ, ਜਿਨ੍ਹਾਂ ਨੇ ਉਦਯੋਗਿਕ ਵਿਕਾਸ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਅਹਿਮ ਯੋਗਦਾਨ ਪਾਇਆ।

ਸਾਰੇ ਹਾਜ਼ਰ ਮੈਂਬਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਲਾਕੇ ਦੇ ਉਦਯੋਗਿਕ ਵਿਕਾਸ ਲਈ ਆਪਣੇ ਸੁਝਾਅ ਪੇਸ਼ ਕੀਤੇ।

# ਸਰਬਸੰਮਤੀ ਨਾਲ ਪੰਚਾਇਤਾਂ ਬਣਾਉਣ ਲਈ ਲੋਕ ਤੱਤਪਰ



**ਫਿਲੌਰ, ( ਨਿਰਮਲ )** ਪੰਜਾਬ ਚ ਹੋ ਰਹੀਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਮਾਹੌਲ ਗਰਮਾਇਆ ਹੋਇਆ ਹੈ।ਇਸੇ ਤਰ੍ਹਾਂ ਦਾ ਮਾਹੌਲ ਪਿੰਡ ਮਨਸੂਰਪੁਰ ਵਿਖੇ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਪਿੰਡ ਵਾਸੀ ਵੱਖ ਵੱਖ ਮੀਟਿੰਗਾ ਕਰਕੇ ਪੰਚਾਇਤ ਨੂੰ ਸਰਬਸੰਮਤੀ ਨਾਲ ਬਣਾਉਂਣ ਲਈ ਯਤਨ ਕਰ ਰਹੇ ਹਾਂ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਨੰਬਰਦਾਰ ਅਮਰੀਕ ਸਿੰਘ ਅਤੇ ਨੰਬਰਦਾਰ ਸੁੱਚਾ ਰਾਮ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਿੰਡ ਦੇ ਪ੍ਰਮੁੱਖ ਵਿਅਕਤੀਆਂ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਪੂਰਾ ਯਤਨ ਕਰਨਗੇ ਕਿ ਪਿੰਡ ਦੀ ਪੰਚਾਇਤ ਸਰਬਸੰਮਤੀ ਨਾਲ ਬਣੇ।ਉਨ੍ਹਾਂ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਮਾਨਦਾਰ ਅਤੇ ਪੜ੍ਹਿਆ ਲਿਖਿਆ ਸਰਪੰਚ ਬਣਾਉਣ ਤਾਂ ਜੋਂ ਬਿਨਾਂ ਭੇਦ ਭਾਵ ਤੋਂ ਪਿੰਡ ਦਾ ਵਿਕਾਸ ਹੋ ਸਕੇ।

ਇਸ ਮੌਕੇ ਹਾਜ਼ਰ ਕੁਲਦੀਪ ਸਿੰਘ ਸਾਬਕਾ ਸਰਪੰਚ, ਹਰਦੀਪ ਸਿੰਘ ਦੀਪਾ, ਨਰਿੰਦਰ ਸਿੰਘ, ਮੱਖਣ ਸਿੰਘ, ਬਲਵਿੰਦਰ ਸਿੰਘ, ਬਲਦੇਵ ਸਿੰਘ ਕਾਲ਼ਾ, ਬਲਵੀਰ ਸਿੰਘ, ਜਸਵੀਰ ਸਿੰਘ, ਜੋਗਾ ਸਿੰਘ, ਰਾਣਾ ਸਿੱਧੂ, ਹਰਪ੍ਰੀਤ ਸਿੰਘ ਅਤੇ ਹੋਰ ਹਾਜ਼ਰ ਸਨ।

# ਕਿਸਾਨੀ ਮੋਰਚੇ ਦੀ ਤਰਜ 'ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ ਸੰਗਰੂਰ ਵਿਖੇ ਮੋਰਚਾ ਅੱਜ ਤੋਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ (ਪੀ ਪੀ ਪੀ ਐੱਫ਼) ਵੱਲੋਂ ਨਵੀਂ ਪਿਰਤ ਪਾਉਂਦਿਆਂ ਕਿਸਾਨੀ ਮੋਰਚਿਆਂ ਵਾਂਗ 1 ਅਕਤੂਬਰ ਤੋਂ 3 ਅਕਤੂਬਰ ਤੱਕ ਸੰਗਰੂਰ ਵਿਖੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਲਗਾਇਆ ਜਾ ਰਿਹਾ ਹੈ ਜਿਸਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਮੁਲਾਜ਼ਮਾਂ ਦੇ ਇਸ ਪੈਨਸ਼ਨ ਮੋਰਚੇ ਵਿੱਚ ਲੰਗਰ ਵੀ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ ਤੇ ਸੰਘਰਸ਼ੀਲ ਮੁਲਾਜ਼ਮ ਜੱਥੇਬੰਦੀਆਂ ਇਸ ਮੋਰਚੇ ਦੇ ਸਮਰਥਨ ਵਿੱਚ ਆ ਰਹੀਆਂ ਹਨ ਅਤੇ ਸੰਗਰੂਰ ਮੋਰਚਾ ਪੁਰਾਣੀ ਪੈਨਸ਼ਨ ਬਹਾਲੀ ਦੇ ਸੰਘਰਸ਼ ਵਿੱਚ ਅਹਿਮ ਮੁਕਾਮ ਸਾਬਿਤ ਹੋਵੇਗਾ।ਜਾਣਕਾਰੀ ਦਿੰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਸੂਬਾ ਕਮੇਟੀ ਮੈਂਬਰ ਮਨਜੀਤ ਸਿੰਘ ਦਸੂਹਾ, ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਸੁਖਦੇਵ ਡਾਨਸੀਵਾਲ, ਰਜਿੰਦਰ ਹੇਜਮਾਂ, ਪ੍ਰਵੀਨ ਸ਼ੇਰਪੁਰ ਅਤੇ ਹਰਿੰਦਰ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਸੰਗਰੂਰ ਮੋਰਚੇ ਦੀ ਲਾਮਬੰਦੀ ਲਈ ਪਿਛਲੇ ਇੱਕ ਮਹੀਨੇ ਤੋਂ ਚੱਲ ਰਹੀ ਤਿਆਰੀ ਮੁਹਿੰਮ ਨੂੰ ਜ਼ਿਲ੍ਹੇ ਵਿੱਚੋਂ ਵੱਡਾ ਹੁੰਗਾਰਾ ਮਿਲਿਆ ਹੈ। 'ਐੱਨ.ਪੀ.ਐੱਸ ਤੋਂ ਅਜ਼ਾਦੀ' ਮੁਹਿੰਮ ਨਾਲ਼ ਸ਼ੁਰੂ ਕੀਤੀ ਮੋਰਚੇ ਦੀ ਤਿਆਰੀ ਦੌਰਾਨ ਮੰਤਰੀਆਂ ਅਤੇ ਵਿਧਾਇਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ, ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਵਿਸਥਾਰੀ ਮੀਟਿੰਗਾਂ ਕੀਤੀਆਂ ਗਈਆਂ ਅਤੇ ਸਕੂਲਾਂ ਤੇ ਦਫ਼ਤਰਾਂ ਤੱਕ ਪਹੁੰਚ ਕਰਕੇ ਮੁਲਾਜ਼ਮਾਂ ਨੂੰ ਮੋਰਚੇ ਵਿੱਚ ਸ਼ਾਮਲ ਹੋਣ ਦੇ 'ਸੱਦਾ ਪੱਤਰ' ਵੀ ਵੱਡੇ ਪੱਧਰ 'ਤੇ ਵੰਡੇ ਗਏ ਹਨ। ਇਸ ਤੋਂ ਇਲਾਵਾ ਕੇਂਦਰ ਵੱਲੋਂ ਤਜਵੀਜਤ ਯੂ.ਪੀ.ਐੱਸ. ਪੈਨਸ਼ਨ ਸਕੀਮ ਦੀਆਂ ਖ਼ਾਮੀਆਂ ਪ੍ਰਤੀ ਐੱਨ.ਪੀ.ਐੱਸ. ਮੁਲਾਜ਼ਮਾਂ ਨੂੰ ਜਾਗਰੂਕ ਕੀਤਾ ਗਿਆ। ਉਹਨਾਂ ਮੋਰਚੇ ਵਿੱਚ ਉਲੀਕੇ ਲੜੀਵਾਰ ਪ੍ਰੋਗਰਾਮਾਂ ਬਾਰੇ ਦੱਸਿਆ ਕਿ 1 ਅਕਤੂਬਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਮੋਰਚੇ ਦੀ ਸ਼ੁਰੂਆਤ ਹੋਵੇਗੀ। ਤਿੰਨ ਦਿਨ ਚੱਲਣ ਵਾਲੇ ਇਸ ਮੋਰਚੇ ਵਿੱਚ ਦਿਨ ਵੇਲੇ ਸਟੇਜ ਚੱਲੇਗੀ ਅਤੇ ਸ਼ਾਮ ਵੇਲੇ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਮੰਗ ਨੂੰ ਉਭਾਰਨ ਲਈ ਮਸ਼ਾਲ ਮਾਰਚ, ਪੁਤਲਾ ਫੂਕ ਮੁਜ਼ਾਹਰੇ ਕੀਤੇ ਜਾਣਗੇ। ਮੋਰਚੇ ਦੇ ਆਖਰੀ ਦਿਨ ਸੂਬੇ ਭਰ 'ਚੋਂ ਪਹੁੰਚਣ ਵਾਲੇ ਮੁਲਾਜ਼ਮਾਂ ਨਾਲ਼ ਰੈਲੀ ਕਰਕੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕੀਤਾ ਜਾਵੇਗਾ।ਇਸ ਮੌਕੇ ਵਰਿੰਦਰ ਸੈਣੀ, ਜਸਵੀਰ ਬੋਦਲ, ਨਿਰਮਲ ਸਿੰਘ ਨਿਹਾਲਪੁਰ, ਜਸਮੀਤ ਸਿੰਘ, ਬਲਬੀਰ ਸਿੰਘ ਧਾਮੀ, ਨੰਦ ਰਾਮ, ਕਰਨੈਲ ਸਿੰਘ, ਅਜੇ ਕੁਮਾਰ, ਸੰਜੀਵ ਕਲਸੀ, ਪਰਮਜੀਤ ਸਿੰਘ, ਬਲਜਿੰਦਰ ਸਹੋਤਾ, ਸੋਮ ਪਾਲ, ਦਲਜੀਤ ਸਿੰਘ, ਬਲਕਾਰ ਸਿੰਘ ਪੁਰੀਕਾ, ਮਨਜੀਤ ਸਿੰਘ ਸੈਣੀ, ਵਰਿੰਦਰ ਸ਼ਾਹਬਾਜ਼ਪੁਰ ਅਤੇ ਅਮਨਦੀਪ ਸਿੰਘ ਚੌਹਾਨ ਆਦਿ ਆਗੂ ਵੀ ਹਾਜ਼ਰ ਸਨ।



# ਉਦਾਸੀ ਦੇ ਸੰਘਰਸ਼ 'ਤੇ ਰੌਸ਼ਨੀ ਪਾਉਂਦੀ ਕਿਤਾਬ 'ਕ੍ਰਾਂਤੀ ਲਈ ਬਲਦਾ ਕਣ-ਕਣ : ਸੰਤ ਰਾਮ ਉਦਾਸੀ'

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** 'ਕ੍ਰਾਂਤੀ ਲਈ ਬਲ੍ਹਦਾ ਕਣ-ਕਣ: ਸੰਤ ਰਾਮ ਉਦਾਸੀ' ਅਜਮੇਰ ਸਿੱਧੂ ਵੱਲੋਂ ਲੋਕ ਕਵੀ ਸੰਤ ਰਾਮ ਉਦਾਸੀ ਬਾਰੇ ਲਿਖੀ ਗਈ ਪੁਸਤਕ ਹੈ ਜੋ ਉਦਾਸੀ ਦੇ ਜੀਵਨ, ਸੰਘਰਸ਼ ਅਤੇ ਸਾਹਿਤ ਸੰਸਾਰ 'ਤੇ ਰੋਸ਼ਨੀ ਪਾਉਂਦੀ ਹੈ। ਉਂਝ ਉਹ ਬੁਨਿਆਦੀ ਤੌਰ 'ਤੇ ਕਹਾਣੀ ਵਿਧਾ ਦਾ ਲੇਖਕ ਹੈ। ਇਸ ਤੋਂ ਪਹਿਲਾਂ ਉਹ ਜੀਵਨੀਆਂ 'ਤੇ ਕਲਮ ਚਲਾਉਂਦਿਆਂ ਕਾਮਰੇਡ ਦਰਸ਼ਨ ਦੁਸਾਂਝ ਅਤੇ ਬਾਬਾ ਬੂਝਾ ਸਿੰਘ ਦੀਆਂ ਜੀਵਨੀਆਂ ਨੂੰ ਪੁਸਤਕ ਰੂਪ ਦੇ ਚੁੱਕਾ ਹੈ। ਜੈਮਲ ਸਿੰਘ ਪੱਡਾ (ਜੀਵਨੀ 'ਤੇ ਚੋਣਵੀਂ ਰਚਨਾ), ਪਾਸ਼ ਦੀ ਚੋਣਵੀਂ ਕਵਿਤਾ ਅਤੇ ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਚੋਣਵੀਂ ਰਚਨਾ) ਪੁਸਤਕਾਂ ਦੀ ਸੰਪਾਦਨਾ ਕਰ ਚੁੱਕਾ ਹੈ। ਬਕੌਲ ਅਜਮੇਰ ਸਿੱਧੂ 'ਕ੍ਰਾਂਤੀ ਲਈ ਬਲਦਾ ਕਣ-ਕਣ : ਸੰਤ ਰਾਮ ਉਦਾਸੀ' ਪੁਸਤਕ ਦਾ ਮਸੌਦਾ ਇਕੱਠਾ ਕਰਨ ਅਤੇ ਇਸਨੂੰ ਛਪਵਾਉਣ ਲਈ ਕਈ ਕਾਰਨਾਂ ਕਰਕੇ ਸੱਤ ਸਾਲ ਦਾ ਸਮਾਂ ਲੱਗ ਗਿਆ। ਸਿੱਧੂ ਨੇ ਉਦਾਸੀ ਦੇ ਵਿਚਾਰਧਾਰਕ ਅਤੇ ਰਾਜਸੀ ਸੰਗੀ-ਸਾਥੀਆਂ, ਉਸਦੇ ਨਾਲ ਸਾਹਿਤਕ ਮੰਚਾਂ 'ਤੇ ਵਿਚਰਦੇ ਲੇਖਕਾਂ ਦੇ ਲੇਖਾਂ, ਕਾਵਿ-ਟੁਕੜੀਆਂ ਅਤੇ ਉਸ ਪ੍ਰਤੀ ਮਨਾਂ ਅੰਦਰ ਰੱਖਦੇ ਵਿਚਾਰਾਂ ਨੂੰ ਵੀ ਪੁਸਤਕ ਅੰਦਰ ਬਣਦੀ ਥਾਂ ਦਿੱਤੀ ਹੈ। ਉਦਾਸੀ ਬਾਰੇ ਅਖ਼ਬਾਰਾਂ, ਰਸਾਲਿਆਂ, ਪੁਸਤਕਾਂ ਵਿਚ ਛਪੀਆਂ ਰਚਨਾਵਾਂ, ਉਸਦੀਆਂ ਸੁਰੀਲੀ ਆਵਾਜ਼ ਦੀਆਂ ਕੈਸਿਟਾਂ ਬਾਰੇ ਖੋਜਮਈ ਕੰਮ ਵੀ ਕੀਤਾ ਹੈ ਜੋ ਕਦਾਚਿਤ ਵੀ ਸੌਖਾ ਕਾਰਜ ਨਹੀਂ ਹੁੰਦਾ। ਕਿਰਤੀਆਂ ਲਈ ਲਟ ਲਟ ਬਲਦਾ ਹੋਇਆ ਉਦਾਸੀ ਦਾ ਸਿਦਕ, ਥੁੜ੍ਹਾਂ ਮਾਰੀ ਗਰੀਬ ਕਿਸਾਨੀ ਦਾ ਦਰਦ ਜਿਸ ਤਰ੍ਹਾਂ ਉਦਾਸੀ ਦੀ ਕਲਮ 'ਆਵਾਜ਼ 'ਚੋਂ ਝਲਕਦਾ ਹੈ।

# ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕੰਬਾਈਨ ਹਾਰਵੈਸਟਰ ਮਾਲਕਾਂ ਨਾਲ ਕੀਤੀ ਮੀਟਿੰਗ



**ਬੰਗਾ (ਅਵਤਾਰ ਕਲੇਰ)**

ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਵੱਲੋਂ ਜ਼ਿਲ੍ਹੇ ਦੇ ਵੱਖ ਵੱਖ ਕੰਬਾਈਨ ਹਾਰਵੈਸਟਰ ਮਾਲਕਾਂ ਨਾਲ ਮੀਟਿੰਗ ਕੀਤੀ ਗਈ।ਉਨ੍ਹਾਂ ਵੱਲੋਂ ਸਾਰੇ ਕੰਬਾਈਨ ਹਾਰਵੈਸਟਰ ਮਾਲਕਾਂ ਨੂੰ ਹਦਇਤ ਕੀਤੀ ਗਈ ਕਿ ਸਾਰੀਆਂ ਕੰਬਾਈਨਾਂ ਸੁਪਰ ਐਸ ਐਮ ਐਸ ਨਾਲ ਹੀ ਚੱਲਣ, ਤਾਂ ਜੋ ਕਿ ਪਰਾਲੀ ਨੂੰ ਸਾਂਭਣ ਵਿਚ ਕੋਈ ਪ੍ਰੇਸ਼ਾਨੀ ਨਾ ਆਵੇ।ਉਨ੍ਹਾਂ ਸਮੂਹ ਮਾਲਕਾਂ ਨੂੰ ਹਦਾਇਤ ਕੀਤੀ ਗਈ ਕਿ ਸਾਰੀਆਂ ਕੰਬਾਈਨਾਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਚਲਾਈਆਂ ਜਾਣ ਅਤੇ ਸਿਰਫ ਸੁੱਕਾ ਝੋਨਾ ਹੀ ਵੱਢਿਆ ਜਾਵੇ।ਇਸ ਮੌਕੇ ਸਾਰੇ ਕੰਬਾਈਨ ਹਾਰਵੈਸਟਰ ਮਾਲਕਾਂ ਵੱਲੋਂ ਸਹਿਮਤੀ ਜਤਾਈ ਗਈ ਅਤੇ ਉਨ੍ਹਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਸੁਪਰ ਐਸ ਐਮ ਐਸ ਨਾਲ ਹੀ ਕੰਬਾਈਨਾਂ ਚਲਾਉਣਗੇ ਅਤੇ ਸੁੱਕਾ ਝੋਨਾ ਹੀ ਵੱਢਣਗੇ ਤਾਂ ਜੋ ਕਿਸਾਨਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਾ ਆਵੇ। ਇਸ ਮੌਕੇ ਐਸ ਐਸ ਪੀ ਡਾ. ਮਹਿਤਾਬ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਉਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ, ਉਪ ਮੰਡਲ ਮੈਜਿਸਟ੍ਰੇਟ ਬਲਾਚੌਰ ਪ੍ਰੀਤ ਇੰਦਰ ਸਿੰਘ ਬੈਂਸ, ਉਪ ਮੰਡਲ ਮੈਜਿਸਟ੍ਰੇਟ ਬੰਗਾ ਵਿਪਿਨ ਭੰਡਾਰੀ, ਮੁੱਖ ਖੇਤੀਬਾੜੀ ਅਫਸਰ ਡਾ. ਰਜਿੰਦਰ ਕੁਮਾਰ ਕੰਬੋਜ, ਸਹਾਇਕ ਖੇਤੀਬਾੜੀ ਇੰਜੀਨੀਅਰ ਇੰਜ. ਚੰਦਨ ਸ਼ਰਮਾ ਤੋਂ ਇਲਾਵਾ ਵੱਖ-ਵੱਖ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਹਾਜ਼ਰ ਸਨ।

# ਪੰਜਾਬ ਰਾਜ ਸਹਿਕਾਰੀ ਬੈਂਕ ਵੱਲੋਂ ਗਾਹਕਾਂ ਲਈ ਯੂ ਪੀ ਆਈ ਸੇਵਾ ਸ਼ੁਰੂਆਤ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਸਹਿਕਾਰੀ ਖੇਤਰ ਵਿੱਚ ਬੈਂਕਿੰਗ ਸੇਵਾ ਵਿੱਚ ਨਵਾਂ ਮੀਲ ਪੱਥਰ ਸਥਾਪਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਗਾਹਕਾਂ ਨੂੰ ਪੈਸੇ ਦੇ ਆਨਲਾਈਨ ਲੈਣ-ਦੇਣ ਦੇ ਯੋਗ ਬਣਾਉਣ ਲਈ ਪੰਜਾਬ ਰਾਜ ਸਹਿਕਾਰੀ ਬੈਂਕ ਵਿੱਚ ਯੂ ਪੀ ਆਈ ਸੇਵਾ ਦੀ ਸ਼ੁਰੂਆਤ ਕੀਤੀ ਹੈ।ਇਸ ਪਹਿਲਕਦਮੀ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਹੂਲਤ ਸਹਿਕਾਰੀ ਬੈਂਕਾਂ ਵਿੱਚ ਪੈਸੇ ਦੇ ਡਿਜੀਟਲ ਲੈਣ-ਦੇਣ ਨੂੰ ਉਤਸ਼ਾਹਤ ਕਰੇਗੀ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਬੈਂਕ ਦੀਆਂ 18 ਬਰਾਂਚਾਂ ਵਿੱਚ ਯੂ ਪੀ ਆਈ ਦੀ ਸਹੂਲਤ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੰਤਵ ਵਧੇਰੇ ਪਾਰਦਰਸ਼ਤਾ ਤੇ ਜਵਾਬਦੇਹੀ ਰਾਹੀਂ ਬੈਂਕ ਦੀ ਕਾਰਜਪ੍ਰਣਾਲੀ ਨੂੰ ਹੋਰ ਸੁਚਾਰੂ ਬਣਾਉਣਾ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਬੈਂਕ ਦੇ ਗਾਹਕ, ਗੂਗਲ ਪੇਅ, ਵਟਸਐਪ, ਫੋਨ ਪੇਅ, ਪੇਅਟੀਐਮ, ਭੀਮ ਅਤੇ ਹੋਰ ਐਪਲੀਕੇਸ਼ਨਾਂ ਵਰਗੇ ਪਲੇਟਫਾਰਮਾਂ ਦੀ ਵਰਤੋਂ ਕਰ ਕੇ ਪੈਸੇ ਦਾ ਲੈਣ-ਦੇਣ ਕਰਨ ਦੇ ਯੋਗ ਹੋਣਗੇ।ਮੁੱਖ ਮੰਤਰੀ ਨੇ ਕਿਹਾ ਕਿ ਇਸ ਸਹੂਲਤ ਨਾਲ ਬੈਂਕ ਦੇ ਗਾਹਕ ਹੋਰ ਬੈਂਕ ਖਾਤਿਆਂ ਵਿੱਚੋਂ ਪੰਜਾਬ ਰਾਜ ਸਹਿਕਾਰੀ ਬੈਂਕ ਦੇ ਖਾਤੇ ਵਿੱਚ ਪੈਸੇ ਭੇਜ ਜਾਂ ਪ੍ਰਾਪਤ ਕਰ ਸਕਣਗੇ।ਉਨ੍ਹਾਂ ਕਿਹਾ ਕਿ ਮੁੱਢਲੇ ਤੌਰ ਉਤੇ ਗਾਹਕ ਯੂ ਪੀ ਆਈ ਰਾਹੀਂ ਰੋਜ਼ਾਨਾ 50 ਹਜ਼ਾਰ ਤੱਕ ਦਾ ਲੈਣ-ਦੇਣ ਕੀਤਾ ਜਾ ਸਕੇਗਾ।

# ਐੱਨ ਓ ਸੀ/ ਐੱਨ ਡੀ ਸੀ ਨਾ ਮਿਲਣ 'ਤੇ ਹਲਫਨਾਮੇ ਦੇ ਨਾਲ ਦਾਖਲ ਕੀਤੇ ਜਾ ਸਕਦੇ ਨੇ ਨਾਮਜ਼ਦਗੀ ਪੱਤਰ : ਕੋਮਲ ਮਿੱਤਲ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਪੰਚਾਇਤੀ ਚੋਣਾਂ ਸੰਬੰਧੀ ਨਾਮਜਦਗੀਆਂ ਦਾਖਲ ਕਰਨ ਨੂੰ ਲੈ ਕੇ ਰਾਜ ਚੋਣ ਕਮਿਸਨ, ਪੰਜਾਬ ਵੱਲੋਂ ਜਾਰੀ ਪੱਤਰ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਨੇ ਦੱਸਿਆ ਕਿ ਉਮੀਦਵਾਰਾਂ ਵੱਲੋਂ ਨਾਮਜਦਗੀਆਂ ਭਰਨ ਸੰਬੰਧੀ ਕਮਿਸਨ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਜੇਕਰ ਕਿਸੇ ਉਮੀਦਵਾਰ ਨੂੰ ਆਪਣੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਨਾਮਜਦਗੀ ਪੱਤਰ ਦੇ ਨਾਲ ਲਾਉਣ ਲਈ ਕਿਸੇ ਵੀ ਕਿਸਮ ਦੇ ਟੈਕਸ ਦੇ ਏਰੀਅਰ ਦੇ ਬਕਾਏ ਜਾਂ ਕਿਸੇ ਵੀ ਕਿਸਮ ਦੇ ਹੋਰ ਬਕਾਏ ਬਾਬਤ ਨੋ ਡੀਊ ਸਰਟੀਫਿਕੇਟ (ਐਨ ਡੀ ਸੀ) ਸਬੰਧਤ ਅਥਾਰਟੀ ਵੱਲੋਂ ਜਾਰੀ ਨਹੀਂ ਹੁੰਦਾ ਜਾਂ ਕਿਸੇ ਵੀ ਅਥਾਰਟੀ ਦੀ ਕਿਸੇ ਵੀ ਕਿਸਮ ਦੀ ਜਾਇਦਾਦ 'ਤੇ ਕਬਜੇ ਸੰਬੰਧੀ ਨੋ ਅਬਜੈਕਸਨ ਸਰਟੀਫਿਕੇਟ (ਐਨ ਓ ਸੀ) ਜਾਰੀ ਨਹੀਂ ਹੁੰਦਾ ਤਾਂ ਸਬੰਧਤ ਉਮੀਦਵਾਰ ਆਪਣੇ ਵੱਲੋਂ ਇੱਕ ਹਲਫਨਾਮਾ ਨਾਮਜਦਗੀ ਪੱਤਰ ਦੇ ਨਾਲ ਲਾ ਕੇ ਕਾਗਜ ਦਾਖਲ ਕਰ ਸਕਦਾ ਹੈ। ਉਮੀਦਵਾਰ ਇਹ ਹਲਫਨਾਮਾ ਦੇਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਬਾਬਤ ਉਸ ਦੇ ਵੱਲ ਕਿਸੇ ਵੀ ਕਿਸਮ ਦੇ ਟੈਕਸਾਂ ਦੇ ਏਰੀਅਰ ਦਾ ਬਕਾਇਆ ਜਾਂ ਕੋਈ ਹੋਰ ਬਕਾਇਆ ਨਹੀਂ ਖੜ੍ਹਾ ਹੈ। ਨਾ ਹੀ ਕਿਸੇ ਅਥਾਰਟੀ ਦੀ ਜਾਇਦਾਦ 'ਤੇ ਉਸ ਵੱਲੋਂ ਕੋਈ ਨਾਜਾਇਜ ਕਬਜਾ ਕੀਤਾ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹਲਫਨਾਮਾ ਕਾਰਜਕਾਰੀ ਮੈਜਿਸਟਰੇਟ/ ਓਥ ਕਮਿਸ਼ਨਰ/ ਨੋਟਰੀ ਤੋਂ ਤਸਦੀਕਸ਼ੁਦਾ ਹੋਣਾ ਜ਼ਰੂਰੀ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਰਿਟਰਨਿੰਗ ਅਫਸਰ (ਆਰ ਓ) ਵੱਲੋਂ ਅਜਿਹੇ ਨਾਮਜਦਗੀ ਪੱਤਰ ਸਬੰਧਤ ਅਥਾਰਟੀਆਂ ਨੂੰ 24 ਘੰਟਿਆਂ ਦੇ ਰਿਪੋਰਟ ਦੇਣ ਦੀ ਹਦਾਇਤ ਦੇ ਨਾਲ ਭੇਜੇ ਜਾਣਗੇ। ਜੇਕਰ 24 ਘੰਟਿਆਂ ਦੇ 'ਚ ਸਬੰਧਤ ਅਥਾਰਟੀ ਵੱਲੋਂ ਰਿਪੋਰਟ ਨਹੀਂ ਦਿੱਤੀ ਜਾਂਦੀ ਤਾਂ ਇਹ ਮੰਨ ਲਿਆ ਜਾਵੇਗਾ ਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਸਬੰਧੀ ਉਮੀਦਵਾਰ ਕਿਸੇ ਵੀ ਕਿਸਮ ਦਾ ਡਿਫਾਲਟਰ ਨਹੀਂ ਹੈ ਅਤੇ ਨਾ ਹੀ ਉਸ ਨੇ ਅਣ ਅਧਿਕਾਰਤ ਤੌਰ 'ਤੇ ਕੋਈ ਕਬਜਾ ਕੀਤਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਮੂਹ ਅਧਿਕਾਰੀਆਂ ਨੂੰ ਇਹਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾ ਯਕੀਨੀ ਬਣਾਉਣ ਲਈ ਕਹਿ ਦਿੱਤਾ ਗਿਆ ਹੈ।



# ਅਮਿਟ ਯਾਦਾਂ ਛੱਡਦਾ ਸਾਲਾਨਾ ਛਿੰਝ ਮੇਲਾ ਸੰਪੰਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਸ਼ਹੀਦ-ਏ-ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਅਤੇ ਵੈਲਫੇਅਰ ਸੋਸਾਇਟੀ ਨਕੋਦਰ ਵੱਲੋਂ ਛਿੰਝ ਮੇਲਾ ਕਰਵਾਇਆ ਗਿਆ।ਕਲੱਬ ਦੇ ਪ੍ਰਧਾਨ ਐਡਵੋਕੇਟ ਗੌਰਵ ਨਾਗਰਾਜ, ਸਤਿੰਦਰ ਮੱਟੂ ਅਤੇ ਰਾਜੂ ਭੰਡਲ ਬਲਾਕ ਪ੍ਰਧਾਨ ਨੂਰਮਹਿਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਛਿੰਝ ਮੇਲੇ 'ਚ ਹਿੰਦੋਸਤਾਨ ਹੀ ਨਹੀਂ ਬਲਕਿ ਪੂਰੀ ਦੁਨੀਆਂ ਤੋਂ ਚੋਟੀ ਦੇ ਰੁਸਤਮ ਮੱਲਾਂ ਨੇ ਹਿੱਸਾ ਲਿਆ।ਜਿਸ 'ਚ ਪਹਿਲੇ ਪਟਕੇ ਦੀ ਕੁਸ਼ਤੀ ਦੇ ਰੁਸਤਮ ਮੱਲ ਪਹਿਲਵਾਨ ਮਿਰਜ਼ਾ ਇਰਾਨ ਅਤੇ ਪਹਿਲਵਾਨ ਪ੍ਰਿੰਸ ਕੁਹਾਲੀ ਦੇ ਵਿਚਕਾਰ ਹੋਈ ਜਿਸ ਵਿੱਚ ਪਹਿਲਵਾਨ ਮਿਰਜ਼ਾ ਇਰਾਨ ਜੇਤੂ ਰਿਹਾ ਅਤੇ ਦੂਸਰੀ ਪਟਕੇ ਦੀ ਕੁਸ਼ਤੀ ਪਹਿਲਵਾਨ ਰਾਜੂ ਰਾਈਏਵਾਲ ਅਤੇ ਪਹਿਲਵਾਨ ਅਜੇ ਗੁੱਜ਼ਰ ਬਾਰਨ ਦੇ ਵਿਚਕਾਰ ਹੋਈ ਜਿਸ ਵਿੱਚ ਰਾਜੂ ਰਾਈਏਵਾਲ ਜੇਤੂ ਰਿਹਾ ਅਤੇ ਤੀਸਰੀ ਪਟਕੇ ਦੀ ਕੁਸ਼ਤੀ ਪਹਿਲਵਾਨ ਵੱਡਾ ਜੱਸਾ ਬਾਹੜੋਵਾਲ ਅਤੇ ਪਹਿਲਵਾਨ ਬਾਜ ਰੌਣੀ ਦੇ ਵਿਚਕਾਰ ਹੋਈ ਇਸ ਕੁਸ਼ਤੀ ਵਿੱਚ ਵੱਡਾ ਜੱਸਾ ਬਾਹੜੋਵਾਲ ਜੇਤੂ ਰਿਹਾ।ਇਸ ਤੋਂ ਬਾਅਦ ਚੌਥੀ ਪਟਕੇ ਦੀ ਕੁਸ਼ਤੀ ਪਹਿਲਵਾਨ ਜਗਰੂਪ ਸ਼ੰਕਰ ਅਤੇ ਪਹਿਲਵਾਨ ਸਨੀ ਰਾਮੇਵਾਲ ਦੇ ਵਿਚਕਾਰ ਹੋਈ ਜੋ ਬਰਾਬਰ ਰਹੀ।ਇਸ ਤੋਂ ਇਲਾਵਾ ਸਪੈਸ਼ਲ ਅਕਰਸ਼ਨ ਦਾ ਕੇਂਦਰ ਪਹਿਲਵਾਨ ਦੇਵਾ ਥਾਪਾ ਨੇਪਾਲ ਅਤੇ ਪਹਿਲਵਾਨ ਨਵੀਨ ਹਿਮਾਚਲ ਦੇ ਵਿਚਕਾਰ ਹੋਈ ਜਿਸ ਵਿੱਚ ਪਹਿਲਵਾਨ ਦੇਵਾ ਥਾਪਾ ਜੇਤੂ ਰਿਹਾ।ਇਸ ਤੋਂ ਇਲਾਵਾ ਪਹਿਲਵਾਨ ਕਮਲ ਕੋਚ ਸ਼ੰਕਰ ਅਖਾੜਾ ਵਾਲਿਆਂ ਦਾ ਗੁਰਜ ਅਤੇ ਪੈਸਿਆਂ ਨਾਲ ਵਿਸ਼ੇਸ ਸਨਮਾਨ ਕੀਤਾ ਗਿਆ।ਛਿੰਝ ਮੇਲੇ 'ਚ ਮੁੱਖ ਮਹਿਮਾਨ ਵਜੋਂ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ (ਵਾਤਾਵਰਨ ਪ੍ਰੇਮੀ ਅਤੇ ਰਾਜ ਸਭਾ ਮੈਂਬਰ) ਪਹੁੰਚੇ। ਇਹਨਾਂ ਤੋਂ ਇਲਾਵਾ ਪੰਜਾਬ ਦੀ ਅਣਖੀ ਅਤੇ ਮੇਹਨਤੀ ਧੀ ਹਰਪਾਲ ਕੌਰ ਧੰਜਲ ਵੈਲਡਰ (ਬ੍ਰਾਊਨ ਕੁੜੀ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਹਨਾਂ ਤੋਂ ਇਲਾਵਾ ਪੰਜਾਬ ਦੇ ਕਮੇਡੀ ਕਿੰਗ ਸੰਤਾ ਬੰਤਾ (ਸ਼ੁਗਲੀ ਜੁਗਲੀ) ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਹਨਾਂ ਦਾ ਸਨਮਾਨ ਵੀ ਕੀਤਾ ਗਿਆ।ਐਡਵੋਕੇਟ ਨਾਗਰਾਜ ਨੇ ਨੌਜਵਾਨ ਪੀੜੀ ਨੂੰ ਅਪੀਲ ਕਰਦਿਆਂ ਕਿਹਾ ਕਿ ਖੇਡਾਂ ਨਾਲ ਜੁੜੋ ਤੇ ਨਸ਼ਿਆਂ ਤੋਂ ਦੂਰ ਰਹੋ ਆਪਣੇ ਮਾਂ ਬਾਪ ਦਾ ਅਤੇ ਆਪਣੇ ਦੇਸ਼ ਦਾ ਨਾਮ ਰੋਸ਼ਨ ਕਰੋ।ਛਿੰਝ ਮੇਲੇ ਵਿੱਚ ਕੋਹਲੀ ਓਪਟੀਕਲ ਨਕੋਦਰ ਵੱਲੋਂ ਅੱਖਾਂ ਦਾ ਫਰੀ ਚੈੱਕਅੱਪ ਕੈਂਪ ਵੀ ਲਗਾਇਆ। ਐਡਵੋਕੇਟ ਨਾਗਰਾਜ ਅਤੇ ਰਾਜੂ ਭੰਡਲ ਬਲਾਕ ਪ੍ਰਧਾਨ ਨੂਰਮਹਿਲ ਨੇ ਕਿਹਾ ਕਿ ਸਾਰੇ ਖੇਡ ਪ੍ਰੇਮੀਆਂ ਅਤੇ ਇਲਾਕਾ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦਾ ਬਹੁਤ ਬਹੁਤ ਧੰਨਵਾਦ ਜਿਹਨਾਂ ਨੇ ਮੇਲੇ 'ਚ ਆ ਕੇ ਮੇਲੇ ਦੀ ਰੌਣਕ ਨੂੰ ਵਧਾਇਆ ਤੇ ਚਾਰ ਚੰਨ ਲਗਾਏ।



# ਮਿਡ ਡੇ ਮੀਲ ਕੁੱਕ ਦੀ ਤਨਖਾਹ 'ਚ ਵਾਧਾ ਨਾ ਕੀਤਾ ਤਾਂ ਮੋਹਾਲੀ ਵਿਖੇ ਹੋਵੇਗੀ ਗੇਟ ਰੈਲੀ : ਚੰਡਾਲਿਯਾ



**ਬਾਲਾਚੌਰ (ਜਸਵਿੰਦਰ ਬੈਂਸ)**

ਮਿਡ ਡੇ ਮੀਲ ਕੁੱਕ ਯੂਨੀਅਨ ਪੰਜਾਬ ਚੰਡਾਲਿਯਾ ਗਰੁੱਪ ਦੀਆਂ ਬਲਾਕ ਬਲਾਚੌਰ ਅਤੇ ਸੜੋਆ ਦਿਆਂ ਵਰਕਰਾਂ ਦੀ ਇਕ ਮੀਟਿੰਗ ਭਾਰਤੀ ਜਨਤਾ ਪਾਰਟੀ ਦਫ਼ਤਰ ਬਲਾਚੌਰ ਵਿਖ਼ੇ ਬਲਾਕ ਪ੍ਰਧਾਨ ਸ਼੍ਰੀਮਤੀ ਲੱਛਮੀ ਦੇਵੀ ਦੀ ਪ੍ਰਧਾਨਗੀ ਹੇਠ ਹੋਈ।ਜਿੱਸ ਵਿੱਚ ਕਾਰਜਕਾਰੀ ਪ੍ਰਧਾਨ ਪੰਜਾਬ ਸ਼੍ਰੀਮਤੀ ਕਮਲਜੀਤ ਕੌਰ ਕਲਿਆਣ, ਮੀਤ ਪ੍ਰਧਾਨ ਪੰਜਾਬ ਰਿੰਕੀ, ਜਰਨਲ ਸਕੱਤਰ ਪੰਜਾਬ ਮੁਮਤਾਜ ਬੇਗਮ, ਚੇਅਰਮੈਨ ਅਮਰਜੀਤ ਕੌਰ, ਸੂਬਾ ਪ੍ਰਧਾਨ ਕਰਮਜੀਤ ਚੰਡਾਲਿਯਾ ਨੇ ਵੀ ਭਾਗ ਲਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਚੰਡਾਲਿਯਾ ਨੇ ਕਿਹਾ ਕੀ ਸਾਰੇ ਸਕੂਲਾਂ ਵਿੱਚ ਗੈਸ ਸਿਲੰਡਰ ਅਤੇ ਰਸੋਈ ਦਾ ਪੂਰਾ ਧਿਆਨ ਰੱਖਿਆ ਜਾਵੇ।ਕਿਸੇ ਵੀ ਕੁੱਕ ਨੂੰ ਬਿਨਾਂ ਕਿਸੇ ਵਜ੍ਹਾ ਨਿਯਮਾਂ ਦੇ ਉਲਟ ਹਟਾਇਆ ਨਾ ਜਾਵੇ। ਚੰਡਾਲਿਯਾ ਨੇ ਇਸ ਮੀਟਿੰਗ ਵਿੱਚ ਜਿਲ੍ਹਾ ਜਰਨਲ ਸਕੱਤਰ ਨਰੇਂਦਰ ਨਾਥ ਸੂਦਨ ਅਤੇ ਜਿਲ੍ਹਾ ਮੀਤ ਪ੍ਰਧਾਨ ਸ਼੍ਰੀਮਤੀ ਮਨਜੀਤ ਕੌਰ ਨਵਜੋਤ ਮੀਤ ਪ੍ਰਧਾਨ ਬਲਾਕ ਬਲਾਚੌਰ ਨੂੰ ਸਰਵਸੰਮਤੀ ਨਾਲ ਚੁਣਿਆ ਗਿਆ।ਇਸ ਮੌਕੇ ਭਰਤੀ ਜਨਤਾ ਪਾਰਟੀ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਵਲੋਂ ਬੜੇ ਦੁੱਖੀ ਮੰਨ ਨਾਲ ਕਿਹਾ ਕੀ ਮਿਡ ਡੇ ਮੀਲ ਕੁੱਕ ਦੀਆਂ ਹੱਕੀ ਅਤੇ ਜਾਇਜ ਮੰਗਾਂ ਪੰਜਾਬ ਸਰਕਾਰ ਵੱਲੋਂ ਨਾ ਲਾਗੂ ਕਰਨਾ ਬੜੀ ਮੰਦਭਾਗੀ ਗੱਲ ਹੈ। ਚੰਡਾਲਿਯਾ ਨੇ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਸਰਕਾਰ ਵੱਲੋਂ ਮੰਗਾਂ ਨਾ ਮੰਨੇ ਜਾਣ ਦੀ ਸੂਰਤ 'ਚ 43500 ਮਿਡ ਡੇ ਮੀਲ ਕੁੱਕ ਮੈਂਬਰ ਅਕਤੂਬਰ ਮਹੀਨੇ 'ਚ ਰੈਲੀ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਜਿੰਦੇ ਲਗਾਏ ਜਾਣਗੇ। ਇਸ ਤੋਂ ਇਲਾਵਾ ਇਸ ਮੀਟਿੰਗ ਵਿੱਚ ਬਿੰਦਰ ਟਕਾਰਲਾ, ਬੇਬੀ ਕਲਾਰ, ਸੋਨੀਆ, ਪਰਵੀਨ ਕੁਮਾਰੀ, ਕਸ਼ਮੀਰ ਕੌਰ, ਰੇਸ਼ਮਾ, ਬਖਸ਼ੋ, ਬਿੰਦਰ ਆਦਿ ਵੀ ਸ਼ਮੂਲੀਅਤ ਕੀਤੀ।

# ਸਰਬਸੰਮਤੀ ਨਾਲ ਚੁਣੀ ਗਈ ਮੋਤੀਪੁਰ ਖਾਲਸਾ ਦੀ ਪੰਚਾਇਤ



**ਫਿਲੌਰ (ਨਿਰਮਲ)** ਫਿਲੌਰ ਦੇ ਨਜ਼ਦੀਕੀ ਪਿੰਡ ਮੋਤੀਪੁਰ ਖਾਲਸਾ ਦੀ ਪੰਚਾਇਤ ਦੀ ਚੋਣ ਸਰਬ ਸੰਮਤੀ ਨਾਲ ਸਮੂਹ ਪਿੰਡ ਵਾਸੀਆਂ ਵੱਲੋਂ ਬੀ ਡੀ ਓ ਦਫਤਰ ਫਿਲੌਰ ਵਿਖੇ ਬੀ ਡੀ ਓ ਮੈਡਮ ਰਜਿੰਦਰ ਕੌਰ ਦੀ ਹਾਜ਼ਰੀ ਵਿੱਚ ਪਿੰਡ ਦੇ ਸਰਪੰਚ ਅਤੇ ਪੰਚਾਂ ਦੀ ਚੋਣ ਕੀਤੀ ਗਈ।ਇਸ ਮੌਕੇ ਨਵੇਂ ਚੁਣੇ ਗਏ ਸਰਪੰਚ ਅਤੇ ਪੰਚਾਂ ਦੇ ਗਲਾਂ ਵਿੱਚ ਹਾਰ ਪਾ ਕੇ ਵਧਾਈਆਂ ਦਿੱਤੀਆਂ ਨਵੀਂ ਚੋਣ 'ਚ ਸਰਪੰਚ ਮਨਜੀਤ ਸਿੰਘ, ਪੰਚ ਹਰਪ੍ਰੀਤ ਸਿੰਘ, ਪੰਚ ਸਿਮਰਨਜੀਤ ਕੌਰ, ਪੰਚ ਹਰਪ੍ਰੀਤ ਕੌਰ, ਪੰਚ ਹਰਪ੍ਰੀਤ ਸਿੰਘ, ਸਾਬਕਾ ਸਰਪੰਚ ਜਰਨੈਲ ਸਿੰਘ ਮੋਤੀਪੁਰ ਖਾਲਸਾ ਵੱਲੋਂ ਨਵੀਂ ਚੁਣੀ ਗਈ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਭੁਪਿੰਦਰ ਸਿੰਘ, ਗੁਰਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਦੀਪ ਸਿੰਘ, ਲਖਵਿੰਦਰ ਸਿੰਘ, ਜਰਨੈਲ ਸਿੰਘ ਬੰਨ ਵਾਲਾ ਅਤੇ ਹੋਰ ਹਾਜ਼ਰ ਸਨ।

# ਲਾਇਲਪੁਰ ਖਾਲਸਾ ਕਾਲਜ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਲੈਕਚਰ




**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ ਦੀ ਅਗਵਾਈ ਅਧੀਨ ਚੱਲ ਰਹੇ 'ਸੈਂਟਰ ਫਾਰ ਹਿਸਟੋਰੀਕਲ ਸਟੱਡੀਜ਼' ਵੱਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਇੱਕ ਲੈਕਚਰ ਕਰਵਾਇਆ ਗਿਆ।

ਇਸ ਲੈਕਚਰ ਵਿੱਚ ਮੁੱਖ ਬੁਲਾਰੇ ਵਜੋਂ ਡਾ. ਮਨੂ ਸ਼ਰਮਾ, ਮੁਖੀ ਇਤਿਹਾਸ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪਹੁੰਚੇ। ਇਸ ਸਮਾਗਮ ਦੀ ਸ਼ੁਰੂਆਤ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੁਆਰਾ ਮੁੱਖ ਬੁਲਾਰੇ ਨੂੰ ਜੀ ਆਇਆ ਕਹਿੰਦਿਆਂ ਹੋਇਆ ਹੋਈ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਚੱਲ ਰਹੀਆਂ ਅਜਿਹੀਆਂ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ।ਲੈਕਚਰ ਵਿੱਚ ਮੁੱਖ ਬੁਲਾਰੇ ਡਾ. ਮਨੂ ਸ਼ਰਮਾ ਨੇ ਵਿਦਿਆਰਥੀਆਂ ਨੂੰ ਸਰਦਾਰ ਭਗਤ ਸਿੰਘ ਜੀ ਦੇ ਜੀਵਨ, ਉਹਨਾਂ ਦੀ ਵਿਚਾਰਧਾਰਾ ਨੂੰ ਅਜੋਕੇ ਸਮੇਂ ਨਾਲ ਜੋੜਦਿਆਂ ਦੱਸਿਆ ਕਿ ਭਗਤ ਸਿੰਘ ਨੂੰ ਜੇ ਸਮਝਣਾ ਹੈ ਤਾਂ ਉਹਨਾਂ ਦੀਆਂ ਲਿਖਤਾਂ ਅਤੇ ਉਹਨਾਂ ਦੀਆਂ ਪੜ੍ਹੀਆਂ ਹੋਈਆਂ ਪੁਸਤਕਾਂ ਨੂੰ ਸਮਝਣਾ ਜਰੂਰੀ ਹੈ। ਉਹਨਾਂ ਨੇ ਉਸ ਸਮੇਂ ਦੀਆਂ ਦੋ ਮਹਾਨ ਸ਼ਖ਼ਸੀਅਤਾਂ ਮਹਾਤਮਾ ਗਾਂਧੀ ਅਤੇ ਸਰਦਾਰ ਭਗਤ ਸਿੰਘ ਦੀਆਂ ਵਿਚਾਰਧਾਰਾਵਾਂ ਨੂੰ ਆਪਸੀ ਸੰਦਰਭ ਵਿੱਚ ਜੋੜਦਿਆਂ ਵਿਦਿਆਰਥੀਆਂ ਨੂੰ ਜਾਗ੍ਰਿਤ ਕਰਵਾਇਆ।ਇਸ ਸਮਾਗਤ ਦੇ ਅੰਤ ਵਿੱਚ ਇਤਿਹਾਸ ਵਿਭਾਗ ਦੇ ਮੁਖੀ ਡਾ. ਸੁਮਨ ਚੋਪੜਾ ਨੇ ਸਮਾਗਮ ਵਿੱਚ ਆਏ ਮੁੱਖ ਬੁਲਾਰੇ, ਵੱਖ-ਵੱਖ ਵਿਭਾਗਾਂ ਤੋਂ ਆਏ ਅਧਿਆਪਕ ਸਾਹਿਬਾਨਾਂ, ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਭਗਤ ਸਿੰਘ ਦੇ ਕ੍ਰਾਂਤੀਕਾਰੀ ਵਿਚਾਰਧਾਰਾ ਤੇ ਵਿਗਿਆਨਿਕ ਸੋਚ ਤੋਂ ਜੀਵਨ ਸੇਧ ਲੈ ਕੇ ਅਜੋਕੀ ਰਾਜਨੀਤੀ ਵਿੱਚ ਸੁਧਾਰ ਕਰਕੇ ਭਗਤ ਸਿੰਘ ਦੇ ਸੁਪਨਿਆਂ ਦੇ ਭਾਰਤ ਨੂੰ ਸਿਰਜਣ ਲਈ ਪ੍ਰੇਰਿਆ। ਇਸ ਮੌਕੇ ਪੰਜਾਬੀ ਵਿਭਾਗ ਦੇ ਪ੍ਰੋ. ਸੰਦੀਪ ਸਿੰਘ ਨੇ ਵਿਦਿਆਰਥੀਆਂ ਨਾਲ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਪੇਸ਼ ਕਰਦੀ ਆਪਣੀ ਰਚੀ ਹੋਈ ਕਵਿਤਾ ਵੀ ਸਾਂਝੀ ਕੀਤੀ।ਸਮਾਗਮ ਦਾ ਸੰਚਾਲਨ ਮੰਗਲਜੀਤ ਸਿੰਘ, ਐਮ.ਏ. ਹਿਸਟਰੀ ਸਮੈਸਟਰ ਤੀਜਾ ਦੇ ਵਿਦਿਆਰਥੀ ਦੁਆਰਾ ਬਾਖ਼ੂਬੀ ਨਿਭਾਇਆ ਗਿਆ।ਇਸ ਸਮਾਗਮ ਵਿੱਚ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ, ਰਜਿਸਟਰਾਰ ਪ੍ਰੋ. ਨਵਦੀਪ ਕੌਰ, ਪ੍ਰੋ. ਗਗਨਦੀਪ ਕੌਰ (ਮੁਖੀ ਜੌਲੋਜੀ ਵਿਭਾਗ) ਪ੍ਰੋ. ਹਰਜੀਤ ਸਿੰਘ (ਮੁਖੀ ਗਣਿਤ ਵਿਭਾਗ), ਡਾ. ਬਲਰਾਜ ਕੌਰ, ਪ੍ਰੋ. ਜਸਵਿੰਦਰ ਕੌਰ (ਮੁਖੀ ਇਨਵਾਇਰਮੈਂਟ ਸਟੱਡੀਜ), ਪ੍ਰੋ. ਸਤਪਾਲ ਸਿੰਘ, ਪ੍ਰੋ. ਅਨੂ ਕੁਮਾਰੀ (ਮੁਖੀ ਪੋਲੀਟੀਕਲ ਸਾਇੰਸ ਵਿਭਾਗ), ਪ੍ਰੋ. ਅਜੀਤਪਾਲ ਸਿੰਘ, ਡਾ. ਪੂਜਾ ਰਾਣਾ (ਮੁਖੀ ਭੂਗੋਲ ਵਿਭਾਗ) ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਇਤਿਹਾਸ ਵਿਭਾਗ ਦੇ ਅਧਿਆਪਕ ਸਾਹਿਬਾਨ ਡਾ. ਅਮਨਦੀਪ ਕੌਰ ਅਤੇ ਪ੍ਰੋ. ਸੰਦੀਪ ਕੌਰ ਨੇ ਆਪਣਾ ਯੋਗਦਾਨ ਪਾਇਆ।

# ਆਰ ਸੀ ਚੋਪੜਾ ਮੈਮੋਰੀਅਲ ਨੈਸ਼ਨਲ ਮੂਟ ਕੋਰਟ ਮੁਕਾਬਲਾ ਸੰਪੰਨ

**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਲਾਅ ਕਾਲਜ ਵੱਲੋਂ 13ਵਾਂ ਸਵਰਗੀ ਆਰ ਸੀ ਚੋਪੜਾ ਮੈਮੋਰੀਅਲ ਨੈਸ਼ਨਲ ਮੂਟ ਕੋਰਟ ਮੁਕਾਬਲਾ ਕਰਵਾਇਆ ਗਿਆ।ਜਿਸ ਵਿੱਚ 40 ਟੀਮਾਂ (17 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ) ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਗੋਆ, ਕਰਨਾਟਕ, ਕੇਰਲਾ, ਚੰਡੀਗੜ੍ਹ, ਛੱਤੀਸਗੜ੍ਹ, ਗੁਜਰਾਤ, ਦਮਨ ਅਤੇ ਦੀਵ, ਉੱਤਰ ਪ੍ਰਦੇਸ਼, ਜੰਮੂ ਅਤੇ ਹੋਰ ਬਹੁਤ ਸਾਰੀਆਂ ਟੀਮਾਂ ਨੇ ਇਸ ਮੁਕਾਬਲੇ 'ਚ ਭਾਗ ਲਿਆ।ਮੁਕਾਬਲੇ ਦੇ ਪਹਿਲੇ ਦਿਨ, ਸਾਰੀਆਂ 40 ਟੀਮਾਂ ਨੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਲੁਧਿਆਣਾ ਦੇ ਸੀਨੀਅਰ ਵਕੀਲਾਂ ਵਾਲੀ 10 ਅਦਾਲਤਾਂ ਦੇ ਡਿਵੀਜ਼ਨ ਬੈਂਚਾਂ ਦੇ ਸਾਹਮਣੇ ਤਿੰਨ ਸ਼ੁਰੂਆਤੀ ਰਾਊਂਡਾਂ ਵਿੱਚ ਭਾਗ ਲਿਆ। ਮੁਲਾਂਕਣ ਦੇ ਵੱਖ-ਵੱਖ ਮਾਪਦੰਡਾਂ 'ਤੇ 6 ਜੱਜਾਂ ਦੇ ਅੰਕਾਂ ਦੇ ਆਧਾਰ 'ਤੇ, ਦੂਜੇ ਦਿਨ ਦੀ ਸਵੇਰ ਨੂੰ ਆਯੋਜਿਤ ਸੈਮੀਫਾਈਨਲ ਲਈ ਚਾਰ ਟੀਮਾਂ ਦੀ ਪਛਾਣ ਕੀਤੀ ਗਈ ਸੀ। ਇਹ ਨਾਕਆਊਟ ਦੌਰ ਸਨ, ਸੈਮੀਫਾਈਨਲ ਅਦਾਲਤਾਂ ਦੀ ਪ੍ਰਧਾਨਗੀ ਸੇਵਾਮੁਕਤ ਸੈਸ਼ਨ ਜੱਜਾਂ ਅਤੇ ਸੀਨੀਅਰ ਵਕੀਲਾਂ ਨੇ ਕੀਤੀ। ਫਾਈਨਲ ਦੀ ਪ੍ਰਧਾਨਗੀ ਜਸਟਿਸ ਐਮ.ਐਸ. ਚੌਹਾਨ (ਸਾਬਕਾ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ), ਐਸ ਕੇ ਅਗਰਵਾਲ (ਸੇਵਾਮੁਕਤ ਸੈਸ਼ਨ ਜੱਜ) ਦੁਆਰਾ ਕੀਤੀ ਗਈ।ਬੈਸਟ ਸਟੂਡੈਂਟ ਐਡਵੋਕੇਟ ਅਤੇ ਸੈਕਿੰਡ-ਬੈਸਟ ਐਡਵੋਕੇਟ ਨੂੰ ਤਿੰਨ ਸ਼ੁਰੂਆਤੀ ਗੇੜਾਂ ਵਿੱਚ ਪ੍ਰਾਪਤ ਕੀਤੇ ਗਏ ਸਾਰੇ 80 ਮੂਟਰਾਂ ਦੇ ਸਕੋਰ ਦੇ ਆਧਾਰ 'ਤੇ ਚੁਣਿਆ ਗਿਆ।ਸਰਬੋਤਮ ਖੋਜਕਰਤਾ ਅਤੇ ਦੂਜੇ-ਸਰਵੋਤਮ ਖੋਜਕਰਤਾ ਦੀ ਪਛਾਣ ਟੀਮਾਂ ਦੁਆਰਾ ਜਮ੍ਹਾਂ ਕਰਵਾਏ ਗਏ ਮੈਮੋਰੀਅਲਾਂ ਨੂੰ ਦਿੱਤੇ ਗਏ ਅੰਕਾਂ ਦੇ ਅਧਾਰ 'ਤੇ ਕੀਤੀ ਗਈ ਅਤੇ ਦੋ ਪ੍ਰੀਖਿਅਕਾਂ ਤੋਂ ਮੁਲਾਂਕਣ ਕੀਤਾ ਗਿਆ।ਇਸ ਮੁਕਾਬਲੇ ਦੀ ਪ੍ਰਧਾਨਗੀ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕੀਤੀ। ਮੈਨੇਜਿੰਗ ਡਾਇਰੈਕਟਰ ਪ੍ਰੋ: ਮਨਹਰ ਅਰੋੜਾ ਅਤੇ ਕਾਲਜ ਦੇ ਡਾਇਰੈਕਟਰ ਡਾ: ਐਸ ਸੀ ਸ਼ਰਮਾ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਜਿਸ ਵਿੱਚ ਆਰਮੀ ਇੰਸਟੀਚਿਊਟ ਆਫ ਲਾਅ ਮੋਹਾਲੀ ਦੀ ਟੀਮ ਜੇਤੂ ਟੀਮ ਅਤੇ ਇੰਸਟੀਚਿਊਟ ਆਫ ਲਾਅ ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਨੂੰ ਉਪ ਜੇਤੂ ਐਲਾਨਿਆ ਗਿਆ।ਦੂਜਾ ਸਰਵੋਤਮ ਵਿਦਿਆਰਥੀ ਐਡਵੋਕੇਟ-ਪੰਜਾਬ ਯੂਨੀਵਰਸਿਟੀ ਆਰ ਸੀ ਲੁਧਿਆਣਾ, ਸਰਵੋਤਮ ਖੋਜਕਾਰ - ਜੀ ਐਚ ਜੀ ਇੰਸਟੀਚਿਊਟ ਆਫ਼ ਲਾਅ, ਲੁਧਿਆਣਾ, ਦੂਜਾ ਸਰਵੋਤਮ ਖੋਜਕਰਤਾ - ਸਿਮਬਾਇਓਸਿਸ ਲਾਅ ਸਕੂਲ, ਪੁਣੇ ਨੂੰ ਮਿਲਿਆ। ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 21,000 ਰੁਪਏ ਦਾ ਇਨਾਮ ਅਤੇ ਟਰਾਫੀ ਅਤੇ ਉਪ ਜੇਤੂ ਟੀਮ ਨੂੰ 11000 ਰੁਪਏ ਦੇ ਇਨਾਮ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਬੈਸਟ ਮੂਟਰ ਅਤੇ ਬੈਸਟ ਰਿਸਰਚਰ ਨੂੰ 5100 ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵੱਖ-ਵੱਖ ਰਾਜਾਂ ਤੋਂ ਆਏ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ।



# ਪੰਡਤ ਸ਼ਰਧਾ ਰਾਮ ਫਿਲੌਰੀ ਦਾ 185ਵਾਂ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ



**ਫਿਲੌਰ, (ਨਿਰਮਲ)** ਵਿਸ਼ਵ ਪ੍ਰਸਿੱਧ ਆਰਤੀ 'ਓਮ ਜੈ ਜਗਦੀਸ਼ ਹਰੇ' ਦੇ ਰਚਨਹਾਰ ਪੰਡਤ ਸ਼ਰਧਾ ਰਾਮ ਫਿਲੌਰੀ ਦਾ 185ਵਾਂ ਜਨਮ ਦਿਹਾੜਾ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਭੁਵੇਸ਼ ਸ਼ਰਮਾ ਵੱਲੋਂ ਪੰਡਤ ਸ਼ਰਧਾ ਰਾਮ ਫਿਲੌਰੀ ਚੈਰੀਟੇਬਲ ਟਰੱਸਟ ਫਿਲੌਰ ਵੱਲੋਂ ਹਵਨ ਯੱਗ ਕਰਵਾਇਆ ਗਿਆ।ਪੰਡਤ ਸ਼ਰਧਾ ਰਾਮ ਫਿਲੌਰੀ ਦੁਆਰਾ ਰਚਿਤ ਵਿਸ਼ਵ ਪ੍ਰਸਿੱਧ ਆਰਤੀ 'ਓਮ ਜੈ ਜਗਦੀਸ਼ ਹਰੇ' ਦਾ ਗਾਇਨ ਕੀਤਾ ਗਿਆ ਅਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ।ਹਾਜ਼ਰ ਵਿਦਵਾਨਾਂ ਨੇ ਪੰਡਿਤ ਜੀ ਦੁਆਰਾ ਲਿਖੇ ਸਾਹਿਤ ਅਤੇ ਉਨ੍ਹਾਂ ਦੀ ਵਿਚਾਰਧਾਰਾ 'ਤੇ ਵਿਸਥਾਰ ਨਾਲ ਚਾਨਣਾ ਪਾਇਆ।ਜ਼ਿਕਰ ਹੈ ਕਿ ਪੰਡਿਤ ਜੀ ਨੇ ਸਮਾਜ ਨੂੰ ਸੇਧ ਦੇਣ ਲਈ ਕ੍ਰਾਂਤੀਕਾਰੀ ਮਾਰਗ 'ਤੇ ਚੱਲਦੇ ਹੋਏ ਕਈ ਕਿਤਾਬਾਂ ਲਿਖੀਆਂ ਅਤੇ ਜੀਵਨ ਭਰ ਸਮਾਜਿਕ ਅਨਿਆਂ ਅਤੇ ਜ਼ੁਲਮ ਵਿਰੁੱਧ ਲੜਾਈ ਲੜੀ।ਇਸ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ, ਮੋਹਿੰਦਰ ਰਾਮ ਪ੍ਰਧਾਨ ਨਗਰ ਕੌਂਸਲ ਫਿਲੌਰ, ਪ੍ਰਮੋਦ ਬਸੰਦ ਰਾਏ, ਵੈਭਵ ਸ਼ਰਮਾ, ਭੂਵੇਸ਼ ਸ਼ਰਮਾ, ਸ਼ੰਕਰ ਸੰਧੂ ਐਮ ਸੀ, ਅਸ਼ੋਕ ਦਤਾਂ, ਡਾ. ਪੂਰਨ ਚੰਦ, ਸੁਮੀਤ, ਅਸ਼ੋਕ, ਸੁਰਿੰਦਰ ਡਾਬਰ, ਰਣਜੀਤ, ਨਵਨੀਤ, ਪ੍ਰਿੰਸ, ਇੰਦਰਜੀਤ, ਲਾਡੀ, ਰਾਜ ਕੁਮਾਰ ਸੰਧੂ ਅਤੇ ਹੋਰ ਹਾਜ਼ਰ ਸਨ।ਇਸ ਮੌਕੇ ਅਤੁੱਟ ਲੰਗਰ ਵਰਤਾਇਆ ਗਿਆ।

# ਸੱਤਾਧਾਰੀ ਭਗਤ ਸਿੰਘ ਨੂੰ ਗੋਦ 'ਚ ਰੱਖ ਉਸ ਦਾ ਗਲਾ ਘੁੱਟਣਾ ਚਾਹੁੰਦੇ : ਹਰਮੇਸ਼ ਮਾਲੜੀ




*ਸੰਬੋਧਨ ਕਰਦੇ ਹੋਏ ਹਰਮੇਸ਼ ਮਾਲੜੀ (ਸੱਜੇ) ਬੈਠੇ ਸਰੋਤੇ*

**ਸ਼ਾਹਕੋਟ (ਗਿਆਨ ਸੈਦਪੁਰੀ)** 'ਜਿੱਥੇ ਸਿਮਰਨਜੀਤ ਸਿੰਘ ਮਾਨ ਵਰਗੇ ਸ਼ਹੀਦ- ਏ- ਆਜ਼ਮ ਭਗਤ ਸਿੰਘ ਨੂੰ ਸ਼ਹੀਦ ਮੰਨਣ ਨੂੰ ਤਿਆਰ ਨਹੀਂ ਉੱਥੇ ਸੱਤਾਧਾਰੀ ਉਸਨੂੰ ਆਪਣੀ ਗੋਦ ਵਿੱਚ ਰੱਖ ਕੇ ਉਸਦੇ ਵਿਚਾਰਾਂ ਦਾ ਗਲਾ ਘੁੱਟਣਾ ਚਾਹੁੰਦੇ ਹਨ'।ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਅਤੇ ਚਿੰਤਕ ਹਰਮੇਸ਼ ਮਾਲੜੀ ਨੇ ਕੀਤਾ।ਉਹ ਤਰਕਸ਼ੀਲ ਸੁਸਾਇਟੀ ਦੀ ਇਕਾਈ ਜਲੰਧਰ ਵੱਲੋਂ ਸ਼ਹੀਦ- ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ 'ਭਗਤ ਸਿੰਘ ਦੀ ਵਿਚਾਰਧਾਰਾ ਤੇ ਅੱਜ ਦੀਆਂ ਹਾਲਾਤਾਂ ਵਿਸ਼ੇ 'ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ।ਉਹਨਾਂ ਕਿਹਾ ਕਿ ਭਗਤ ਸਿੰਘ ਸਾਡਾ ਅਮਰ ਨਾਇਕ ਹੈ ਪਰ ਕਈ ਲੋਕਾਂ ਵੱਲੋਂ ਕਈ ਤਰ੍ਹਾਂ ਦੀਆਂ ਗੱਲਾਂ ਰਾਹੀਂ ਉਸ ਦੇ ਵੱਡੇ ਵਿਅਕਤੀਤਵ ਨੂੰ ਛੋਟਾ ਕਰਨ ਦੀਆਂ ਅਸਫਲ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕੁਝ ਅਖੌਤੀ ਗੀਤਕਾਰਾਂ ਤੇ ਗਾਇਕਾਂ ਵੱਲੋਂ ਉਸ ਦਾ ਵੱਖਰੀ ਤਰ੍ਹਾਂ ਦਾ ਬਿੰਧ ਪੇਸ਼ ਕਰਨ ਦੀ ਕੁਤਾਹੀ ਕੀਤੀ ਜਾ ਰਹੀ ਹੈ।

ਭਗਤ ਸਿੰਘ ਕਿਹੜੇ ਹਾਲਾਤ ਦੀ ਪੈਦਾਵਾਰ ਸੀ, ਬਾਰੇ ਗੱਲ ਕਰਦਿਆਂ ਕਾਮਰੇਡ ਮਾਲੜੀ ਨੇ ਕਿਹਾ ਕਿ 1849 ਵਿੱਚ ਜਦੋਂ ਪੰਜਾਬ ਅੰਗਰੇਜ਼ਾਂ ਦੇ ਅਧੀਨ ਆਉਂਦਾ ਹੈ ਤਾਂ 1606 ਲੱਖ ਪੌਂਡ ਅਨਾਜ ਬਰਤਾਨੀਆ ਪਹੁੰਚਾਇਆ ਜਾਂਦਾ ਹੈ।ਇਸੇ ਤਰ੍ਹਾਂ ਇੱਥੋਂ ਦੀ ਕਪਾਹ ਵੱਡੇ ਪੱਧਰ 'ਤੇ ਅੰਗਰੇਜ਼ ਆਪਣੇ ਦੇਸ਼ ਲੈ ਗਏ।ਸਾਂਝੀ ਮਾਲਕੀ ਦਾ ਵਰਤਾਰਾ ਹਟਾ ਕੇ ਨਿੱਜੀ ਮਾਲਕੀ ਕਰ ਦਿੱਤਾ ਗਿਆ।ਖੇਤੀ ਮਾਮਲਾ ਨਗਦ ਲੈਣਾ ਸ਼ੁਰੂ ਕਰ ਦਿੱਤਾ ਗਿਆ।ਦੋ ਦਹਾਕਿਆਂ ਦੌਰਾਨ 83 ਫੀਸਦੀ ਇੱਥੋਂ ਦਾ ਕਿਸਾਨ ਗਰੀਬੀ ਦੀ ਦਲ ਦਲ ਵਿੱਚ ਫਸ ਗਿਆ। ਪੰਜਾਬ ਸਿਰ 190 ਕਰੋੜ ਰੁਪਏ ਕਰਜ਼ਾ ਚੜ੍ਹ ਗਿਆ।ਇਸ ਤਰ੍ਹਾਂ ਦੇ ਹਾਲਾਤ ਵਿੱਚੋਂ ਗਦਰ ਲਹਿਰ ਉੱਠਦੀ ਹੈ।ਪਗੜੀ ਸੰਭਾਲ ਜੱਟਾ ਲਹਿਰ ਪੈਦਾ ਹੁੰਦੀ ਹੈ।ਆਪਣੀ ਗੱਲ ਨੂੰ ਅੱਗੇ ਤੋਰਦਿਆਂ ਸਾਥੀ ਮਾਲੜੀ ਨੇ ਕਿਹਾ ਕਿ 1911 ਵਿੱਚ ਮੁਲਕ ਵਿੱਚ ਭੁੱਖ ਮਰੀ ਪੈ ਗਈ। ਪੌਣੇ ਤਿੰਨ ਕਰੋੜ ਲੋਕ ਭੁੱਖਮਰੀ ਦੀ ਭੇਟ ਚੜ੍ਹ ਗਏ। 1914 ਵਿੱਚ ਕਾਮਾਗਾਟਾ ਮਾਰੂ ਦਾ ਸਾਕਾ ਵਾਪਰਦਾ ਹੈ। 1919 ਵਿੱਚ ਜਲਿਆਂ ਵਾਲੇ ਬਾਗ ਦਾ ਸਾਕਾ ਵਾਪਰਿਆ ਜਾਲਮਾਂ ਨੇ ਲਗਾਤਾਰ 1600 ਗੋਲੀਆਂ ਚਲਾ ਕੇ ਕਹਿਰ ਵਰਤਾਇਆ।

ਅਜਿਹੇ ਹਾਲਾਤ ਵਿੱਚ ਭਗਤ ਸਿੰਘ ਦੀ ਹੁੰਦੀ ਉਠਾਣ ਦੀ ਗੱਲ ਕਰਦਿਆਂ ਮਾਲੜੀ ਨੇ ਦੱਸਿਆ ਕਿ ਉਹਨਾਂ ਵੇਲਿਆਂ ਵਿੱਚ ਆਜ਼ਾਦੀ ਦੀਆਂ ਦੋ ਧਾਰਾਵਾਂ ਚੱਲਦੀਆਂ ਸਨ। ਦਲਾਲ ਸਰਮਾਏਦਾਰੀ ਆਜ਼ਾਦੀ ਦੇ ਨਾਂ 'ਤੇ ਅੰਗਰੇਜ਼ਾਂ ਕੋਲੋਂ ਆਪਣੇ ਲਈ ਰਿਆਇਤਾਂ ਮੰਗਦੇ ਸੀ ਜਦ ਕਿ ਭਗਤ ਸਿੰਘ ਆਮ ਲੋਕਾਂ ਦੀ ਖੁਸ਼ਹਾਲੀ ਲਈ ਲੜਦਾ ਸੀ।ਭਗਤ ਸਿੰਘ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਸੀ ਕਿ ਸਾਮਰਾਜਵਾਦ ਸਾਰੇ ਮੁਲਕਾਂ ਨੂੰ ਲੁੱਟਣ ਵਾਲੀ ਸੰਸਥਾ ਹੈ, ਇਸ ਕਰਕੇ ਭਗਤ ਸਿੰਘ ਨੇ ਇਨਕਲਾਬ ਜਿੰਦਾਬਾਦ ਦੇ ਨਾਲ ਸਾਮਰਾਜਵਾਦ ਮੁਰਦਾਬਾਦ ਜੋੜਿਆ ਸੀ।ਭਗਤ ਸਿੰਘ ਦਾ ਸੰਕਲਪ ਸੀ ਕਿ ਕਿਰਤੀ ਲੋਕਾਂ ਦਾ ਰਾਜ ਸਥਾਪਿਤ ਕਰਨਾ ਹੈ।

ਭਗਤ ਸਿੰਘ ਦਾ ਹਿੰਸਾਵਾਦੀ ਨਾ ਹੋਣਾ, ਖਿਜਰ ਹਿਆਤ ਖਾਂ ਵਰਗਿਆਂ ਕੋਲ ਇਕ ਲੱਖ ਏਕੜ ਜਮੀਨ ਹੋਣਾ, ਅੰਗਰੇਜ਼ ਦੀ ਢੋਈ ਜਗੀਰਦਾਰ ਹੋਣੇ ਅਤੇ ਹੋਰ ਬਹੁਤ ਸਾਰੀ ਇਤਿਹਾਸਿਕ ਜਾਣਕਾਰੀਆਂ ਦਿੰਦਿਆਂ ਸਾਥੀ ਮਾਲੜੀ ਨੇ ਦੱਸਿਆ ਕਿ ਹਾਲਾਤ ਹੁਣ ਵੀ ਭਗਤ ਸਿੰਘ ਦੇ ਉਭਾਰ ਵਾਲੇ ਵੇਲਿਆਂ ਵਰਗੇ ਹਨ। ਹਾਕਮਾਂ ਵੱਲੋਂ ਦੇਸ਼ ਨੂੰ ਵਿਸ਼ਵ ਗੁਰੂ ਦੱਸਿਆ ਜਾ ਰਿਹਾ ਹੈ। ਹਾਲ ਇਹ ਹੈ ਕਿ ਦੇਸ਼ ਵਿੱਚ 14 ਫੀਸਦੀ ਲੋਕ ਭੁੱਖੇ ਸੌਂਦੇ ਹਨ। ਖੁਦਕਸ਼ੀਆਂ ਦਾ ਦੌਰ ਹੈ।

ਨੌਜਵਾਨ ਸਰਕਾਰ ਦੀਆਂ ਡਾਂਗਾਂ ਖਾ ਰਹੇ ਹਨ। ਨੌਜਵਾਨਾਂ ਨਹਿਰਾਂ 'ਚ ਛਾਲਾਂ ਮਾਰਨ ਲਈ ਮਜਬੂਰ ਕੀਤੇ ਜਾ ਰਹੇ। ਦੇਸ਼ ਵਿੱਚ 119 ਲੋਕ ਅਰਬਪਤੀ ਹਨ। ਕਿਸਾਨਾਂ ਸਿਰ ਇਕ ਲੱਖ ਕਰੋੜ ਕਰਜ਼ਾ ਹੈ।ਸੈਮੀਨਾਰ ਨੂੰ ਤਰਕਸ਼ੀਲ ਆਗੂ ਸੁਖਵਿੰਦਰ ਬਾਗਪੁਰ, ਪ੍ਰੋਫੈਸਰ ਤਰਸੇਮ ਸਾਗਰ, ਦੇਸ ਰਾਜ ਜਾਫਰਵਾਲ, ਬਲਕਾਰ ਸਿੰਘ, ਨਸੀਬ ਚੰਦ ਅਤੇ ਵਿਜੇ ਰਾਹੀ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਸੇਵਾ ਮੁਕਤ ਆਈ ਆਰ ਐਸ ਅਧਿਕਾਰੀ ਗੁਰਦੇਵ ਚੰਦ ਖੋਖਰ, ਪਰਮਜੀਤ ਸਿੰਘ ਕਲਸੀ ਆਦਿ ਵੀ ਹਾਜ਼ਰ ਸਨ।

## ਚੇਅਰਮੈਨ ਜੱਸੀ ਨੇ ਤਰੁਨਪ੍ਰੀਤ ਸੌਂਦ ਨੂੰ ਮੰਤਰੀ ਬਣਨ 'ਤੇ ਦਿੱਤੀ ਵਧਾਈ



**ਨਾਭਾ (ਵਰਿੰਦਰ ਵਰਮਾ)**-ਚੇਅਰਮੈਨ ਜੱਸੀ ਸੋਹੀਆਂਵਾਲਾ ਨੇ ਪੰਜਾਬ ਸਰਕਾਰ ਵੱਲੋਂ ਕੈਬਨਿਟ 'ਚ ਕੀਤੇ ਫੇਰਬਦਲ ਦੌਰਾਨ ਨਵੇਂ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੂੰ ਪੇਂਡੂ ਵਿਕਾਸ ਤੇ ਪੰਚਾਇਤ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਲੇਬਰ, ਨਿਵੇਸ਼, ਉਦਯੋਗ ਤੇ ਵਣਜ ਵਿਭਾਗਾਂ ਦੇ ਮੰਤਰੀ ਬਣਨ 'ਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਵਧਾਈ ਦਿੱਤੀ।ਚੇਅਰਮੈਨ ਜੱਸੀ ਸੋਹੀਆਂਵਾਲਾ ਨੇ ਕਿਹਾ ਕਿ ਨਵੇਂ ਬਣੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੀ ਪੰਜਾਬ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਲਈ ਪਾਰਦਰਸ਼ਤਾ ਨਾਲ ਦਿਨ-ਰਾਤ ਮਿਹਨਤ ਤੇ ਈਮਾਨਦਾਰੀ ਨਾਲ ਕੰਮ ਕਰਨਗੇ।ਉਨ੍ਹਾ ਕਿਹਾ ਕਿ ਸੂਬੇ ਦੇ ਲੋਕਾਂ ਨੂੰ 'ਆਪ' ਸਰਕਾਰ ਤੋਂ ਬਹੁਤ ਆਸਾਂ ਹਨ, ਜਿਸ ਕਰਕੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਨਵੇਂ ਕੈਬਨਿਟ ਮੰਤਰੀ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।ਚੇਅਰਮੈਨ ਜੱਸੀ ਸੋਹੀਆਂਵਾਲਾ ਨੇ ਕਿਹਾ ਕਿ 'ਆਪ' ਹੀ ਇੱਕ ਅਜਿਹੀ ਪਾਰਟੀ ਹੈ, ਜਿਸ 'ਚ ਆਮ ਘਰਾਂ ਦੇ ਨੌਜਵਾਨਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਮਿਲ ਰਹੀਆਂ ਹਨ ਅਤੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਕੰਮ ਕੀਤੇ ਜਾ ਰਹੇ ਹਨ।ਇਸ ਮੌਕੇ ਉਨ੍ਹਾਂ ਨਾਲ ਸਾਬਕਾ ਟਰੱਕ ਯੂਨੀਅਨ ਪ੍ਰਧਾਨ ਦਵਿੰਦਰ ਸਿੰਘ ਕੁਲਾਰਾਂ, ਸਾਬਕਾ ਬਲਾਕ ਪ੍ਰਧਾਨ ਸਤਿਗੁਰ ਸਿੰਘ ਖਹਿਰਾ, ਯੂਥ ਆਗੂ ਗੋਬਿੰਦ ਜੰਡੂ, ਲਾਡੀ ਖਹਿਰਾ, ਦੀਦਾਰ ਸਿੰਘ ਭੰਮ, ਤਰਨੀ ਭੁੱਲਰ, ਹਨੀ ਪਹਾੜਪੁਰ, ਧੀਰਜ ਠਾਕੁਰ, ਜਤਿੰਦਰ ਸਿੰਘ ਸਰਾਓਂ, ਜਸਕਰਨਵੀਰ ਸਿੰਘ ਤੇਜੇ, ਦਰਸ਼ਨ ਸਿੰਘ ਗੁਰਦਿੱਤਪੁਰਾ ਨੇ ਵੀ ਨਵੇਂ ਮੰਤਰੀਆਂ ਨੂੰ ਵਧਾਈ ਦਿੱਤੀ ਤੇ ਖੁਸ਼ੀ 'ਚ ਲੱਡੂ ਵੰਡੇ।

## ਕੌਮਾਂਤਰੀ ਸੀਨੀਅਰ ਸਿਟੀਜ਼ਨਜ਼ ਦਿਵਸ 2 ਨੂੰ



**ਧੂਰੀ (ਸੁਖਦੇਵ ਧੂਰੀ)**-ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸ਼ੀਏਸ਼ਨ ਵੱਲੋਂ ਕੌਮਾਂਤਰੀ ਸੀਨੀਅਰ ਸਿਟੀਜਨ ਦਿਵਸ ਮੌਕੇ 2 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਬਾਰੂ ਮੱਲ ਦੀ ਧਰਮਸ਼ਾਲਾ ਵਿਖੇ ਕਰਾਏ ਜਾਣ ਵਾਲੇ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ਼ ਸ਼ਰਮਾ, ਸੀਨੀਅਰ ਆਗੂਆਂ ਹਰਜਿੰਦਰ ਸਿੰਘ ਢੀਂਡਸਾ, ਗੁਰਦੀਪ ਸਿੰਘ ਸਾਰੋਂ, ਪ੍ਰੇਮ ਸਿੰਘ, ਚਰਨਜੀਤ ਸਿੰਘ, ਗੁਰਦਿਆਲ ਸਿੰਘ ਨਿਰਮਾਣ, ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਨੇ ਦੱਸਿਆ ਕਿ ਪ੍ਰੋਗਰਾਮ ਵਿੱਚ ਉੱਚ ਕੋਟੀ ਦੇ ਵਿਦਵਾਨ ਬੁਲਾਰਿਆਂ ਨੇ ਆਪਣੇ ਵਿਚਾਰ ਰੱਖਣੇ ਹਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਉੱਘੇ ਵਿਦਵਾਨ, ਚਿੰਤਕ ਤੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਲਈ ਜਾਣੇ ਜਾਂਦੇ ਡਾਕਟਰ ਪਿਆਰਾ ਲਾਲ ਗਰਗ ਸੀਨੀਅਰ ਸਿਟੀਜ਼ਨਜ਼ ਦਿਵਸ ਦੇ ਮੌਕੇ ਅਜੋਕੇ ਸਮੇਂ ਵਿੱਚ ਬਜ਼ੁਰਗਾਂ ਦੀ ਹਾਲਾਤ 'ਤੇ ਆਪਣੀ ਗੱਲ ਰੱਖਣਗੇ।ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾਕਟਰ ਏ ਆਰ ਸ਼ਰਮਾ ਸਮਾਜਿਕ ਸਰੋਕਾਰਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ।ਇਸ ਤੋਂ ਇਲਾਵਾ ਸੀਨੀਅਰ ਸਿਟੀਜ਼ਨਾਂ ਨੂੰ ਦਿਲ ਦੀਆਂ ਅਲਾਮਤਾਂ ਤੋਂ ਬਚਾਅ ਤੇ ਤੰਦਰੁਸਤ ਰੱਖਣ ਲਈ ਦਿਲ ਦੇ ਰੋਗਾਂ ਦੇ ਵਿਭਾਗ ਦੇ ਮੁਖੀ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਮਾਹਿਰ ਡਾਕਟਰ ਸੌਰਭ ਸ਼ਰਮਾ ਦਿਲ ਦੇ ਰੋਗਾਂ ਬਾਰੇ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਨਗੇ।

## ਦਿਵਿਆਂਗ ਸਾਡੇ ਸਮਾਜ ਦਾ ਅਨਿੱਖੜਵਾਂ ਅੰਗ : ਜੋਰਵਾਲ



**ਲੁਧਿਆਣਾ (ਰਾਜ ਸਿੰਗਲਾ)**-ਡੀ ਸੀ ਜਤਿੰਦਰ ਜੋਰਵਾਲ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਦਿਵਯਾਂਗ ਕ੍ਰਿਕਟ ਲੀਗ ਦੇ ਸਮਾਪਨ ਸਮਾਰੋਹ ਦੌਰਾਨ ਜੇਤੂਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਟੂਰਨਾਮੈਂਟ ਦੇ ਅਖੀਰਲੇ ਦਿਨ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦਿਵਿਆਂਗ ਸਾਡੇ ਭਾਈਚਾਰੇ ਦਾ ਅਨਿੱਖੜਵਾਂ ਅੰਗ ਹਨ।ਡਿਪਟੀ ਕਮਿਸ਼ਨਰ ਜੋਰਵਾਲ ਵੱਲੋਂ ਵੀ ਲਗਭਗ ਇੱਕ ਘੰਟਾ ਦਿਵਯਾਂਗ ਖਿਡਾਰੀਆਂ ਨਾਲ ਖੇਡਾਂ ਵਿੱਚ ਸ਼ਮੂਲੀਅਤ ਕੀਤੀ ਗਈ ਤੇ ਇਨਾਮ ਵੰਡੇ।ਉਨ੍ਹਾਂ ਦਿਵਿਆਂਗ ਖਿਡਾਰੀਆਂ ਦੀ ਸ਼ਮੂਲੀਅਤ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਪ੍ਰਸ਼ਾਸਨ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਅਣਥੱਕ ਮਿਹਨਤ ਕਰ ਰਿਹਾ ਹੈ।ਉਨ੍ਹਾਂ ਸਮਾਜ ਵਿੱਚ ਉਨ੍ਹਾਂ ਦੀ ਮਹੱਤਤਾ ਤੇ ਹਰ ਕਿਸੇ ਦੇ ਬਰਾਬਰ ਉਹਨਾਂ ਦੇ ਹੱਕਾਂ ਬਾਰੇ ਵੀ ਚਾਨਣਾ ਪਾਇਆ।ਡਿਪਟੀ ਕਮਿਸ਼ਨਰ ਜੋਰਵਾਲ ਨੇ ਲੋਕਾਂ ਨੂੰ ਹਮਦਰਦੀ ਵਾਲਾ ਰਵੱਈਆ ਅਪਣਾਉਣ ਤੇ ਇਨ੍ਹਾਂ ਵਿਅਕਤੀਆਂ ਨਾਲ ਹਮੇਸ਼ਾ ਸਤਿਕਾਰ ਨਾਲ ਪੇਸ਼ ਆਉਣ ਲਈ ਪ੍ਰੇਰਤ ਕੀਤਾ।

## ਨਵ ਭਾਰਤ ਕਲਾ ਮੰਚ ਵੱਲੋਂ ਰਾਮ ਲੀਲ੍ਹਾ ਮੰਚਨ 3 ਤੋਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਗਵਾਨ ਸ੍ਰੀ ਰਾਮ ਜੀ ਦੇ ਜੀਵਨ 'ਤੇ ਅਧਾਰਤ ਰਾਮਲੀਲ੍ਹਾ ਦਾ ਮੰਚਨ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਥਾਨਕ ਗੀਤਾ ਭਵਨ ਵਿਖੇ ਨਵ ਭਾਰਤ ਕਲਾ ਮੰਚ ਵੱਲੋਂ 3 ਅਕਤੂਬਰ ਤੋਂ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲਾ ਮੰਚ ਦੇ ਚੇਅਰਮੈਨ ਜਸਕਰਨ ਬਾਂਸਲ (ਜੱਸੀ ਬਾਬਾ), ਪ੍ਰਧਾਨ ਸੁਰਿੰਦਰ ਧੀਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 3 ਅਕਤੂਰ ਤੋਂ 13 ਅਕਤੂਬਰ ਤੱਕ ਰਾਮਲੀਲ੍ਹਾ ਦਾ ਮੰਚਨ ਕਲਾਕਾਰਾ ਵੱਲੋਂ ਹਰ ਰੋਜ਼ ਰਾਤ ਅੱਠ ਵਜੇ ਤੋਂ ਸਥਾਨਕ ਗੀਤਾ ਭਵਨ ਵਿਖੇ ਕੀਤਾ ਜਾਵੇਗਾ ਤੇ ਇਸ ਦੌਰਾਨ 12 ਅਕਤੂਬਰ ਨੂੰ ਦੁਸਹਿਰੇ ਦਾ ਤਿਉਹਾਰ ਸਥਾਨਕ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ (ਦੁਸਹਿਰਾ ਗਰਾਊਂਡ) ਵਿਖੇ ਮਨਾਇਆ ਜਾਵੇਗਾ, ਜਿਸ ਵਿੱਚ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਇਸ ਮੌਕੇ ਕਲਾ ਮੰਚ ਦਾ ਵਫਦ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੂੰ ਮਿਲਿਆ, ਜਿਨ੍ਹਾਂ ਦੁਸਹਿਰੇ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਭਰੋਸਾ ਦਿੱਤਾ ਤੇ ਡੀ ਐੱਸ ਪੀ ਰਾਮਪੁਰਾ ਫੂਲ ਨੂੰ ਹਦਾਇਤ ਕੀਤੀ ਕਿ ਦੁਸਹਿਰੇ ਤੇ ਰਾਮਲੀਲ੍ਹਾ ਦੌਰਾਨ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਤੇ ਸ਼ਰਾਰਤੀ ਅਨਸਰਾਂ ਨੂੰ ਨਕੇਲ ਪਾਈ ਜਾਵੇ।

## ਜੇ.ਐੱਮ.ਐੱਸ. ਨੇ ਰਫਿਊਜਲ ਦੇ ਬਾਵਜੂਦ ਲਵਾਇਆ ਕੈਨੇਡਾ ਦਾ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਸ਼ਹਿਰ ਦੀ ਮਸ਼ਹੂਰ ਤੇ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਹੁਣ ਤੱਕ ਅਨੇਕਾਂ ਹੀ ਰਫਿਊਜ ਹੋਏ ਕੇਸਾਂ ਨੂੰ ਹੱਲ ਕਰਕੇ ਲੋਕਾਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਪੂਰਾ ਕਰ ਚੁੱਕੀ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਅਰਸ਼ਦੀਪ ਸਿੰਘ ਬਰਾੜ ਪੁੱਤਰ ਸੁਖਵਿੰਦਰ ਸਿੰਘ ਵਾਸੀ ਲੰਘੇਆਣਾ ਪੁਰਾਣਾ ਜ਼ਿਲ੍ਹਾ ਮੋਗਾ ਦਾ 1 ਵਾਰ ਵੀਜ਼ਾ ਰਫਿਊਜ ਹੋਣ ਦੇ ਬਾਵਜੂਦ ਜੇ.ਐੱਮ.ਐੱਸ. ਨੇ ਬਹੁਤ ਹੀ ਜਲਦ ਕੈਨੇਡਾ ਦਾ ਓਪਨ ਵਰਕ ਪਰਮਿਟ ਵੀਜ਼ਾ ਲਗਾ ਕੇ ਉਨ੍ਹਾਂ ਦਾ ਵਿਦੇਸ਼ ਵਿੱਚ ਜਾਣ ਦਾ ਸੁਪਨਾ ਪੂਰਾ ਕੀਤਾ ਹੈ।ਸੰਸਥਾ ਵੱਲੋਂ ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਆਦਿ ਬਹੁਤ ਹੀ ਘੱਟ ਸਮੇਂ ਵਿੱਚ ਲਗਾਏ ਜਾਂਦੇ ਹਨ। ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ੇ ਸਬੰਧੀ ਸਲਾਹ ਦਿੰਦੇ ਹੋਏ ਜਾਣਕਾਰੀ ਸਾਂਝੀ ਕੀਤੀ ਕਿ ਜੇਕਰ ਕਿਸੇ ਦਾ ਵੀਜ਼ਾ ਵਾਰ-ਵਾਰ ਰਫਿਊਜ ਹੋ ਰਿਹਾ ਹੈ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਅਜਿਹੇ ਵੀਜ਼ਾ ਚਾਹਵਾਨ ਇੱਕ ਵਾਰ ਸਲਾਹ ਲੈਣ ਲਈ ਆਪਣੇ ਦਸਤਾਵੇਜ਼ ਸਮੇਤ ਸੰਸਥਾ ਵਿਖੇ ਜ਼ਰੂਰ ਪਹੁੰਚਣ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਹਰਜੀਤ ਸਿੰਘ ਬਰਾੜ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਸ਼ੁੱਭ ਕਾਮਨਾ ਕੀਤੀ।

## ਠੁੱਲੀਵਾਲ 'ਚ ਪਰਮਜੀਤ ਕੌਰ ਨੂੰ ਸਰਬਸੰਮਤੀ ਨਾਲ ਸਰਪੰਚੀ ਦਾ ਉਮੀਦਵਾਰ ਬਣਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਪਿੰਡ ਠੁੱਲੀਵਾਲ ਦੇ ਬਹੁਗਿਣਤੀ ਲੋਕਾਂ ਨੇ ਵੱਡਾ ਗੁਰਦੁਆਰਾ ਸਾਹਿਬ ਵਿਖੇ ਭਰਵੀਂ ਮੀਟਿੰਗ ਕੀਤੀ, ਜਿੱਥੇ ਵਿਚਾਰ ਚਰਚਾ ਕਰਨ ਤੋਂ ਬਾਅਦ ਬੀਬੀ ਪਰਮਜੀਤ ਕੌਰ ਸਿੱਧੂ ਨੂੰ ਸਰਪੰਚ ਲਈ ਉਮੀਦਵਾਰ ਬਣਾ ਦਿੱਤਾ।ਇਸ ਮੌਕੇ ਪਿੰਡ ਵਾਸੀਆਂ ਨੇ ਬੀਬੀ ਪਰਮਜੀਤ ਕੌਰ ਸਿੱਧੂ ਤੇ ਉਨ੍ਹਾਂ ਦੇ ਸਪੁੱਤਰ ਹਰਤੇਜ ਸਿੰਘ ਸਿੱਧੂ ਨੂੰ ਸਿਰਪਾਓ ਦੀ ਬਖਸ਼ਿਸ਼ ਕੀਤੀ।ਇਸ ਮੌਕੇ ਪਿੰਡ ਵਾਸੀਆਂ ਨੇ ਕਿਹਾ ਕਿ ਬੀਬੀ ਪਰਮਜੀਤ ਕੌਰ ਦਾ ਪਰਿਵਾਰ ਪਿੰਡ ਦੇ ਸਾਂਝੇ ਕੰਮਾਂ ਲਈ ਹਮੇਸ਼ਾ ਅੱਗੇ ਹੋ ਕੇ ਕੰਮ ਕਰਦਾ ਹੈ।ਪਿੰਡ ਵਾਸੀਆਂ ਦੇ ਹਰ ਦੁੱਖ-ਸੁੱਖ ਵਿੱਚ ਸਰੀਕ ਹੁੰਦਾ ਹੈ, ਜਿਸ ਕਰਕੇ ਪਿੰਡ ਵਾਸੀਆਂ ਨੇ ਬੀਬੀ ਪਰਮਜੀਤ ਕੌਰ ਸਿੱਧੂ ਨੂੰ ਸਰਪੰਚ ਦਾ ਉਮੀਦਵਾਰ ਬਣਾਇਆ ਹੈ ਤੇ ਸਰਬ-ਸੰਮਤੀ ਲਈ ਪਿੰਡ ਵਾਸੀ ਇੱਕਮੁੱਠ ਹਨ।ਉਨ੍ਹਾਂ ਦੱਸਿਆ ਕਿ ਬੀਬੀ ਪਰਮਜੀਤ ਕੌਰ ਸਿੱਧੂ ਦੇ ਸਪੁੱਤਰ ਹਰਤੇਜ ਸਿੰਘ ਸਿੱਧੂ ਜੋ ਕਿ ਬਹੁ-ਮੰਤਵੀ ਸਹਿਕਾਰੀ ਸਭਾ ਪਿੰਡ ਠੁੱਲੀਵਾਲ ਦੇ ਪ੍ਰਧਾਨ ਹਨ, ਜਿਨ੍ਹਾਂ ਦਾ ਪਿੰਡ ਦੇ ਨੌਜਵਾਨਾਂ ਨਾਲ ਸਨੇਹ ਹੈ।ਇਸ ਮੌਕੇ ਗੱਲਬਾਤ ਕਰਦਿਆਂ ਬੀਬੀ ਪਰਮਜੀਤ ਕੌਰ ਸਿੱਧੂ ਤੇ ਹਰਤੇਜ ਸਿੰਘ ਸਿੱਧੂ ਨੇ ਕਿਹਾ ਕਿ ਉਹ ਪਿੰਡ ਵਾਸੀਆਂ ਵੱਲੋਂ ਕੀਤੇ ਭਰੋਸੇ ਲਈ ਧੰਨਵਾਦ ਕਰਦੇ ਹਨ।ਪਿੰਡ ਵਾਸੀਆਂ ਦੀਆਂ ਉਮੀਦਾਂ 'ਤੇ ਹਮੇਸ਼ਾ ਖਰੇ ਉਤਰਨਗੇ ਤੇ ਪਿੰਡ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾਂ ਕਿਹਾ ਕਿ ਵਾਰਡਾਂ ਵਿੱਚ ਮੈਂਬਰਾਂ ਦੀ ਚੋਣ ਸਰਬਸੰਮਤੀ ਨਾਲ ਕਰਨ ਲਈ ਵੀ ਯਤਨ ਜਾਰੀ ਹਨ, ਤਾਂ ਜੋ ਪਿੰਡ ਵਿੱਚ ਪਿਆਰ, ਸਤਿਕਾਰ ਤੇ ਭਾਈਚਾਰਾ ਬਣਿਆ ਰਹੇ।

# ਵੂਆਇਸ ਆਫ ਮਾਨਸਾ ਦਾ ਵਫਦ ਡੀ ਸੀ ਨੂੰ ਮਿਲਿਆ

■ ਡੀ ਸੀ ਵੱਲੋਂ ਸੀਵਰੇਜ ਤੇ ਰੇਲਵੇ ਸੰਬੰਧੀ ਸਮੱਸਿਆਵਾਂ ਦੇ ਜਲਦੀ ਹੱਲ ਦਾ ਭਰੋਸਾ



**ਮਾਨਸਾ (ਪਮਾਰ)**-ਸਮਾਜਿਕ ਸੰਸਥਾ ਵੂਆਇਸ ਆਫ ਮਾਨਸਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਤੇ ਨਗਰ ਕੌਂਸਲ ਮਾਨਸਾ ਦੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਕਾਕਾ ਦੀ ਅਗਵਾਈ ਵਿੱਚ ਇੱਕ ਵਫਦ ਨੇ ਮਾਨਸਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨਾਲ ਮੁਲਾਕਾਤ ਕਰਕੇ ਸ਼ਹਿਰ ਵਿਚਲੀਆਂ ਮੁੱਖ ਸਮੱਸਿਆਵਾ ਦੇ ਹੱਲ ਜਲਦੀ ਕਰਨ ਦੀ ਮੰਗ ਕੀਤੀ।ਡਾ. ਜਨਕ ਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੈਬਿਨਟ ਮੰਤਰੀ ਗੁਰਮੀਤ ਸਿੰਘ ਖੁੱਡੀਆ ਵੱਲੋਂ ਮਾਨਸਾ ਵਾਸੀਆਂ ਦੀ ਸੀਵਰੇਜ ਦੀ ਸਮੱਸਿਆ ਦੇ ਹੱਲ ਦੀ ਮੰਗ ਲਈ ਜਨਤਕ ਰੂਪ ਵਿੱਚ ਐਲਾਨ ਕੀਤੇ ਜਾਣ ਤੋਂ ਬਾਅਦ ਕੀਤੀ ਗਈ ਕਾਰਵਾਈ ਤੋਂ ਸ਼ਹਿਰ ਵਾਸੀ ਸੰਤੁਸ਼ਟ ਨਹੀਂ ਹਨ ਤੇ ਇਸ ਦੇ ਪੱਕੇ ਹੱਲ ਦੇ ਯਤਨ ਪਹਿਲ ਦੇ ਆਧਾਰ 'ਤੇ ਕੀਤੇ ਜਾਣੇ ਚਾਹੀਦੇ ਹਨ।ਸੋਸ਼ਲਿਸਟ ਪਾਰਟੀ ਦੇ ਆਗੂ ਹਰਿੰਦਰ ਸਿੰਘ ਮਾਨਸ਼ਾਹੀਆ ਨੇ ਸ਼ਹਿਰ ਦੀਆਂ ਸੜਕਾਂ ਵਿੱਚ ਪਏ ਟੋਇਆਂ ਦੀ ਮੁਰੰਮਤ ਦੀ ਮੰਗ ਕੀਤੀ, ਕਿਉਂਕਿ ਇਨ੍ਹਾਂ ਨਾਲ ਸੀਨੀਅਰ ਸਿਟੀਜਨ ਤੇ ਬੱਚਿਆਂ ਨਾਲ ਸੜਕਾਂ 'ਤੇ ਬਹੁਤ ਸਾਰੇ ਹਾਦਸਿਆਂ ਦਾ ਡਰ ਬਣਿਆ ਰਹਿੰਦਾ ਹੈ।ਸੰਸਥਾ ਦੇ ਪ੍ਰੋਜੈਕਟ ਚੇਅਰਮੈਨ ਡਾ. ਲਖਵਿੰਦਰ ਮੂਸਾ ਨੇ ਸ਼ਹਿਰ ਵਿੱਚ ਕਚਹਿਰੀ ਰੋਡ ਤੇ ਬੱਸ ਸਟੈਂਡ ਤਿੰਨਕੋਣੀ ਰੋਡ ਦੇ ਆਲੇ ਦੁਆਲੇ ਨੂੰ ਖੁੱਲ੍ਹਾ ਕਰਕੇ ਦਰੱਖਤ ਲਗਾ ਕੇ ਸ਼ਹਿਰ ਨੂੰ ਵਧੇਰੇ ਖੂਬਸੂਰਤ ਬਣਾਉਣ ਲਈ ਸਰਕਾਰੀ ਪਹਿਲ ਕਦਮੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਰੰਗਕਰਮੀ ਤੇ ਫਿਲਮ ਅਦਾਕਾਰ ਰਾਜ ਜੋਸ਼ੀ ਤੇ ਰਿਟਾਇਰ ਐੱਸ ਡੀ ਓ ਨਰਿੰਦਰ ਸ਼ਰਮਾ ਨੇ ਸ਼ਹਿਰ ਵਿੱਚੋਂ ਰੇਲਵੇ ਪਲੇਟੀ ਬਾਹਰ ਕਰਨ ਤੇ ਚਕੇਰੀਆ ਫਾਟਕ 'ਤੇ ਰੇਲਵੇ ਅੰਡਰ ਬਰਿੱਜ ਬਣਾਉਣ ਲਈ ਸੰਸਥਾ ਵੱਲੋਂ ਪਹਿਲਾਂ ਦਿੱਤੇ ਗਏ ਮੰਗ ਪੱਤਰਾਂ 'ਤੇ ਹੋਈ ਕਾਰਵਾਈ ਬਾਰੇ ਵਿਚਾਰ ਚਰਚਾ ਕੀਤੀ।ਹਰਜੀਵਨ ਸਰਾਂ ਤੇ ਸੰਸਥਾ ਦੇ ਜਨਰਲ ਸਕੱਤਰ ਵਿਸ਼ਵਦੀਪ ਬਰਾੜ ਨੇ ਜ਼ਿਲ੍ਹੇ 'ਚ ਖੇਡ ਐਸੋਸੀਏਸ਼ਨਾਂ ਦਾ ਪੁਨਰਗਠਨ ਕਰਕੇ ਵੱਖ ਵੱਖ ਵਰਗ ਦੇ ਬੱਚਿਆਂ ਲਈ ਟ੍ਰੇਨਿੰਗ ਦੇ ਵੱਧ ਮੌਕੇ ਮੁਹੱਈਆ ਕਰਵਾਉਣ ਦੀ ਗੱਲ ਵੀ ਕੀਤੀ।ਵਫਦ ਦੀਆਂ ਸਾਰੀਆਂ ਮੰਗਾਂ 'ਤੇ ਵਿਚਾਰ ਕਰਨ ਉਪਰੰਤ ਡਿਪਟੀ ਕਮਿਸ਼ਨਰ ਮਾਨਸਾ ਨੇ ਜਾਣਕਾਰੀ ਦਿੱਤੀ ਕਿ ਸ਼ਹਿਰ ਵਿੱਚ ਰੇਲਵੇ ਸਟੇਸ਼ਨ ਤੇ ਰੇਲਵੇ ਵਿਭਾਗ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਲਈ ਰੇਲਵੇ ਵਿਭਾਗ ਨਾਲ ਪੱਤਰ ਵਿਹਾਰ ਕੀਤਾ ਜਾ ਚੁੱਕਾ ਹੈ ਤੇ ਜਲਦੀ ਹੀ ਇਸ ਬਾਰੇ ਕੋਈ ਹੱਲ ਦੀ ਮੀਟਿੰਗ ਹੋਣ ਦੀ ਸੰਭਾਵਨਾ ਹੈ।ਉਨ੍ਹਾਂ ਕਿਹਾ ਕਿ ਸੀਵਰੇਜ ਦੇ ਪਾਣੀ ਦੀ ਨਿਕਾਸੀ ਲਈ ਜ਼ਰੂਰੀ ਟੈਂਡਰ ਲੱਗ ਚੁੱਕੇ ਹਨ ਤੇ ਕੰਮ ਬਹੁਤ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਹੈ।ਡਿਪਟੀ ਕਮਿਸ਼ਨਰ ਵੱਲੋਂ ਦਿੱਤੇ ਭਰੋਸੇ ਤੇ ਹੁਣ ਤੱਕ ਸਮੱਸਿਆਵਾਂ ਦੇ ਹੱਲ ਲਈ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਯਤਨਾਂ 'ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਸੰਸਥਾ ਦੇ ਪ੍ਰਧਾਨ ਡਾ. ਜਨਕ ਰਾਜ ਨੇ ਉਨ੍ਹਾਂ ਦਾ ਧੰਨਵਾਦ ਕੀਤਾ।

# ਸੀ ਪੀ ਆਈ ਐੱਮ ਦੀ ਬਰਾਂਚ ਫੱਤਣਵਾਲਾ ਤੇ ਲੰਡੇ ਰੋਡੇ ਦਾ ਅਜਲਾਸ ਸੰਪੰਨ

**ਕਾਮਰੇਡ ਸੁਖਦੇਵ ਸਿੰਘ ਬ੍ਰਾਂਚ ਲੰਡੇ ਰੋਡੇ ਤੇ ਕਾਮਰੇਡ ਇੰਦਰਜੀਤ ਫੱਤਣਵਾਲਾ ਦੇ ਸਕੱਤਰ ਚੁਣੇ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**

ਸੀ ਪੀ ਆਈ ਐੱਮ ਦੀ ਬਰਾਂਚ ਫੱਤਣਵਾਲਾ ਤੇ ਲੰਡੇ ਰੋਡੇ ਦਾ ਅਜਲਾਸ ਤਹਿਸੀਲ ਸੈਕਟਰੀ ਕਾਮਰੇਡ ਤਰਸੇਮ ਲਾਲ, ਤਹਿਸੀਲ ਕਮੇਟੀ ਮੈਂਬਰ ਹਰਵਿੰਦਰ ਪਾਲ ਤੇ ਰੁਕਮ ਦਾਸ ਦੀ ਦੇਖ ਰੇਖ ਹੇਠ ਪਿੰਡ ਲੰਡੇ ਰੋਡੇ 'ਚ ਹੋਇਆ।ਇਸ ਮੌਕੇ ਝੰਡੇ ਦੀ ਰਸਮ ਕਾਮਰੇਡ ਹਰਨੇਕ ਵੱਲੋਂ ਕੀਤੀ ਗਈ।ਇਸ ਮੌਕੇ ਵਿੱਛੜੇ ਸਾਥੀਆਂ ਪਾਰਟੀ ਜਰਨਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ, ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਕਾਮਰੇਡ ਬੁੱਧ ਦੇਵ ਭੱਟਾਚਾਰੀਆ, ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਇੰਦਰਜੀਤ ਤੇ ਹੋਰ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਸ਼ੁਰੂਆਤੀ ਭਾਸ਼ਣ 'ਚ ਕਾਮਰੇਡ ਤਰਸੇਮ ਲਾਲ ਨੇ ਪਾਰਟੀ ਦੇ ਜਨਰਲ ਸੈਕਟਰੀ ਤੇ ਵਿੱਛੜੇ ਸਾਥੀਆਂ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਕਿਹਾ ਕਿ ਸਾਥੀਆਂ ਦੀ ਬੇਵਕਤੀ ਮੌਤ ਨਾਲ ਦੇਸ਼ ਦੀ ਖੱਬੀ ਧਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਉਨ੍ਹਾਂ ਕਿਹਾ ਕਿ ਦੇਸ਼ 'ਚ ਪਿਛਲੇ ਦਸ ਸਾਲਾਂ ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਬੀਜੇਪੀ ਵੱਲੋਂ ਦੇਸ਼ 'ਚ ਫਿਰਕਾਪ੍ਰਸਤੀ, ਭੁੱਖਮਰੀ, ਬੇਰੁਜ਼ਗਾਰੀ ਤੇ ਮਹਿੰਗਾਈ 'ਚ ਰਿਕਾਰਡ ਤੋੜ ਵਾਧਾ ਹੋਇਆ ਹੈ ਅਤੇ ਕੇਂਦਰ ਤੇ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈਆਂ ਹਨ।ਦੇਸ਼ 'ਚ ਖੱਬੇ ਪੱਖੀ ਨੀਤੀਆਂ ਹੀ ਦੇਸ਼ ਤੇ ਲੋਕਾਂ ਦੇ ਹਿੱਤਾਂ ਦੀ ਰਾਖ਼ੀ ਕਰ ਸਕਦੀਆਂ ਹਨ।ਦੇਸ਼ 'ਚ ਖੱਬੀ ਧਿਰ ਨੂੰ ਮਜ਼ਬੂਤ ਕਰਨ ਦੀ ਵੱਡੀ ਲੋੜ ਹੈ।ਇਸ ਮੌਕੇ ਸਰਬਸੰਮਤੀ ਨਾਲ ਕਾਮਰੇਡ ਸੁਖਦੇਵ ਸਿੰਘ ਨੂੰ ਬ੍ਰਾਂਚ ਲੰਡੇ ਰੋਡੇ ਤੇ ਕਾਮਰੇਡ ਇੰਦਰਜੀਤ ਸਿੰਘ ਨੂੰ ਬ੍ਰਾਂਚ ਫੱਤਣਵਾਲਾ ਦਾ ਸੈਕਟਰੀ ਚੁਣ ਲਿਆ ਗਿਆ।ਕਾਮਰੇਡ ਜੰਗੀਰ ਸਿੰਘ, ਮਲਕੀਤ ਸਿੰਘ, ਹਰਨੇਕ ਸਿੰਘ ਤੇ ਕਾਮਰੇਡ ਲਛਮਣ ਸਿੰਘ ਨੂੰ ਡੈਲੀਗੇਟ ਬਣਾਇਆ ਗਿਆ।ਬੁਲਾਰਿਆਂ ਨੇ ਦੱਸਿਆ ਕਿ ਤਹਿਸੀਲ ਮੁਕਤਸਰ ਦਾ ਅਜਲਾਸ 6 ਅਕਤੂਬਰ ਨੂੰ ਹੋ ਰਿਹਾ ਹੈ।ਇਸ ਮੌਕੇ ਮਿੱਠੂ ਸਿੰਘ, ਟਹਿਲ ਸਿੰਘ, ਬੋਹੜ ਸਿੰਘ ਆਦਿ ਹਾਜ਼ਰ ਸਨ।

## ਮਲੂਕਾ ਲਾਟਰੀ ਮਾਮਲੇ 'ਚ ਮੁੱਖ ਸਾਜ਼ਿਸ਼ਕਰਤਾ ਜੇਲ੍ਹ ਭੇਜਿਆ



**ਬਠਿੰਡਾ (ਰਾਜੀਵ ਗੋਇਲ)**-ਫਰਜ਼ੀ ਲੱਕੀ ਡਰਾਅ ਮਾਮਲੇ 'ਚ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਦਰਜ ਕੀਤੇ ਗਏ ਮੁਕੱਦਮੇ ਤਹਿਤ ਸੀ.ਆਈ.ਏ. (1) ਬਠਿੰਡਾ ਦੀ ਟੀਮ ਵੱਲੋਂ ਮੁੱਖ ਸਾਜ਼ਿਸ਼ਕਰਤਾ ਬਲਕਰਨ ਸਿੰਘ ਨੂੰ ਗ੍ਰਿਫਤਾਰ ਕਰਕੇ ਇੱਕ ਦਿਨਾ ਰਿਮਾਂਡ ਖਤਮ ਹੋਣ ਉਪਰੰਤ ਜੇਲ੍ਹ ਭੇਜ ਦਿੱਤਾ ਗਿਆ।ਜਾਣਕਾਰੀ ਦਿੰਦਿਆਂ ਸੀ.ਆਈ.ਏ. (1) ਦੇ ਇੰਚਾਰਜ ਨਵਦੀਪ ਸਿੰਘ ਨੇ ਦੱਸਿਆ ਕਿ ਉਕਤ ਸਾਜ਼ਿਸ਼ਕਰਤਾ ਬਲਕਰਨ ਸਿੰਘ ਨੂੰ ਗ੍ਰਿਫਤਾਰ ਕਰਕੇ ਇੱਕ ਕਾਰ ਕੀਆ ਸੈਲਟੋਸ, ਕੁਝ ਲਾਟਰੀ ਟਿਕਟਾਂ ਤੇ ਇੱਕ ਟ੍ਰੈਕਟਰ, ਜੋ ਕਿ ਉਕਤ ਸਾਜ਼ਿਸ਼ਕਰਤਾ ਦੀ ਪਤਨੀ ਦੇ ਨਾਮ ਨਾਲ ਸੰਬੰਧਤ ਸੀ, ਬਰਾਮਦ ਕਰਵਾਇਆ ਗਿਆ ਹੈ।ਲਾਟਰੀ ਦੀਆਂ ਟਿਕਟਾਂ ਨੂੰ ਲੈ ਕੇ ਜਿਹੜੇ ਪੈਸੇ ਲੋਕਾਂ ਵੱਲੋਂ ਗੂਗਲ ਪੇ ਕੀਤੇ ਗਏ ਹਨ, ਉਨ੍ਹਾਂ ਸੰਬੰਧੀ ਜਾਣਕਾਰੀ ਦਿੰਦਿਆ ਉਨ੍ਹਾਂ ਦੱਸਿਆ ਕਿ ਉਕਤ ਨੰਬਰਾਂ ਦੀ ਜਾਂਚ ਲਈ ਅੱਗੇ ਰਿਪੋਰਟ ਭੇਜੀ ਗਈ ਹੈ, ਜਿਸ ਦੀ ਜਾਂਚ ਅਗਲੇ ਕੁਝ ਸਮੇਂ ਤੱਕ ਆ ਜਾਵੇਗੀ, ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

# ਬਰਸਾਤ ਕਾਰਨ ਡਿੱਗਿਆ ਮਜ਼ਦੂਰ ਆਗੂ ਗੁਰਵਿੰਦਰ ਬੌੜਾਂ ਦਾ ਘਰ

■ ਪ੍ਰਸ਼ਾਸਨ ਨੇ ਵਿਤਕਰਾ ਕਰਦੇ ਹੋਏ ਆਗੂ ਦਾ ਨਾਂਅ ਕੱਚੇ ਘਰਾਂ ਵਾਲੀ ਲਿਸਟ 'ਚੋਂ ਕੀਤਾ ਬਾਹਰ



**ਨਾਭਾ (ਵਰਿੰਦਰ ਵਰਮਾ)**

ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਪ੍ਰਧਾਨ ਮੁਕੇਸ਼ ਮਲੌਦ ਤੇ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ ਨੇ ਦੱਸਿਆ ਕਿ ਜ਼ੋਨਲ ਸਕੱਤਰ ਗੁਰਵਿੰਦਰ ਸਿੰਘ ਬੌੜਾ ਦੇ ਘਰ ਦੀ ਛੱਤ ਪਿਛਲੇ ਦਿਨੀਂ ਹੋਈ ਬਾਰਸ਼ ਦੌਰਾਨ ਨਕਾਰਾ ਹੋਣ ਕਾਰਨ ਡਿੱਗ ਪਈ ਤੇ ਗੁਰਵਿੰਦਰ ਬੌੜਾਂ ਦਾ ਪਰਵਾਰ ਦਾ ਕੋਈ ਵੀ ਜਾਨੀ ਨੁਕਸਾਨ ਹੋਣ ਤੋਂ ਬਚ ਗਿਆ, ਪਰ ਸਾਮਾਨ ਦਾ ਕਾਫੀ ਨੁਕਸਾਨ ਹੋਇਆ। ਦੱਸਣਯੋਗ ਹੈ ਕਿ ਦਲਿਤ ਮਜ਼ਦੂਰ ਆਗੂ ਗੁਰਵਿੰਦਰ ਬੌੜਾਂ ਪਿਛਲੇ ਲੰਬੇ ਸਮੇਂ ਤੋਂ ਦਲਿਤ ਤੇ ਮਜ਼ਦੂਰਾਂ ਦੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਦੇ ਮੈਦਾਨ ਵਿੱਚ ਹੈ, ਜਿਸ ਵਿੱਚ ਪਿਛਲੇ ਸਮੇਂ ਦੌਰਾਨ ਚੱਲੇ ਮੰਡੌਰ ਦੇ ਜ਼ਮੀਨੀ ਘੋਲ ਤੇ ਤੁੰਗਾਂ ਦੇ ਨਰੇਗਾ ਵਰਕਰਾਂ ਦੀ ਮੌਤ ਦੇ ਘੋਲ ਵਿੱਚ ਗੁਰਵਿੰਦਰ ਬੌੜਾਂ ਨੇ ਮੋਹਰੀ ਰੋਲ ਅਦਾ ਕੀਤਾ ਤੇ ਹੁਣ ਵੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ 20 ਅਗਸਤ ਤੋਂ ਸ਼ੁਰੂ ਕੀਤੇ ਗਏ ਦਲਿਤ ਮੁਕਤੀ ਮਾਰਚ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।

ਇਸੇ ਕਾਰਨ ਨਾਭਾ ਦਾ ਸਿਵਲ ਪ੍ਰਸ਼ਾਸਨ ਉਸ ਨੂੰ ਕੱਚੇ ਘਰ ਤੋਂ ਪੱਕਾ ਕਰਨ ਲਈ ਮਿਲਣ ਵਾਲੀ ਸਹੂਲਤ ਵਿੱਚ ਜਾਤੀਗਤ ਰੰਜਿਸ਼ ਕਾਰਨ ਅੜਿੱਕਾ ਬਣ ਰਿਹਾ ਹੈ। ਇਸ ਘਰ ਦੀ ਖਸਤਾ ਹਾਲਤ ਦਾ ਮਸਲਾ ਆਗੂਆਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਬੀਡੀਪੀਓ ਤੇ ਐੱਸ.ਡੀ.ਐੱਮ. ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ।ਉਨ੍ਹਾਂ ਨੇ ਵਾਰ ਵਾਰ ਭਰੋਸਾ ਦਿੱਤਾ ਕਿ ਗੁਰਵਿੰਦਰ ਨਾਮ ਕੱਚੇ ਘਰਾਂ ਵਾਲੀ ਲਿਸਟ ਵਿੱਚ ਸ਼ਾਮਲ ਕਰ ਦਿੱਤਾ ਹੈ, ਜਦੋਂਕਿ ਗੁਰਵਿੰਦਰ ਬੌੜਾਂ ਇਸ ਸਕੀਮ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਪਰ ਸਮਾਜ ਦੇ ਬਾਕੀ ਦਲਿਤਾਂ ਵਾਂਗ ਮਜ਼ਦੂਰ ਆਗੂ ਗੁਰਵਿੰਦਰ ਬੌੜਾਂ ਨੂੰ ਵੀ ਸਮੇਂ ਦੀਆਂ ਸਰਕਾਰਾਂ ਤੇ ਸਿਵਲ ਪ੍ਰਸ਼ਾਸਨ ਦੇ ਇਸ ਜ਼ਾਤੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ, ਜਿਸ ਦਾ ਪਤਾ ਪਿਛਲੇ ਦਿਨੀਂ 'ਚੋ ਘਰਾਂ ਨੂੰ ਪੱਕੇ ਕਰਨ ਲਈ ਜਾਰੀ ਕੀਤੀ ਗਈ ਲਿਸਟ ਤੋਂ ਲਗਦਾ ਹੈ।ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨਾਭਾ ਪ੍ਰਸ਼ਾਸਨ ਦੇ ਇਸ ਕਾਰੇ ਦੀ ਨਿਖੇਧੀ ਕਰਦੇ ਹੋਏ 'ਕੁਦਰਤੀ ਆਫ਼ਤਾਂ ਰਲੀਫ਼ ਫੰਡ' ਵਿੱਚੋਂ ਘਰ ਦੀ ਮੁੜ ਉਸਾਰੀ ਲਈ ਮੁਆਵਜ਼ੇ ਦੀ ਮੰਗ ਕਰਦੀ ਹੈ।ਜੇਕਰ ਨਾਭੇ ਦੇ ਸਿਵਲ ਪ੍ਰਸ਼ਾਸਨ ਵੱਲੋਂ ਇਸ 'ਤੇ ਬਣਦੀ ਯੋਗ ਕਾਰਵਾਈ ਕਰਕੇ ਦਲਿਤ ਆਗੂ ਨੂੰ ਇਨਸਾਫ ਨਾ ਦਿੱਤਾ ਗਿਆ ਤਾਂ ਨਾਭੇ ਦਾ ਪ੍ਰਸ਼ਾਸਨ ਜਲਦੀ ਹੀ ਤਿੱਖੇ ਐਕਸ਼ਨ ਲਈ ਤਿਆਰ ਰਹੇ।

## ਵਿਦਿਆਰਥੀਆਂ ਦੀ ਫ਼ੀਸ ਲਈ 21 ਹਜ਼ਾਰ ਦਾ ਚੈੱਕ ਸਕੂਲ ਨੂੰ ਸੌਂਪਿਆ



**ਜਲਾਲਾਬਾਦ (ਜੀਤ ਕੁਮਾਰ)**-ਲੋੜਵੰਦ ਹੁਸ਼ਿਆਰ ਵਿਦਿਆਰਥੀਆਂ ਦੀ ਫ਼ੀਸ ਦੇਣ ਲਈ ਅਰੋੜਵੰਸ਼ ਸਭਾ (ਰਜਿ.) ਵੱਲੋਂ ਸਰਵਹਿੱਤਕਾਰੀ ਵਿੱਦਿਆ ਮੰਦਰ ਜਲਾਲਾਬਾਦ ਦੀ ਮੈਨੇਜਮੈਂਟ ਕਮੇਟੀ ਨੂੰ 21 ਹਜਾਰ ਰੁਪਏ ਦੀ ਰਾਸ਼ੀ ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਸਭਾ ਦੇ ਪ੍ਰਧਾਨ ਅਸ਼ਵਨੀ ਮਦਨ, ਸਭਾ ਦੇ ਪ੍ਰਧਾਨ ਖਰੈਤੀ ਲਾਲ ਮੋਗਾ, ਰਾਜ ਸਿਡਾਨਾ, ਰੰਜੀਵ ਦਹੂਜਾ, ਰਾਜੇਸ਼ ਛਾਬੜਾ, ਮਦਨ ਲਾਲ ਗੁੰਬਰ, ਡਾ.ਤਿਲਕ ਰਾਜ, ਸ੍ਰੀਮਤੀ ਰੁਪਾਲੀ ਭੂਮੜਾ ਪ੍ਰਿੰਸੀਪਲ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਜਰ ਸਨ। ਰਾਜੇਸ਼ ਛਾਬੜਾ ਨੇ ਦੱਸਿਆ ਕਿ ਅਰੋੜ ਵੰਸ਼ ਵੱਲੋਂ ਉਕਤ ਸਕੂਲ ਵਿੱਚ ਪੜ੍ਹਦੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਸਹਾਇਤਾ ਕੀਤੀ ਜਾ ਰਹੀ ਹੈ, ਜਿਸ ਤਹਿਤ ਹੀ ਲੋੜਵੰਦ ਬੱਚਿਆਂ ਦੀ ਫ਼ੀਸ ਲਈ 21 ਹਜ਼ਾਰ ਦਾ ਚੈੱਕ ਦਿੱਤਾ ਗਿਆ ਹੈ।

# ਦਾਸ ਤੇ ਬਰਾਊਨ ਅਤੇ ਡੀ ਸੀ ਮਾਡਲ ਦੇ ਵਿਦਿਆਰਥੀਆਂ ਜ਼ਿਲ੍ਹਾ ਪੱਧਰੀ ਤੈਰਾਕੀ ਮੁਕਾਬਲੇ 'ਚ ਜਿੱਤੇ ਮੈਡਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਖੇਡਾਂ ਵਤਨ ਪੰਜਾਬ ਦੀਆ ਜ਼ਿਲ੍ਹਾ ਪੱਧਰੀ ਤੈਰਾਕੀ ਮੁਕਾਬਲੇ ਵਿੱਚ ਡੀ ਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਤੇ ਦਾਸ ਅਤੇ ਬਰਾਊਨ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਸੋਨੇ ਤੇ ਚਾਂਦੀ ਦੇ ਮੈਡਲ ਜਿੱਤ ਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।

ਪ੍ਰਿੰਸੀਪਲ ਯਾਚਨਾ ਚਾਵਲਾ ਤੇ ਪ੍ਰਿੰਸੀਪਲ ਡਾ. ਰਾਜੇਸ਼ ਚੰਦੇਲ ਨੇ ਦੱਸਿਆ ਕਿ ਲੜਕੀਆਂ ਅੰਡਰ-14 ਵਿਚ 7ਵੀਂ ਜਮਾਤ ਦੀ ਗੁਣਤਾਸ ਢੀਂਡਸਾ ਨੇ 50 ਮੀਟਰ ਫ੍ਰੀ ਸਟਾਈਲ ਵਿਚ ਕਾਂਸੇ ਦਾ ਮੈਡਲ, 6ਵੀਂ ਜਮਾਤ ਦੀ ਸ਼ਿਵਲੀ ਰਾਏ ਨੇ 50 ਮੀਟਰ ਤੇ 100 ਮੀਟਰ ਬ੍ਰੈਸਟ ਸਟ੍ਰੋਕ ਵਿੱਚ ਦੋ ਚਾਂਦੀ ਦੇ ਮੈਡਲ ਜਿੱਤੇ, ਅੰਡਰ-17 ਵਿੱਚ ਗਰੇਡ 10 ਦੀ ਹਰਸ਼ਿਤਾ ਨੇ 100 ਤੇ 200 ਮੀਟਰ ਬੈਕ ਸਟ੍ਰੋਕ ਵਿੱਚ ਦੋ ਸੋਨੇ ਦੇ ਮੈਡਲ ਜਿੱਤ ਕੇ ਰਾਜ ਪੱਧਰੀ ਚੈਂਪੀਅਨਸ਼ਿਪ ਵਿੱਚ ਥਾਂ ਬਣਾਈ ਹੈ। ਇਸੇ ਤਰ੍ਹਾਂ ਸੀਨੀਅਰ ਲੜਕੀਆਂ ਦੇ ਵਰਗ ਵਿੱਚ ਐਜੂਕੇਟਰ ਮੇਘਾ ਦੀ ਵੀ ਰਾਜ ਪੱਧਰੀ ਚੈਂਪੀਅਨਸ਼ਿਪ ਵਿੱਚ ਚੋਣ ਹੋਈ ਹੈ, 100 ਮੀਟਰ ਅਤੇ 200 ਮੀਟਰ ਬੈਕ ਸਟ੍ਰੋਕ ਮੁਕਾਬਲੇ ਲਈ ਹੋਏ।ਉਨ੍ਹਾਂ ਦੱਸਿਆ ਕਿ ਅੰਡਰ-14 ਲੜਕਿਆਂ ਵਿੱਚ ਛੇਵੀਂ ਜਮਾਤ ਦੇ ਲਕਸ਼ੇਂਦਰ ਠਾਕੁਰ ਨੇ 50 ਮੀਟਰ ਫਰੀ ਸਟਾਈਲ ਤੇ 50 ਮੀਟਰ ਬ੍ਰੈਸਟ ਸਟ੍ਰੋਕ ਵਿੱਚ ਦੋ ਚਾਂਦੀ ਦੇ ਮੈਡਲ ਜਿੱਤੇ ਹਨ।ਛੇਵੀਂ ਜਮਾਤ ਦੇ ਰਿਯਾਂਸ਼ ਮੋਗਾ ਨੇ 50 ਮੀਟਰ ਬ੍ਰੈਸਟ ਸਟ੍ਰੋਕ ਅਤੇ 200 ਮੀਟਰ ਫਰੀ ਸਟਾਈਲ ਵਿੱਚ ਦੋ ਚਾਂਦੀ ਦੇ ਮੈਡਲ, ਛੇਵੀਂ ਜਮਾਤ ਦੇ ਗੁਰਸ਼ਾਨ ਕੰਬੋਜ ਨੇ 200 ਮੀਟਰ ਫਰੀ ਸਟਾਈਲ ਵਿੱਚ ਕਾਂਸੇ ਦਾ ਮੈਡਲ ਜਿੱਤ ਕੇ ਸੂਬੇ ਲਈ ਸਥਾਨ ਪੱਕਾ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ ਜ਼ਿਲ੍ਹਾ ਪ੍ਰੀਸ਼ਦ ਦੇ ਸਵੀਮਿੰਗ ਪੂਲ ਵਿੱਚ ਹੋਏ।ਇਸ ਮੌਕੇ ਕੋਚ ਨਵਨੀਤ ਭੁੱਲਰ ਤੇ ਮੇਘਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ।

# ਬੀ ਕੇ ਯੂ ਏਕਤਾ ਡਕੌਂਦਾ ਦਾ ਜ਼ਮੀਨ ਬਚਾਓ ਮੋਰਚਾ ਕੁਲਰੀਆਂ ਜਾਰੀ



**ਬੁਢਲਾਡਾ (ਅਸ਼ੋਕ ਲਾਕੜਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਿੱਚ ਚੱਲ ਰਿਹਾ ਕੁੱਲਰੀਆਂ ਜ਼ਮੀਨ ਬਚਾਓ ਮੋਰਚੇ ਵਿੱਚ ਮਾਨਸਾ ਤੋਂ ਇਲਾਵਾ ਜਥੇਬੰਦੀ ਦੇ ਲੁਧਿਆਣਾ ਜ਼ਿਲ੍ਹੇ ਦੀ ਜਥੇਬੰਦੀ ਨੇ ਭਰਵੀਂ ਸ਼ਮੂਲੀਅਤ ਕੀਤੀ।ਅੱਜ ਦੇ ਮੋਰਚੇ ਵਿੱਚ ਜ਼ਿਲ੍ਹਾ ਪ੍ਰਧਾਨ ਲੁਧਿਆਣਾ ਜਗਤਾਰ ਸਿੰਘ ਦੇੜਕਾ, ਇੰਦਰਜੀਤ ਸਿੰਘ ਧਾਲੀਵਾਲ, ਤਰਸੇਮ ਸਿੰਘ ਬਸੂਵਾਲ, ਰਣਵੀਰ ਸਿੰਘ ਤੇ ਹੋਰ ਬਹੁਤ ਸਾਰੇ ਬੁਲਾਰੇ ਸ਼ਾਮਲ ਹੋਏ ਅਤੇ ਮਾਨਸਾ ਜ਼ਿਲ੍ਹੇ ਵੱਲੋਂ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ, ਕੁਲਵੰਤ ਸਿੰਘ ਕਿਸ਼ਨਗੜ੍ਹ, ਜ਼ਿਲ੍ਹਾ ਸਕੱਤਰ ਤਾਰਾ ਚੰਦ ਬਰੇਟਾ, ਬਲਵਿੰਦਰ ਸ਼ਰਮਾ ਖਿਆਲਾ, ਜਗਦੇਵ ਸਿੰਘ ਕੋਟਲੀ ਤੇ ਬੁਢਲਾਡਾ ਬਲਾਕ ਆਗੂ ਜਗਜੀਵਨ ਸਿੰਘ ਹਸਨਪੁਰ, ਬਲਜੀਤ ਸਿੰਘ ਭੈਣੀ ਬਾਘਾ ਤੇ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਕੁਲਰੀਆਂ ਦੇ ਆਬਾਦਕਾਰ ਕਿਸਾਨਾਂ ਦੀ ਜ਼ਮੀਨ ਹਰ ਹਾਲਤ ਬਚਾਈ ਜਾਵੇਗੀ ਤੇ ਮੋਰਚਾ ਅੰਤਿਮ ਜਿੱਤ ਤੱਕ ਲਗਾਤਾਰ ਜਾਰੀ ਰਹੇਗਾ।ਇਕੱਠ ਵਿੱਚ ਕਿਸਾਨ ਬੀਬੀਆਂ ਦੀ ਸ਼ਮੂਲੀਅਤ ਵੀ ਗਿਣਨਯੋਗ ਸੀ ਤੇ ਕਿਸਾਨਾਂ ਨੇ ਰੋਹ ਭਰਪੂਰ ਨਾਹਰੇ ਲਗਾ ਕੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੇ ਵਿਧਾਇਕ ਬੁੱਧ ਰਾਮ ਦਾ ਪਿੱਟ ਸਿਆਪਾ ਕੀਤਾ ਅਤੇ ਸਰਕਾਰ ਦੇ ਭੂ-ਮਾਫੀਆ ਤੇ ਪੁਲਸ ਗੱਠਜੋੜ ਦੀ ਨਿਖੇਧੀ ਕੀਤੀ। ਪਿੰਡ ਦੇ ਸਾਬਕਾ ਸਰਪੰਚ ਰਾਜਵੀਰ ਰਾਜੂ ਵੱਲੋਂ ਜੋ ਗੱਡੀਆਂ ਚੜ੍ਹਾ ਕੇ ਕਿਸਾਨਾਂ ਨੂੰ ਜ਼ਖਮੀ ਕੀਤਾ ਗਿਆ ਸੀ, ਉਸ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ ਗਈ।ਕਿਸਾਨਾਂ ਨੇ ਕਿਹਾ ਕਿ ਪ੍ਰਸ਼ਾਸਨ ਟਾਲ-ਮਟੋਲ ਦੀ ਨੀਤੀ 'ਤੇ ਚੱਲ ਰਿਹਾ ਹੈ ਤੇ ਲਾਰੇ ਲਗਾ ਕੇ ਟਾਈਮ ਪਾਸ ਕਰ ਰਿਹਾ ਹੈ।

ਜਦੋਂਕਿ ਦੋ ਟੁੱਕ ਫੈਸਲਾ ਲੈ ਕੇ ਕਿਸਾਨਾਂ ਦੀ ਜ਼ਮੀਨ 'ਤੇ ਉਨ੍ਹਾਂ ਦਾ ਕਬਜ਼ਾ ਬਹਾਲ ਰੱਖਿਆ ਜਾਵੇ।ਉਨ੍ਹਾਂ ਦੀ 57 ਸਾਲ ਦੀ ਗਰਦੌਰੀ ਬਹਾਲ ਰੱਖੀ ਜਾਵੇ।ਬੁਲਾਰਿਆਂ ਨੇ ਮਾਲਕੀ ਹੱਕ ਦਿੱਤੇ ਜਾਣ ਤੇ ਸਾਰੀਆਂ ਮੰਗਾਂ ਮੰਨੇ ਜਾਣ ਤੱਕ ਮੋਰਚਾ ਜਾਰੀ ਰੱਖਣ ਦਾ ਐਲਾਨ ਕੀਤਾ।

# ਪਸਾਇਮਾ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ, ਆਦਵਿੰਦਰ ਪ੍ਰਧਾਨ ਬਣੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸੂਬੇ ਵਿੱਚ ਖੇਤੀਬਾੜੀ ਦੇ ਔਜਾਰ ਬਣਾਉਣ ਵਾਲੀਆਂ ਫਰਮਾਂ ਦੇ ਮਾਲਕਾਂ ਦੀ ਜਥੇਬੰਦੀ ਪੰਜਾਬ ਸਟੇਟ ਐਗਰੀਕਲਚਰਲ ਇੰਪਲਮੈਂਟਸ ਮੈਨੂਫੈਕਚਰਰਜ਼ ਐਸੋਸੀਏਸ਼ਨ (ਪਸਾਇਮਾ) ਦੀ ਮੀਟਿੰਗ ਪ੍ਰਧਾਨ ਸੰਤੋਖ ਸਿੰਘ ਦੀ ਰਹਿਨੁਮਾਈ ਹੇਠ ਹੋਈ।ਮੀਟਿੰਗ ਦੌਰਾਨ ਫਰਮਾਂ ਦੇ ਮਾਲਕਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਸਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।ਉਪਰੰਤ ਸਰਬ ਸੰਮਤੀ ਨਾਲ ਪਿਛਲੇ 12 ਸਾਲਾਂ ਤੋਂ ਕਾਰਜਕਾਰਨੀ ਦੇ ਮੈਂਬਰ ਚਲੇ ਆ ਰਹੇ ਆਦਵਿੰਦਰ ਸਿੰਘ ਅਮਰ ਨੂੰ ਜਥੇਬੰਦੀ ਦਾ ਪ੍ਰਧਾਨ ਚੁਣਿਆ ਗਿਆ।

ਜਾਣਕਾਰੀ ਦਿੰਦਿਆਂ ਪਾਤੜਾਂ ਦੇ ਪ੍ਰਸਿੱਧ ਕਾਰੋਬਾਰੀ ਗੋਬਿੰਦ ਸਿੰਘ ਵਿਰਦੀ ਪਾਤੜਾਂ ਨੇ ਦੱਸਿਆ ਕਿ ਤਰਨ ਇੰਡਸਟਰੀਜ਼ ਤੋਂ ਐੱਸ ਬੀ ਸਿੰਘ ਤੇ ਰੋਹਿਤ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ, ਜਿਨ੍ਹਾਂ ਬਿਲ ਆਫ ਮਟੀਰੀਅਲ ਤੇ ਗੂਗਲ ਸ਼ੀਟਸ ਬਿਜ਼ਨੈੱਸ ਬਾਰੇ ਜਾਣਕਾਰੀ ਦਿੱਤੀ ਅਤੇ ਸਰਲ ਤਰੀਕੇ ਨਾਲ ਬੀਓਐੱਮ ਬਣਾਉਣ ਦੀ ਸ਼ੁਰੂਆਤ ਕਰਨ ਬਾਰੇ ਦੱਸਿਆ।ਪੀਏਯੂ ਲੁਧਿਆਣਾ ਦੇ ਖੇਤੀਬਾੜੀ ਵਿਭਾਗ ਦੇ ਹੈੱਡ, ਕਾਲਜ ਆਫ਼ ਐਗਰੀਕਲਚਰ ਡਾਕਟਰ ਮਹੇਸ਼ ਨਾਰੰਗ ਨੇ ਵੱਖ ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸੰਸਥਾਵਾਂ ਨਾਲ ਟੈਸਟ ਰਿਪੋਰਟ ਦੇ ਮੁੱਦਿਆਂ ਬਾਰੇ ਗੱਲਬਾਤ ਕੀਤੀ।ਡਾਕਟਰ ਹਰਮਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਵਿਗਿਆਨੀ ਨੇ ਖੇਤੀ ਮਸ਼ੀਨਰੀ ਦੀਆਂ ਚੱਲ ਰਹੀਆਂ ਸਕੀਮਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਪਾਰਕ ਸਾਂਝ ਲਈ ਅਫ਼ਰੀਕਾ ਵਿੱਚ ਭਾਰਤੀ ਮਸ਼ੀਨਰੀ ਨੂੰ ਭੇਜਣ ਦੀਆਂ ਸੰਭਾਵਨਾਵਾਂ ਨੂੰ ਸਾਂਝਾ ਕੀਤਾ।ਹਰਦੀਪ ਸਿੰਘ ਹੈਪੀ ਮੁਖੀ ਸੀ ਆਰ ਐੱਮ ਵਿੰਗ ਤੇ ਤੇਜਿੰਦਰ ਸਿੰਘ ਵਿਰਦੀ ਨੇ ਪਿਛਲੇ 2 ਮਹੀਨਿਆਂ ਤੋਂ ਐਸੋਏਸ਼ਨ ਵੱਲੋਂ ਕੀਤੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਚੱਲ ਰਹੀ ਸੀ ਆਰ ਐੱਮ ਸਕੀਮ ਤੇ ਸਮੈਮ ਸਕੀਮ ਬਾਰੇ ਜਾਣਕਾਰੀ ਸਾਂਝੀ ਕੀਤੀ।ਇੰਡੀਆ ਐਗਰੋ ਐਕਸਪੋ 2024, ਜੋ ਕਿ 5 ਤੋਂ 9 ਦਸੰਬਰ ਨੂੰ ਸਾਹਨੇਵਾਲ ਵਿਖੇ ਹੋਣ ਜਾ ਰਿਹਾ ਹੈ।ਇਸ ਦੌਰਾਨ ਕਪਿਲ, ਲਲਿਤ, ਅਮਨ ਸੇਖੋਂ ਤੇ ਗੁਰਵਿੰਦਰ ਸਿੰਘ ਨੇ ਮੀਟਿੰਗ ਵਿੱਚ ਪਹੁੰਚ ਕੇ ਪ੍ਰਦਰਸ਼ਨੀ ਬਾਰੇ ਜਾਣਕਾਰੀ ਸਾਂਝੀ ਕੀਤੀ।

ਵਾਸਟ ਲਿੰਕਰਜ਼ ਦੇ ਡਾਇਰੈਕਟਰ ਅਮਿਤ ਸ਼ਰਮਾ ਤੇ ਸੁਮਿਤ ਪਾਹੂਜਾ ਨੇ ਵੀ ਮੈਂਬਰਾਂ ਨਾਲ ਦੂਜੇ ਰਾਜਾਂ ਦੀ ਸਰਕਾਰੀ ਨੀਤੀਆਂ, ਸਕੀਮਾਂ ਤੇ ਯੋਜਨਾ ਬਾਰੇ ਜਾਣਕਾਰੀ ਸਾਂਝੀ ਕੀਤੀ।ਬਲਦੇਵ ਸਿੰਘ ਹੁੰਜਣ ਨੇ ਮੀਟਿੰਗ ਵਿੱਚ ਮੈਂਬਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਕੇ, ਮੀਟਿੰਗ ਵਿੱਚ ਹੋਏ ਅਜੰਡਿਆਂ ਬਾਰੇ ਗੱਲਬਾਤ ਕਰਕੇ ਮੀਟਿੰਗ ਦੀ ਸਮਾਪਤੀ ਕੀਤੀ ਤੇ ਸਾਰੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ।

# ਪੰਚਾਇਤੀ ਚੋਣਾਂ 'ਚ ਲੋਕ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣ : ਕਟਾਰੀਆ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨਰਿੰਦਰ ਕਟਾਰੀਆ ਤੇ ਹੋਰ।

**ਮੱਖੂ (ਰਛਪਾਲ ਸਿੰਘ ਸੰਧੂ)**

ਪੰਜਾਬ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਸ਼ਾਂਤਮਈ ਤੇ ਨਿਰਪੱਖ ਤਰੀਕੇ ਨਾਲ ਕਰਵਾਉਣ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਹੋਏ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਨੇ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਉੱਚੀ ਸੋਚ 'ਤੇ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਦਾ ਲਿਆ ਫੈਸਲਾ ਸ਼ਲਾਘਾਯੋਗ ਕਦਮ ਹੈ।ਇਹ ਪਹਿਲਾਂ ਮੌਕਾ ਹੋਵੇਗਾ ਕਿ ਪੰਜਾਬ 'ਚ ਵੱਡੇ ਪੱਧਰ 'ਤੇ ਪੰਚਾਇਤੀ ਚੋਣਾਂ 'ਚ ਸਰਬਸੰਮਤੀਆਂ ਸਾਹਮਣੇ ਆਉਣਗੀਆਂ, ਕਿਉਂਕਿ ਪੰਜਾਬ ਸਰਕਾਰ ਵੱਲੋਂ ਪੰਜ ਲੱਖ ਦੀ ਸਪੈਸ਼ਲ ਗਰਾਂਟ 'ਤੇ ਪਿੰਡ ਦਾ ਸਰਬਪੱਖੀ ਵਿਕਾਸ ਕਰਵਾਉਣ ਦੇ ਲੋਕਾਂ ਨੇ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ।ਨਰਿੰਦਰ ਕਟਾਰੀਆ ਨੇ ਕਿਹਾ ਕਿ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ 'ਚ ਵਿਧਾਨ ਸਭਾ ਹਲਕਾ ਜ਼ੀਰਾ ਦੇ ਪਿੰਡਾਂ ਵਿੱਚ ਸ਼ਾਂਤਮਈ ਤੇ ਨਿਰਪੱਖ ਚੋਣਾਂ ਕਰਵਾਈਆਂ ਜਾਣਗੀਆਂ।ਉਨ੍ਹਾਂ ਪਿੰਡਾਂ ਵਾਲਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਚਾਇਤੀ ਚੋਣਾਂ 'ਚ ਉਹ ਪਿੰਡਾਂ ਵਿੱਚ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣ ਤੇ ਪਿੰਡਾਂ ਵਿੱਚ ਸਰਸਬੰਮਤੀਆਂ ਨਾਲ ਪੰਚ ਸਰਪੰਚ ਬਣਾਉਣ ਤੇ ਵਿਰੋਧੀਆਂ ਦੀਆਂ ਚਾਲਾਂ ਵਿੱਚ ਕੇ ਆਪਸੀ ਭਾਈਚਾਰਕ ਸਾਂਝ ਨੂੰ ਨਾ ਤੋੜਨ।ਇਸ ਮੌਕੇ ਨਰਿੰਦਰ ਕਟਾਰੀਆ ਨਾਲ ਜਰਨੈਲ ਸਿੰਘ ਸੰਧੂ, ਧਰਮਿੰਦਰ ਬਜਾਜ, ਗੁਰਮੇਜ ਸਿੰਘ ਤਲਵੰਡੀ, ਅਜੈਬ ਸਿੰਘ ਅਮੀ ਵਾਲਾ, ਨਿਸ਼ਾਨ ਸਿੰਘ ਅਮੀ ਵਾਲਾ, ਨਿਰਵੈਰ ਸਿੰਘ ਮਲੰਗਸ਼ਾਹ ਵਾਲਾ ਆਦਿ ਹਾਜ਼ਰ ਸਨ।

# ਅਕਾਲੀ ਦਲ ਦੇ ਪੀ ਏ ਸੀ ਮੈਂਬਰ ਤੇ ਕੌਮੀ ਜਨਰਲ ਸਕੱਤਰ ਆਪ 'ਚ ਸ਼ਾਮਲ

**ਪੂਰੀ ਲਗਨ ਤੇ ਇਮਾਨਦਾਰੀ ਨਾਲ ਦਿੱਤਾ ਜਾਵੇਗਾ ਭੁੱਲਰ ਪਰਵਾਰ ਦਾ ਸਾਥ : ਕਾਕਾ ਬਰਾੜ**



ਅਕਾਲੀ ਦਲ ਦੇ ਟਕਸਾਲੀ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਦੇ ਕਾਕਾ ਬਰਾੜ ਤੇ ਹੋਰ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੇ ਅਤਿ ਨਜ਼ਦੀਕੀ ਸ਼੍ਰੋਮਣੀ ਅਕਾਲੀ ਦਲ ਦੀ ਪੀਏਸੀ ਦੇ ਮੈਂਬਰ ਗੁਰਲਾਲ ਸਿੰਘ ਭੁੱਲਰ ਤੇ ਯੂਥ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਗਬੀਰ ਸਿੰਘ ਭੁੱਲਰ ਆਪਣੇ ਸੈਂਕੜੇ ਸਾਥੀਆਂ ਨਾਲ ਅਕਾਲੀ ਦਲ ਛੱਡ ਕੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਇਸ ਦੌਰਾਨ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਦੇ ਚੱਲਦਿਆਂ ਵੱਡੀ ਗਿਣਤੀ ਵਿੱਚ ਲੋਕ ਅਕਾਲੀ ਦਲ ਤੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾ ਕਿਹਾ ਕਿ ਪਿੰਡ ਭੁੱਲਰ ਵਿੱਚ ਵੱਡਾ ਹੁੰਗਾਰਾ ਮਿਲਿਆ ਹੈ ਤੇ ਇਸ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ।ਇਸ ਦੌਰਾਨ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।ਇਸ ਦੌਰਾਨ ਗੁਰਲਾਲ ਸਿੰਘ ਭੁੱਲਰ ਤੇ ਜਗਬੀਰ ਸਿੰਘ ਭੁੱਲਰ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ।

ਉਨ੍ਹਾਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਵਿਸ਼ਵਾਸ ਦੁਆਇਆ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਦਿਨ-ਰਾਤ ਮਿਹਨਤ ਕਰਨਗੇ ਤੇ ਇਮਾਨਦਾਰੀ ਨਾਲ ਪਾਰਟੀ ਦੀ ਸੇਵਾ ਕਰਨਗੇ।ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਨੰਬਰਦਾਰ ਬਗੀਚਾ ਸਿੰਘ, ਬਲਾਕ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੰਬਰਦਾਰ, ਜਤਿੰਦਰ ਮਹੰਤ, ਸਾਬਕਾ ਸਰਪੰਚ ਜਗਦੇਵ ਭੁੱਲਰ, ਜਗਦੀਪ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਚਹਿਲ ਆਦਿ ਹਾਜ਼ਰ ਸਨ।

# ਪੱਤਰਕਾਰਾਂ 'ਤੇ ਸਿਆਸੀ ਹਮਲੇ ਪ੍ਰੈੱਸ ਲਈ ਵੱਡੀ ਚੁਣੌਤੀ : ਬਲਵੀਰ ਜੰਡੂ

■ ਪ੍ਰੈੱਸ ਐਸੋਸੀਏਸ਼ਨ ਮਖੂ ਵੱਲੋਂ ਬਲਵੀਰ ਜੰਡੂ ਦਾ ਗਰਮਜੋਸ਼ੀ ਨਾਲ ਸਵਾਗਤ



**ਮੱਖੂ (ਰਛਪਾਲ ਸਿੰਘ ਸੰਧੂ)**

ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਜੰਡੂ ਦਾ ਮਖੂ ਵਿਖੇ ਪਹੁੰਚਣ 'ਤੇ ਪ੍ਰੈੱਸ ਐਸੋਸੀਏਸ਼ਨ ਮਖੂ ਦੇ ਮੈਂਬਰਾਂ ਵੱਲੋਂ ਬਹੁਤ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਸਬੰਧਤ ਪੀਲੇ ਕਾਰਡ, ਟੋਲ ਟੈਕਸ, ਬੱਸ ਰੇਲਵੇ ਸਹੂਲਤ ਤੋਂ ਇਲਾਵਾ ਸਮੇਂ ਸਮੇਂ 'ਤੇ ਹੋਈਆਂ ਵਧੀਕੀਆਂ ਬਾਰੇ ਚਰਚਾ ਕੀਤੀ ਗਈ।ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਜੰਡੂ ਨੇ ਕਿਹਾ ਕਿ ਜਥੇਬੰਦੀ ਦੇਸ਼ ਭਰ 'ਚ ਪੱਤਰਕਾਰਾਂ ਦਾ ਸੰਗਠਨ ਹੋਰ ਮਜ਼ਬੂਤ ਕਰਨ ਦੇ ਉਪਰਾਲੇ ਕਰ ਰਹੀ ਹੈ।ਪੱਤਰਕਾਰਾਂ 'ਤੇ ਲਗਾਤਾਰ ਹੋ ਰਹੇ ਸਿਆਸੀ ਹਮਲੇ ਪ੍ਰੈੱਸ ਲਈ ਵੱਡੀ ਚਣੌਤੀ ਹੈ ਤੇ ਇਨ੍ਹਾਂ ਨੂੰ ਰੋਕਣ ਲਈ ਲਾਮਬੰਦ ਹੋਣਾ ਜ਼ਰੂਰੀ ਹੈ।ਉਨ੍ਹਾ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਪੱਤਰਕਾਰਾਂ ਨੂੰ ਸਹੂਲਤਾਂ ਦੇਣ ਲਈ ਹੱਥ ਘੁੱਟਿਆ ਹੋਇਆ ਹੈ। ਇਸ ਲਈ ਸਾਨੂੰ ਸਭ ਨੂੰ ਆਪਣੇ ਹੱਕ ਲੈਣ ਲਈ ਇੱਕ ਮੰਚ 'ਤੇ ਇੱਕਠੇ ਹੋਣਾ ਜ਼ਰੂਰੀ ਹੈ।ਇਸ ਮੌਕੇ ਪ੍ਰੈੱਸ ਐਸੋਸੀਏਸ਼ਨ ਮਖੂ ਦੇ ਪ੍ਰਧਾਨ ਕੇਵਲ ਅਹੂਜਾ ਵੱਲੋਂ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਜੰਡੂ ਦਾ ਮਖੂ ਵਿਖੇ ਪਹੁੰਚਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮਖੂ ਵਿਖੇ ਆਉਣ ਨਾਲ ਪ੍ਰੈੱਸ ਐਸੋਸੀਏਸ਼ਨ ਮਖੂ ਦੇ ਪੱਤਰਕਾਰਾਂ ਦਾ ਮਾਣ ਵਧਿਆ ਹੈ ਅਤੇ ਉਮੀਦ ਕੀਤੀ ਕਿ ਪੱਤਰਕਾਰਾਂ ਦੀਆਂ ਜੋ ਵੀ ਮੁਸ਼ਕਲਾਂ ਹਨ, ਉਨ੍ਹਾਂ ਦਾ ਜਲਦ ਹੀ ਹੱਲ ਹੋਵੇਗਾ।ਇਸ ਮੌਕੇ ਪ੍ਰੈੱਸ ਐਸੋਸੀਏਸ਼ਨ ਮਖੂ ਦੇ ਪ੍ਰਧਾਨ ਕੇਵਲ ਅਹੂਜਾ, ਮੀਤ ਪ੍ਰਧਾਨ ਲਖਵਿੰਦਰ ਸਿੰਘ ਵਾਹੀ, ਜਨਰਲ ਸਕੱਤਰ ਸ਼ਬੇਗ ਸਿੰਘ, ਖਜ਼ਾਨਚੀ ਰੂਪ ਲਾਲ ਭੱਟੀ, ਰਛਪਾਲ ਸਿੰਘ ਸੰਧੂ, ਮੇਜਰ ਸਿੰਘ ਥਿੰਦ, ਬਲਵੀਰ ਲਹਿਰਾ, ਕੁਲਵਿੰਦਰ ਸਿੰਘ, ਵਰਿੰਦਰ ਮਨਚੰਦਾ, ਰਜੀਵ ਅਹੂਜਾ, ਪ੍ਰੇਮ ਅਹੂਜਾ, ਲਖਵਿੰਦਰ ਸਿੰਘ ਸੂਬੇਦਾਰ, ਪਰਮਜੀਤ ਸਿੰਘ ਹਾਜ਼ਰ ਸਨ।

1-Oct-PAGE-11-Majha-24-Final.qxd 9/30/2024 10:57 PM Page 1



# 'ਝੋਨੇ ਦੀ ਖਰੀਦ ਨੂੰ ਲੈ ਕੇ ਜ਼ਿਲ੍ਹੇ 'ਚ ਸਾਰੇ ਪ੍ਰਬੰਧ ਮੁਕੰਮਲ, ਕਿਸਾਨਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਵੀ ਪ੍ਰੇਸ਼ਾਨੀ'



ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਅੰਦਰ ਝੋਨੇ ਦੀ ਫਸਲ ਦੀ ਕਟਾਈ ਸ਼ੁਰੂ ਹੋ ਗਈ ਹੈ ਅਤੇ ਸਬੰਧਤ ਵਿਭਾਗਾਂ ਵੱਲੋਂ ਝੋਨੇ ਦੀ ਖਰੀਦ ਨੂੰ ਲੈ ਕੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ, ਜ਼ਿਲ੍ਹਾ ਪਠਾਨਕੋਟ ਅੰਦਰ ਵੀ ਸਥਿਤ 14 ਮੰਡੀਆਂ ਅੰਦਰ ਝੋਨੇ ਦੀ ਖਰੀਦ ਨੂੰ ਲੈ ਕੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ ਅਤੇ ਇਸ ਦੇ ਨਾਲ ਹੀ ਜਿਲ੍ਹੇ ਅੰਦਰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਣ ਲਈ ਕਿਸਾਨਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ।ਇਹ ਪ੍ਰਗਟਾਵਾ ਆਦਿੱਤਿਆ ਉਪਲ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਝੋਨੇ ਦੀ ਖਰੀਦ ਨੂੰ ਲੈ ਕੇ ਆਯੋਜਿਤ ਕੀਤੀ ਗਈ ਮੀਟਿੰਗ ਦੌਰਾਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਜਿੰਦਰ ਸਿੰਘ ਢਿੱਲੋਂ ਐੱਸ.ਐੱਸ.ਪੀ. ਪਠਾਨਕੋਟ, ਹਰਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) , ਅਰਸ਼ਦੀਪ ਸਿੰਘ ਐੱਸ.ਡੀ.ਐੱਮ. ਪਠਾਨਕੋਟ, ਮੇਜਰ ਡਾ. ਸੁਮਿਤ ਮੁਧ ਐੱਸ. ਡੀ. ਐੱਮ. ਧਾਰ ਕਲਾਂ, ਗੁਰਬਾਜ ਸਿੰਘ ਐੱਸ. ਪੀ. ਹੈੱਡਕਵਾਟਰ ਪਠਾਨਕੋਟ, ਸੁਖਜਿੰਦਰ ਸਿੰਘ ਡੀ. ਐੱਸ. ਪੀ. ਗ੍ਰਾਮੀਣ ਆਰ, ਨਛੱਤਰ ਸਿੰਘ ਡੀ. ਐੱਸ. ਪੀ. ਹੈੱਡਕਵਾਟਰ, ਲਖਵਿੰਦਰ ਸਿੰਘ ਡੀ. ਐੱਸ. ਪੀ. ਧਾਰਕਲਾਂ, ਗੁਰਿੰਦਰ ਸਿੰਘ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਅਤੇ ਹੋਰ ਸਬੰਧਤ ਅਧਿਕਾਰੀ ਵੀ ਹਾਜ਼ਰ ਸਨ।ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਸ਼੍ਰੀ ਆਦਿੱਤਿਆ ਉਪਲ ਨੇ ਦੱਸਿਆ ਕਿ ਜਿਲ੍ਹੇ ਅੰਦਰ ਕਿਸਾਨਾਂ ਵੱਲੋਂ ਲਗਾਏ ਗਏ ਝੋਨੇ ਦੀ ਨਿਰਵਿਘਨ ਖਰੀਦ ਕੀਤੀ ਜਾਵੇਗੀ ਅਤੇ ਮੰਡੀਆਂ ਅੰਦਰ ਕਿਸਾਨਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਇਸ ਨੂੰ ਧਿਆਨ ਵਿੱਚ ਰੱਖ ਕੇ ਜਿਲ੍ਹਾ ਪਠਾਨਕੋਟ ਦੀਆਂ 14 ਮੰਡੀਆਂ ਅੰਦਰ ਪੂਰੀ ਵਿਵਸਥਾ ਕਰ ਲਈ ਗਈ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਅੰਦਰ ਰਾਤ ਦੇ ਸਮੇਂ ਸ਼ਾਮ 6 ਵਜੇ ਤੋਂ ਸਵੇਰੇ 9 ਵਜੇ ਤੱਕ ਝੋਨੇ ਦੀ ਕਟਾਈ ਤੇ ਮੁਕੰਮਲ ਪਾਬੰਦੀ ਰਹੇਗੀ ਅਤੇ ਇਸ ਸਮੇਂ ਅੰਦਰ ਅਗਰ ਕੋਈ ਕੰਬਾਇਨ ਝੋਨੇ ਦੀ ਕਟਾਈ ਕਰਦਿਆਂ ਪਾਈ ਗਈ ਤਾਂ ਨਿਯਮਾਂ ਦੇ ਅਧਾਰ ਤੇ ਕਾਰਵਾਈ ਕੀਤੀ ਜਾਵੇਗੀ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵੀ ਅਪੀਲ ਹੈ ਕਿ ਝੋਨੇ ਅੰਦਰ 17 ਪ੍ਰਤੀਸ਼ਤ ਨਮੀ ਨਿਰਧਾਰਤ ਕੀਤੀ ਗਈ ਹੈ ਅਤੇ ਕਿਸਾਨ ਮੰਡੀਆਂ ਅੰਦਰ ਗਿੱਲਾ ਝੋਨਾ ਨਾ ਲੈ ਕੇ ਆਉਣ, ਝੋਨਾ ਚੰਗੀ ਤਰ੍ਹਾਂ ਸੁਕਾ ਕੇ ਹੀ ਮੰਡੀਆਂ ਅੰਦਰ ਲਿਆਂਦਾ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਐੱਸ. ਡੀ. ਐੱਮ. ਧਾਰਕਲਾਂ ਅਤੇ ਪਠਾਨਕੋਟ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਡਵੀਜ਼ਨ ਪੱਧਰ ਤੇ ਅਤੇ ਬਲਾਕ ਪੱਧਰ ਤੇ ਅਧਿਕਾਰੀਆਂ ਨਾਲ ਰੀਵਿਊ ਮੀਟਿੰਗਾਂ ਆਯੋਜਿਤ ਕੀਤੀਆਂ ਜਾਣ ।ਉਨ੍ਹਾਂ ਇਸ ਮੌਕੇ ਸ਼ੈਲਰ ਅਤੇ ਰਾਈਸ ਮਿਲ ਮਾਲਕਾਂ ਨਾਲ ਵੀ ਮੀਟਿੰਗ ਕੀਤੀ ਅਤੇ ਝੋਨੇ ਦੀ ਖਰੀਦ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ।

# ਆਪਸ 'ਚ ਟਕਰਾਉਣ ਨਾਲ ਦੋ ਗੱਡੀਆਂ ਨੁਕਸਾਨੀਆਂ



ਗੁਰਦਾਸਪੁਰ, 30 ਸਤੰਬਰ (ਜਨਕ ਮਹਾਜਨ)-ਬਟਾਲਾ ਨਜ਼ਦੀਕ ਖੜੀ ਪਿੱਛੇ ਇਕ ਗੱਡੀ ਟਕਰਾਉਣ ਨਾਲ ਸੜਕ ਵਿਚ ਹੀ ਦੋ ਗੱਡੀਆਂ ਦੇ ਪਲਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਜਾਣਕਾਰੀ ਦਿੰਦੇ ਹੋਏ ਗੱਡੀ ਮਾਲਕਾਂ ਨੇ ਦੱਸਿਆ ਕਿ ਉਹ ਆਪਣੀ ਗੱਡੀ ਸੜਕ 'ਤੇ ਖੜੀ ਕਰਕੇ ਨਰਸਰੀ ਵਿਚੋਂ ਬੂਟੇ ਲੈਣ ਲਈ ਚਲੇ ਗਏ ਕਿ ਸੜਕ ਤੋਂ ਤੇਜ਼ ਰਫ਼ਤਾਰ ਆਈ ਗੱਡੀ ਨੇ ਸਾਡੀ ਗੱਡੀ ਦੇ ਪਿਛੇ ਟੱਕਰ ਮਾਰ ਦਿੱਤੀ ਜਿਸ ਨਾਲ ਸਾਡੀ ਗੱਡੀ ਸੜਕ ਵਿਚਕਾਰ ਪੁਠੀ ਹੋ ਕੇ ਪਲਟ ਗਈ। ਉਨ੍ਹਾਂ ਸਾਡੀ ਗੱਡੀ ਦਾ ਭਾਰੀ ਨੁਕਸਾਨ ਹੋਇਆ ਹੈ।

ਇਸ ਮੌਕੇ ਪਹੁੰਚੇ ਟਰੈਫ਼ਿਕ ਕਰਮਚਾਰੀਆਂ ਨੇ ਭਾਰੀ ਮੁਸ਼ੱਕਤ ਤੋਂ ਬਾਅਦ ਗੱਡੀ ਨੂੰ ਸਿੱਧਾ ਕਰਵਾਇਆ। ਦੱਸਣਯੋਗ ਹੈ ਕਿ ਇਸ ਸੜਕ ਹਾਦਸੇ ਵਿਚ ਦੋਵਾਂ ਗੱਡੀਆਂ ਦਾ ਕਾਫ਼ੀ ਨੁਕਸਾਨ ਹੋਇਆ ਹੈ।

# ਪੱਤਰਕਾਰਾਂ ਨੇ ਦਿੱਤਾ ਮੁੱਖ ਮੰਤਰੀ ਦੇ ਨਾਂਅ ਡੀ ਸੀ ਰਾਹੀਂ ਮੰਗ ਪੱਤਰ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ): ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਦੇ ਇੱਕ ਵਫਦ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨਾਲ ਮੁਲਾਕਾਤ ਕਰਕੇ ਪੱਤਰਕਾਰਾਂ ਦੀਆਂ ਮੰਗਾਂ ਨੂੰ ਲੈ ਕੇ ਇੱਕ ਮੰਗ ਪੱਤਰ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਦਿੱਤਾ ਤੇ ਡਿਪਟੀ ਕਮਿਸ਼ਨਰ ਨੇ ਵਿਸ਼ਵਾਸ ਦਿਵਾਇਆ ਕਿ ਮੰਗ ਨੰਬਰ 14 ਅਨੁਸਾਰ ਐਸੋਸੀਏਸ਼ਨ ਦੇ ਇੱਕ ਨੁੰਮਾਇੰਦੇ ਨੂੰ ਜਿਲ੍ਹਾ ਸ਼ਕਾਇਤ ਨਿਵਾਰਣ ਕਮੇਟੀ ਵਿੱਚ ਸ਼ਾਮਲ ਕੀਤਾ ਜਾਵੇ।ਵਰਨਣਯੋਗ ਹੈ ਕਿ ਪੰਜਾਬ ਸਰਕਾਰ ਇੱਕ ਪੱਤਰ ਸਬੰਧੀ ਪਹਿਲਾਂ ਹੀ ਡੀ. ਸੀ. ਦਫਤਰ ਨੂੰ ਭੇਜ ਚੁੱਕੀ ਹੈ।ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਦੇ ਪ੍ਰਧਾਨ ਜਸਬੀਰ ਸਿੰਘ ਪੱਟੀ ਦੀ ਅਗਵਾਈ ਹੇਠ ਦਿੱਤੇ ਗਏ ਮੰਗ ਪੱਤਰ ਵਿੱਚ ਜਿਥੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਵੱਲੋਂ ਸਰਕਾਰੀ ਕਾਰਡ ਬਣਾਉਣ ਵਿੱਚ ਵਿਤਕਰਾ ਕਰਨ ਦਾ ਮੁੱਦਾ ਉਠਾਇਆ ਗਿਆ ਹੈ ਉਥੇ ਪ੍ਰੈੱਸ ਕਲੱਬ ਦੀਆਂ ਚੋਣਾਂ ਵਿੱਚ ਹੋਈ ਜਾਅਲੀ ਵੋਟਾਂ ਦੀ ਧਾਂਦਲੀ ਦੇ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿੱਚ ਚੱਲਦੇ ਕੇਸ ਦੇ ਕਾਪੀ ਮਾਨਯੋਗ ਡੀ ਸੀ ਨੂੰ ਦਿੱਤੀ ਗਈ ਤੇ ਉਨ੍ਹਾਂ ਨੇ ਕਿਹਾ ਕਿ ਉਹ ਇਸ ਸਬੰਧੀ ਅਤਿਆਤ ਵਰਤਣਗੇ।ਇਸੇ ਤਰ੍ਹਾਂ ਪੱਤਰਕਾਰਾਂ 'ਤੇ ਹੋ ਰਹੇ ਹਮਲੇ ਤੇ ਪੱਤਰਕਾਰਾਂ ਨੂੰ ਆ ਰਹੀਆਂ ਧਮਕੀਆਂ ਦਾ ਮਾਮਲਾ ਵੀ ਮੁੱਖ ਮੰਤਰੀ ਨੂੰ ਲਿਖੇ ਮੰਗ ਪੱਤਰ ਵਿੱਚ ਉਠਾਇਆ ਗਿਆ ਤੇ ਮੰਗ ਕੀਤੀ ਕਿ ਸਰਕਾਰ ਪੱਤਰਕਾਰਾਂ ਦੀ ਸੁਰੱਖਿਆ ਦਾ ਲੋੜੀਂਦਾ ਪ੍ਰਬੰਧ ਕਰੇ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਤੁਰੰਤ ਕਾਰਵਾਈ ਕਰੇ।ਪ੍ਰੈੱਸ ਕੌਂਸਲ ਦੀਆਂ ਹਦਾਇਤਾਂ ਮੁਤਾਬਕ ਹਰੇਕ ਫੀਲਡ ਵਿੱਚ ਕੰਮ ਕਰਦੇ ਪੱਤਰਕਾਰ ਨੂੰ ਸਰਕਾਰੀ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇ।ਜੇਕਰ ਸਰਕਾਰ ਦਾ ਲੋਕ ਸੰਪਰਕ ਵਿਭਾਗ ਅਜਿਹਾ ਨਹੀ ਕਰਦਾ ਤਾਂ ਲੋਕ ਸੰਪਰਕ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਖਿਲਾਫ ਅਦਾਲਤ ਵਿੱਚ ਮਾਮਲਾ ਲਿਜਾਇਆ ਜਾਵੇਗਾ ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਸਬੰਧਿਤ ਅਧਿਕਾਰੀ ਤੇ ਕਰਮਚਾਰੀ ਹੋਣਗੇ।ਜਿਹੜੇ ਪੱਤਰਕਾਰਾਂ ਕੋਲ ਆਪਣੇ ਮਕਾਨ ਨਹੀਂ ਹਨ ਉਨਾਂ ਨੂੰ ਸਰਕਾਰੀ ਪੱਧਰ ਤੇ ਮਕਾਨ ਦਿੱਤੇ ਜਾਣ ਤਾਂ ਕਿ ਉਹ ਨਿਸਚਿੰਤ ਹੋ ਕੇ ਆਪਣਾ ਕੰਮ ਕਰ ਸਕਣ।ਮੰਗ ਪੱਤਰ ਦੇਣ ਵਾਲਿਆਂ ਵਿੱਚ ਮਹਿਲਾ ਵਿੰਗ ਦੀ ਪ੍ਰਧਾਨ ਮਮਤਾ ਸ਼ਰਮਾ (ਦੇਵਗਨ), ਸਿਮਰਨ ਰਾਜਪੂਤ, ਖੁਸ਼ਬੂ ਸ਼ਰਮਾ, ਜ਼ਿਲ੍ਹਾ ਪ੍ਰਧਾਨ ਰਾਜੇਸ਼ ਸ਼ਰਮਾ ਤੇ ਹਰਦੇਵ ਪ੍ਰਿੰਸ ਤੇ ਸਾਹਿਬ ਸਿੰਘ ਸ਼ਾਮਲ ਸਨ।

# ਦਫਤਰ ਸਿਵਲ ਸਰਜਨ ਅੰਮ੍ਰਿਤਸਰ ਵਿਖੇ 'ਵਿਸ਼ਵ ਦਿਲ ਦਿਵਸ' ਮਨਾਇਆ



ਅੰਮ੍ਰਿਤਸਰ 30 ਸਤੰਬਰ, (ਜਗਦੀਸ਼ ਕਮਲੇਸ਼)-ਸਿਵਲ ਸਰਜਨ ਅੰਮ੍ਰਿਤਸਰ ਡਾ. ਕਿਰਨਦੀਪ ਕੌਰ ਦੀ ਪ੍ਰਧਾਨਗੀ ਹੇਠਾਂ ਦਫਤਰ ਸਿਵਲ ਸਰਜਨ ਅੰਮ੍ਰਿਤਸਰ ਵਿਖੇ ਵਿਸ਼ਵ ਦਿਲ ਦਿਵਸ ਮਨਾਇਆ ਗਿਆ।ਇਸ ਅਵਸਰ ਤੇ ਉਨ੍ਹਾਂ ਵਲੋਂ ਇੱਕ ਜਾਗਰੂਕਤਾ ਪੋਸਟਰ ਰਿਲੀਜ਼ ਕੀਤਾ ਗਿਆ।ਇਸ ਪੋਸਟਰ ਵਿਚ ਆਪਣੇ ਦਿਲ ਨੂੰ ਤੰਦਰੁਸਤ ਰੱਖਣ ਲਈ ਸਾਰੇ ਜ਼ਰੂਰੀ ਨੁਕਤਿਆਂ ਪ੍ਰਤੀ ਜਾਗਰੂਕ ਕੀਤਾ ਗਿਆ ਹੈ।ਇਸ ਅਵਸਰ ਤੇ ਸੰਬੋਧਨ ਕਰਦਿਆਂ ਸਿਵਲ ਸਰਜਨ ਅੰਮ੍ਰਿਤਸਰ ਨੇ ਕਿਹਾ ਇੱਕ ਅੰਕੜੇ ਅਨੁਸਾਰ ਭਾਰਤ ਵਿਚ ਹਰ ਸਾਲ ਤਕਰੀਬਨ 2 ਲੱਖ ਤੋਂ ਵੱਧ ਲੋਕਾਂ ਦੀ ਦਿਲ ਦੀ ਸਰਜਰੀ ਹੋ ਰਹੀ ਹੈ ਤੇ ਹਰ ਸਾਲ 10% ਵਾਧਾ ਹੋ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਸਾਨੂੰ ਹਰ ਦਿਨ 30-45 ਮਿੰਟ ਦੀ ਕਸਰਤ ਕਰਨੀ ਚਾਹੀਦੀ ਹੈ ਜਿਸ ਨਾਲ ਸਰੀਰ ਅਤੇ ਦਿਲ ਤੰਦਰੁਸਤ ਰਹਿੰਦਾ ਹੈ।ਜੇਕਰ ਆਪਣੇ ਦਿਲ ਨੂੰ ਬਿਮਾਰੀਆਂ ਤੋਂ ਬਚਾਉਣਾ ਹੈ ਤਾਂ ਸਾਨੂੰ ਆਪਣੇ ਜੀਵਨ ਵਿਚ ਸਿਹਤ ਪ੍ਰਤੀ ਚੰਗੀਆ ਆਦਤਾਂ ਨੂੰ ਅਪਨਾਉਣੀਆਂ ਚਾਹੀਦੀਆਂ ਹਨ, ਜਿਵੇਂ ਕਿ ਪੌਸ਼ਟਿਕ ਆਹਾਰ ਲੈਣਾਂ, ਆਪਣੇ ਸ਼ਰੀਰ ਦੇ ਭਾਰ ਦੇ ਮੁਤਾਬਿਕ ਕੈਲਰੀਸ ਦਾ ਸੇਵਨ ਕਰਨਾ, ਤਲੇ ਹੋਏ ਭੋਜਨ ਤੋਂ ਪਰਹੇਜ ਕਰਨਾਂ, ਬੱਲਡ ਪ੍ਰੈਸ਼ਰ ਅਤੇ ਸ਼ੂਗਰ ਨੂੰ ਕੰਟਰੋਲ ਵਿਚ ਰੱਖਣਾਂ, ਆਪਣੇ ਆਪ ਨੂੰ ਤਨਾਓ ਤੋਂ ਮੁਕਤ ਰੱਖਣਾਂ, ਤੰਬਾਕੂ ਅਤੇ ਸ਼ਰਾਬ ਦੀ ਵਰਤੋਂ ਤੋਂ ਪਰਹੇਜ ਕਰਨਾਂ, ਨਮਕ ਅਤੇ ਮਿੱਠੇ ਦੀ ਵਰਤੋਂ ਘੱਟ ਕਰਨਾਂ, 40 ਸਾਲ ਦੀ ਉਮਰ ਬਾਦ ਆਪਣਾ ਰੁਟੀਨ ਚੈਕਅਪ ਕਰਵਾਉਣਾਂ ਆਦਿ।ਇਸ ਤੋਂ ਇਲਾਵਾ ਕਦੇ ਵੀ ਸੈਲਫ ਮੈਡੀਕੇਸ਼ਨ ਜਾਂ ਆਪਣੇ ਆਪ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਅਵਸਰ ਤੇ ਸਹਾਇਕ ਸਿਵਲ ਸਰਜਨ ਡਾ. ਰਜਿੰਦਰਪਾਲ ਕੌਰ, ਜ਼ਿਲਾ ਪਰਿਵਾਰ ਭਲਾਈ ਅਫਸਰ ਡਾ. ਨੀਲਮ ਭਗਤ, ਜ਼ਿਲਾ ਟੀਕਾਕਰਨ ਅਫਸਰ ਡਾ. ਭਾਰਤੀ ਧਵਨ, ਡਾ. ਮਨਮੀਤ ਕੌਰ, ਡਾ. ਹਰਜੋਤ ਕੌਰ, ਡਾ. ਨਵਦੀਪ ਕੌਰ, ਡਾ. ਰਾਘਵ ਗੁਪਤਾ, ਡਾ. ਸੁਨੀਤ ਗੁਰਮ ਗੁਪਤਾ, ਡਾ. ਵਨੀਤ ਕੌਰ ਜ਼ਿਲਾ ਐੱਮਈਆਈਓ ਅਮਰਦੀਪ ਸਿੰਘ, ਸਹਾਇਕ ਕਮਿਸ਼ਨਰ ਫੂਡ ਰਜਿੰਦਰਪਾਲ ਸਿੰਘ, ਸੁਪਰਡੈਂਟ ਰਾਜੀਵ ਕੁਮਾਰ, ਸੰਜੀਵ ਕੁਮਾਰ ਜ਼ਿਲਾ ਅਕਾਊਂਟੈਂਟ ਅਫਸਰ ਮਲਵਿੰਦਰ ਸਿੰਘ, ਰਸ਼ਪਾਲ ਸਿੰਘ ਅਤੇ ਸਮੂਹ ਸਟਾਫ ਸ਼ਾਮਿਲ ਹੋਏ।

# ਪਰਾਲੀ ਨੂੰ ਅੱਗ ਲਗਾਉਣ ਦੇ ਕੇਸਾਂ 'ਚ ਪਿਛਲੇ ਸਾਲ ਨਾਲੋਂ ਸੌ ਕੇਸਾਂ ਦੀ ਕਮੀ ਆਈ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਕੀਤੀਆਂ ਜਾ ਰਹੀਆਂ ਦਿਨ ਰਾਤ ਕੋਸ਼ਿਸ਼ਾਂ ਦਾ ਨਤੀਜਾ ਹੈ ਕਿ ਇਸ ਸਾਲ ਪਿਛਲੇ ਸਾਲ ਨਾਲੋਂ ਹੁਣ ਤੱਕ ਅੱਗ ਦੇ ਕਰੀਬ 100 ਕੇਸ ਘੱਟ ਆਏ ਹਨ।ਇਹ ਪ੍ਰਗਟਾਵਾ ਕਰਦੇ ਐਕਸੀਅਨ ਪ੍ਰਦੂਸ਼ਣ ਕੰਟਰੋਲ ਬੋਰਡ ਸੁਖਦੇਵ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ 30 ਸਤੰਬਰ ਤੱਕ 174 ਕੇਸ ਪਰਾਲੀ ਨੂੰ ਅੱਗ ਲਗਾਉਣ ਦੇ ਆ ਚੁੱਕੇ ਸਨ, ਜਦ ਕਿ ਇਸ ਸਾਲ ਕੇਵਲ 71 ਕੇਸ ਉਪਗ੍ਰਹਿ ਨੇ ਰਿਪੋਰਟ ਕੀਤੇ ਹਨ, ਜਿਨਾਂ ਵਿੱਚੋਂ ਸਾਰੀਆਂ ਹੀ ਥਾਵਾਂ ਉੱਤੇ ਸਾਡੇ ਨੋਡਲ ਅਧਿਕਾਰੀਆਂ ਨੇ ਪਹੁੰਚ ਕਰਕੇ ਜਾਂਚ ਕੀਤੀ ਹੈ ਜਿਸ ਵਿੱਚੋਂ 36 ਥਾਵਾਂ ਉੱਤੇ ਅੱਗ ਲੱਗੀ ਪਾਈ ਗਈ ਅਤੇ ਇਨਾਂ ਕਿਸਾਨਾਂ ਨੂੰ 92 ਹਜ਼ਾਰ 500 ਰੁਪਏ ਦਾ ਜੁਰਮਾਨਾ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਜੁਰਮਾਨਾ ਉਗਰਾਹੁਣ ਵਿੱਚ ਵੀ ਇਸ ਸਾਲ ਪਿਛਲੇ ਸਾਲ ਨਾਲੋਂ ਤੇਜ਼ੀ ਹੈ ਅਤੇ ਹੁਣ ਤੱਕ 80 ਹਜ਼ਾਰ ਰੁਪਏ ਕਿਸਾਨਾਂ ਕੋਲੋਂ ਜੁਰਮਾਨੇ ਵਜੋਂ ਵਸੂਲੇ ਜਾ ਚੁੱਕੇ ਹਨ।ਸੁਖਦੇਵ ਸਿੰਘ ਨੇ ਦੱਸਿਆ ਕਿ ਅੱਜ ਤੱਕ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿੱਚ 28 ਰੈਡ ਐਂਟਰੀਆਂ ਵੀ ਕੀਤੀਆਂ ਗਈਆਂ ਹਨ।ਦੱਸਣ ਯੋਗ ਹੈ ਕਿ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਲਗਾਤਾਰ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਅਧਿਕਾਰੀਆਂ ਦੀਆਂ ਮੀਟਿੰਗਾਂ ਲੈ ਰਹੇ ਹਨ ਅਤੇ ਕੱਲ ਉਨਾਂ ਨੇ ਜ਼ਿਲਾ ਪੁਲਸ ਮੁਖੀ ਨੂੰ ਨਾਲ ਲੈ ਕੇ ਕਈ ਪਿੰਡਾਂ ਦਾ ਦੌਰਾ ਕਰਕੇ ਖੇਤਾਂ ਤੱਕ ਪਹੁੰਚ ਕੀਤੀ ਹੈ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਮੁੱਖ ਦਫਤਰ ਵਿਖੇ ਮੀਟਿੰਗਾਂ ਲਈ ਪਹੁੰਚੇ ਐੱਸਡੀਐੱਮ, ਤਹਿਸੀਲਦਾਰ ਅਤੇ ਹੋਰ ਅਧਿਕਾਰੀਆਂ ਨੂੰ ਡਿਪਟੀ ਕਮਿਸ਼ਨਰ ਨੇ ਕੰਮ ਤੋਂ ਤੁਰੰਤ ਵਿਹਲੇ ਕਰਕੇ ਉਨ੍ਹਾਂ ਨੂੰ ਪਰਾਲੀ ਦੀ ਅੱਗ ਰੋਕਣ ਲਈ ਖੇਤਾਂ ਵਿੱਚ ਜਾਣ ਦੇ ਨਿਰਦੇਸ਼ ਦਿੱਤੇ ।ਲਗਾਤਾਰ ਉਨ੍ਹਾਂ ਵੱਲੋਂ ਰੱਖੀ ਜਾ ਰਹੀ ਇਸ ਤਿੱਖੀ ਨਜ਼ਰ ਦਾ ਨਤੀਜਾ ਹੈ ਕਿ ਪਿੰਡ ਪੱਧਰ ਉੱਤੇ ਲਗਾਏ ਹੋਏ ਨੋਡਲ ਅਧਿਕਾਰੀ ਜਦੋਂ ਵੀ ਕਿਧਰੇ ਅੱਗ ਦੀ ਸ਼ਿਕਾਇਤ ਮਿਲਦੀ ਹੈ ਤਾਂ ਉਹ ਮੌਕੇ ਉਤੇ ਪਹੁੰਚ ਕੇ ਕਾਰਵਾਈ ਕਰਦੇ ਹਨ ਅਤੇ ਕਿਸਾਨਾਂ ਨੂੰ ਸਮਝਾਉਂਦੇ ਹਨ।ਇਸ ਤੋਂ ਇਲਾਵਾ ਹਰੇਕ ਪਿੰਡ ਵਿੱਚ ਗੁਰਦੁਆਰਾ ਸਾਹਿਬਾਨ ਤੋਂ ਲਗਾਤਾਰ ਅਨਾਊਂਸਮੈਂਟਾਂ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦਾ ਹੋਕਾ ਦਿੱਤਾ ਜਾ ਰਿਹਾ ਹੈ।

# ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਨੇ ਕਿਰਤ ਵਿਭਾਗ ਦਫ਼ਤਰ ਅੱਗੇ ਕੀਤਾ ਰੋਸ ਪ੍ਰਦਰਸ਼ਨ



ਬਟਾਲਾ (ਤਰਲੋਕ ਬੱਗਾ)-ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਸਬੰਧਤ ਸੀਟੀਯੂ ਪੰਜਾਬ ਵਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਜਗੀਰ ਸਿੰਘ ਕਿਲ੍ਹਾ ਲਾਲ ਸਿੰਘ, ਦਤਾਰ ਸਿੰਘ ਠੱਕਰਸੰਧੂ ਦੀ ਅਗਵਾਈ ਹੇਠ ਕਿਰਤ ਵਿਭਾਗ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕਰਕੇ ਸਹਾਇਕ ਕਿਰਤ ਕਮਿਸ਼ਨਰ ਬਟਾਲਾ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ,ਲੇਬਰ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ।ਇਸ ਮੌਕੇ ਹੋਏ ਇਕੱਠ ਨੂੰ ਸੈਂਟਰ ਆਫ ਟਰੇਡ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਮਾਰੂ ਨੀਤੀਆਂ ਕਾਰਨ ਕਿਰਤ ਵਿਭਾਗ ਪੰਜਾਬ ਵਲੋਂ ਨਿਰਮਾਣ ਮਜ਼ਦੂਰਾਂ ਨੂੰ ਰਜਿਸਟਰਡ/ਨਵੀਨੀਕਰਨ ਕਰਨ ਅਤੇ ਹਰ ਤਰ੍ਹਾਂ ਦੇ ਲਾਭ ਦੇਣ ਲਈ ਸਾਲ 2017 ਤੋਂ ਸਾਰਾ ਕੰਮ ਆਨ-ਲਾਈਨ ਕੀਤਾ ਹੋਇਆ ਹੈ ਜਿਸ ਦੇ ਕਾਰਨ ਰਜਿਸਟ੍ਰੇਸ਼ਨ ਦਾ ਕੰਮ ਬਹੁਤ ਘੱਟ ਗਿਆ ਅਤੇ ਨਵੀਨੀਕਰਨ ਦਾ ਕੰਮ ਵੀ ਸਿਰੇ ਨਹੀਂ ਚੜ ਰਿਹਾ ।ਨਿਰਮਾਣ ਮਜ਼ਦਰਾਂ ਵਿੱਚੋਂ ਬਹੁਤ ਘੱਟ ਮਜ਼ਦੂਰ ਪੜ੍ਹੇ ਲਿਖੇ ਹਨ ਇਸ ਕਰਕੇ ਮਜ਼ਦੂਰ, ਆਪਣੇ ਆਪ ਨੂੰ ਰਜਿਸਟਰਡ ਨਹੀਂ ਕਰਵਾ ਪਾਉਂਦੇ ਹਨ।ਨਿਰਮਾਣ ਮਜ਼ਦੂਰਾਂ ਨੂੰ ਆਪਣੇ ਲਾਭ ਪ੍ਰਾਪਤ ਕਰਨ ਲਈ ਬਹੁਤ ਖੱਜਲ-ਖੁਆਰ ਹੋਣਾ ਪੈਂਦਾ ਹੈ। ਪੰਜਾਬ ਵਿੱਚ ਪਹਿਲਾਂ 2600 ਦੇ ਕਰੀਬ ਸੇਵਾ ਕੇਂਦਰ ਸਨ ਅਤੇ ਪਿੱਛਲੀ ਕਾਂਗਰਸ ਸਰਕਾਰ ਨੇ ਇਹਨਾਂ ਵਿਚੋਂ 2100 ਸੇਵਾ ਕੇਂਦਰ ਬੰਦ ਕਰ ਦਿੱਤੇ ਅਤੇ ਹੁੱਣ ਕੇਵਲ 516 ਸੇਵਾ ਕੇਂਦਰ ਹੀ ਚੱਲ ਰਹੇ ਹਨ।ਇਨ੍ਹਾਂ ਸੇਵਾ ਕੇਂਦਰਾਂ ਵਿੱਚ ਪਹਿਲਾਂ ਹੀ ਕੰਮ ਦਾ ਬਹੁਤ ਬੋਝ ਹੈ ਅਤੇ 300 ਦੇ ਕਰੀਬ ਸੇਵਾਵਾਂ ਦੇਣ ਕਾਰਨ ਨਿਰਮਾਣ ਮਜ਼ਦੂਰਾਂ ਦਾ ਕੰਮ ਸਮੇਂ ਸਿਰ ਨਹੀ ਹੁੰਦਾ ।ਇਸ ਕਰਕੇ ਲੱਖਾਂ ਨਿਰਮਾਣ ਮਜ਼ਦੂਰ ਆਪਣੇ ਲਾਭ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।ਮਜ਼ਦੂਰਾਂ ਨੂੰ ਰਜਿਸਟਰਡ ਕਰਨ/ਨਵੀਨੀਕਰਨ ਅਤੇ ਹਰ ਤਰ੍ਹਾਂ ਦੇ ਲਾਭ ਦੇਣ ਲਈ ਆਨ-ਲਾਈਨ ਦੇ ਨਾਲ-ਨਾਲ ਆਫ-ਲਾਈਨ ਵੀ ਕੀਤਾ ਜਾਵੇ ਅਤੇ ਬੇਲੋੜੀਆਂ ਸ਼ਰਤਾਂ ਖਤਮ ਕੀਤੀਆ ਜਾਣ।ਇਸ ਰੋਸ ਪ੍ਰਦਰਸ਼ਨ ਨੂੰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਸਹਾਇਕ ਸਕੱਤਰ ਸਾਥੀ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਸੰਬੋਧਨ ਕੀਤਾ।ਉਪਰੋਕਤ ਆਗੂਆਂ ਤੋਂ ਇਲਾਵਾ ਅਵਤਾਰ ਸਿੰਘ ਟਾਹਲੀ ਖੁਸਰ, ਸਤਨਾਮ ਸਿੰਘ ਦਕੋਹਾ, ਸੰਤੋਖ ਸਿੰਘ ਜੌੜੀਆਂ ਖੁਰਦ, ਬਲਦੇਵ ਸਿੰਘ ਕਾਦੀਆਂ, ਪਰਵੇਜ਼ ਮਸੀਹ ਕਾਲਾ ਅਫਗਾਨਾ, ਤਰਸੇਮ ਮਸੀਹ ਫੱਤੇਵਾਲ, ਸੁਖਵਿੰਦਰ ਸਿੰਘ ਕਿਲ੍ਹਾ ਲਾਲ ਸਿੰਘ, ਦਲਜੀਤ ਸਿੰਘ ਸੌਂਖੀ ਆਦਿ ਹਾਜ਼ਰ ਸਨ।

# ਏਡੀਸੀ ਅੰਮ੍ਰਿਤਸਰ ਨੇ ਵੱਖ-ਵੱਖ ਪਿੰਡਾਂ 'ਚ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਕੀਤਾ ਜਾਗਰੂਕ



ਮਜੀਠਾ (ਸੋਇਮ ਆਨੰਦ)-ਪੰਜਾਬ ਸਰਕਾਰ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਝੋਨੇ ਦੀ ਪਰਾਲੀ ਨੂੰ ਖੇਤਾਂ ਵਿਚ ਅੱਗ ਨਾ ਲਾ ਕੇ ਖੇਤਾਂ ਨੂੰ ਵਾਹੁਣ ਵਾਸਤੇ ਵੱਖ-ਵੱਖ ਤਰੀਕਿਆਂ ਨਾਲ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਸਿਲਸਿਲੇ ਤਹਿਤ ਮਜੀਠਾ ਹਲਕੇ ਦੇ ਵੱਖ-ਵੱਖ ਪਿੰਡਾਂ ਜਿਵੇ ਕਿ ਡੱਡੀਆਂ, ਕਲੇਰ, ਅਜਾਇਬਵਾਲੀ, ਸਾਮਨਗਰ, ਨਾਗ ਕਲਾਂ, ਹਰੀਆਂ, ਜਲਾਲਪੁਰਾ ਮਜੀਠਾ ਦਿਹਾਤੀ ਆਦਿ ਪਿੰਡਾਂ ਵਿਖੇ ਵਧੀਕ ਡਿਪਟੀ ਕਮਿਸਨਰ ਅੰਮ੍ਰਿਤਸਰ ਜੋਤੀ ਬਾਲਾ ਨੇ ਆਪ ਜਾ ਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਖੇਤਾਂ ਵਿਚ ਵਾਹੁਣ ਲਈ ਜਾਗਰੂਕ ਕੀਤਾ। ਉਨ੍ਹਾਂ ਦੇ ਨਾਲ ਐੱਸ. ਡੀ. ਐੱਮ. ਮਜੀਠਾ ਸੋਨਮ ਆਈ. ਏ. ਐੱਸ, ਡੀ. ਐੱਸ. ਪੀ. ਮਜੀਠਾ ਜਸਪਾਲ ਸਿੰਘ ਢਿੱਲੋਂ, ਨਾਇਬ ਤਹਿਸੀਲਦਾਰ ਜਸਬੀਰ ਸਿੰਘ, ਬਲਾਕ ਖੇਤੀਬਾੜੀ ਅਫਸਰ ਡਾ: ਦਿਲਬਾਗ ਸਿੰਘ ਭੱਟੀ, ਖੇਤੀਬਾੜੀ ਵਿਸਥਾਰ ਅਫਸਰ ਅਮਰਦੀਪ ਸਿੰਘ ਗਿੱਲ ਮਜੀਠਾ ਅਤੇ ਵੱਖ ਵੱਖ ਕਲਸਟਰ ਇੰਚਾਰਜ ਵੀ ਮੌਜੂਦ ਸਨ। ਉਨ੍ਹਾਂ ਨੇ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿਚ ਅੱਗ ਲਗਾ ਕੇ ਸਾੜਨ ਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਾਇਆ ਅਤੇ ਪਰਾਲੀ ਪ੍ਰਬੰਧਨ ਵਾਸਤੇ ਪੰਜਾਬ ਸਰਕਾਰ ਵਲੋ ਸਬਸਿਡੀ ਤੇ ਮੁਹੱਈਆ ਕਰਵਾਏ ਗਏ ਖੇਤੀ ਸੰਦਾਂ ਬਾਰੇ ਦੱਸਿਆ ਕਿ ਕਿਸਾਨ ਇਨ੍ਹਾਂ ਖੇਤੀ ਸੰਦਾਂ ਦੀ ਮਦਦ ਨਾਲ ਪਰਾਲੀ ਨੂੰ ਖੇਤ ਵਿਚ ਵਾਹੁਣ ਜਿਸ ਨਾਲ ਵਾਤਾਵਰਣ ਦੂਸ਼ਿਤ ਹੋਣੋਂ ਬਚਦਾ ਹੈ ਨਾਲ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ। ਉਨ੍ਹਾਂ ਨੇ ਖੁਦ ਖੇਤਾਂ ਵਿਚ ਜਾ ਕੇ ਜਿਨ੍ਹਾਂ ਖੇਤਾਂ ਵਿਚ ਅੱਗ ਲਗਾਈ ਉਨ੍ਹਾਂ ਕਿਸਾਨਾਂ ਨੂੰ ਚਿਤਾਵਨੀ ਦਿੱਤੀ ਅਤੇ ਕਈ ਕਿਸਾਨਾਂ ਨੂੰ ਜੁਰਮਾਨੇ ਪਾਏ ਗਏ। ਇਸ ਮੌਕੇ ਉਕਤ ਤੋਂ ਇਲਾਵਾ ਖੇਤੀ ਅਫਸਰ ਹਰਜਿੰਦਰ ਸਿੰਘ, ਦਵਿੰਦਰ ਸਿੰਘ ਰੰਧਾਵਾ, ਲਵਪ੍ਰੀਤ ਸਿੰਘ, ਕਮਲ ਕਾਹਲੋਂ, ਸ਼ਰਨਜੀਤ ਸਿੰਘ, ਜਸਨਪ੍ਰੀਤ ਕੌਰ, ਤਿਲਕ ਰਾਜ, ਬਲਵਿੰਦਰ ਸਿੰਘ, ਸਿਕੰਦਰ ਸਿੰਘ ਅਤੇ ਰਵਨੀਤ ਸਿੰਘ ਸਮੇਤ ਵੱਖ-ਵੱਖ ਪਿੰਡਾਂ ਦੇ ਕਿਸਾਨ ਵੀ ਹਾਜ਼ਰ ਸਨ।

# ਟੀ. ਵੀ. ਸ਼ੋਅ 'ਕਿਸ ਮੇਂ ਕਿਤਨਾ ਹੈ ਦਮ' 'ਚ ਕਵਨੀਰ ਸਿੰਘ ਉਪ ਜੇਤੂ



ਬਟਾਲਾ (ਡਾ. ਮਲਵਿੰਦਰ ਸਿੰਘ)-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਤੀਜੀ ਜਮਾਤ ਦੇ ਵਿਦਿਆਰਥੀ ਕਵਨੀਰ ਸਿੰਘ ਨੇ ਟੀ. ਵੀ. ਸ਼ੋਅ 'ਕਿਸ ਮੇਂ ਕਿਤਨਾ ਹੈ ਦਮ' ਦੇ ਗ੍ਰੈਂਡ ਫਿਨਾਲੇ 'ਚ ਰਨਰਅੱਪ ਹੋ ਕੇ ਸਕੂਲ ਦਾ ਮਾਣ ਵਧਾਇਆ। ਇਸ ਤੋਂ ਪਹਿਲਾਂ ਕਵਨੀਰ ਸਿੰਘ ਨੇ ਪਹਿਲੇ ਦੌਰ ਵਿੱਚ ਆਰ. ਡੀ. ਖੋਸਲਾ ਸਕੂਲ ਅਤੇ ਸੰਗਰੂਰ ਵਿਖੇ ਹੋਏ ਆਖਰੀ ਰਾਊਂਡ ਦੇ ਗ੍ਰੈਂਡ ਫਿਨਾਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਉਪ ਜੇਤੂ ਰਿਹਾ। ਟੈਲੇਂਟ ਸ਼ੋਅ 'ਕਿਸ ਮੇਂ ਕਿਤਨਾ ਹੈ ਦਮ' ਦੇ ਸੀਜ਼ਨ 10 ਦੇ ਗ੍ਰੈਂਡ ਫਿਨਾਲੇ 'ਚ 19 ਬੱਚਿਆਂ ਨੇ ਹਿੱਸਾ ਲਿਆ, ਜਿਸ 'ਚ ਕਵਨੀਰ ਸਿੰਘ ਨੇ ਇਹ ਸਫਲਤਾ ਹਾਸਲ ਕੀਤੀ ਅਤੇ ਉਨ੍ਹਾਂ ਨੂੰ ਪੰਜਾਬੀ ਫਿਲਮਾਂ 'ਚ ਕੰਮ ਕਰਨ ਦੀ ਪੇਸ਼ਕਸ਼ ਵੀ ਕੀਤੀ ਗਈ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਇਸ ਹੋਣਹਾਰ ਵਿਦਿਆਰਥੀ ਅਤੇ ਉਸਦੇ ਮਾਤਾ-ਪਿਤਾ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਸਦੇ ਸੁਨਹਿਰੇ ਭਵਿੱਖ ਦੀ ਉਮੀਦ ਕੀਤੀ।

# ਨਸ਼ੇ ਦੇ ਖਾਤਮੇ ਲਈ ਸਾਰੀਆਂ ਏਜੰਸੀਆਂ ਵਿਚਾਲੇ ਮਜ਼ਬੂਤ ਤਾਲਮੇਲ ਦੀ ਲੋੜ: ਡੀ ਸੀ

## * ਨਸ਼ਿਆਂ ਸਬੰਧੀ ਕੋਈ ਵੀ ਸੂਚਨਾ ਪੁਲਸ ਨਾਲ ਸਾਂਝੀ ਕਰਨ ਦੀ ਅਪੀਲ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਡਿਪਟੀ ਕਮਿਸ਼ਨਰ ਸ਼ਾਕਸੀ ਸਾਹਨੀ ਦੀ ਅਗਵਾਈ ਹੇਠ ਅਤੇ ਪੁਲਸ ਕਮਿਸ਼ਨਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਨੈਸ਼ਨਲ ਕੋਆਰਡੀਨੇਸ਼ਨ ਸੈਂਟਰ ਫਾਰ ਡਰੱਗ ਲਾਅ ਇਨਫੋਰਸਮੈਂਟ ਫਰੇਮਵਰਕ ਨੂੰ ਲਾਗੂ ਕਰਨ ਅਤੇ ਜ਼ਿਲ੍ਹੇ ਵਿੱਚ ਨਸ਼ਿਆਂ 'ਤੇ ਨਿਯੰਤਰਣ ਵਧਾਉਣ ਲਈ ਮਹੱਤਵਪੂਰਨ ਮੀਟਿੰਗ ਹੋਈ।ਮੀਟਿੰਗ ਵਿੱਚ ਨਸ਼ਿਆਂ ਦੀ ਤਸਕਰੀ ਅਤੇ ਇਸ ਨਾਲ ਸੰਬੰਧਿਤ ਮਸਲਿਆਂ ਨੂੰ ਰੋਕਣ ਲਈ ਵੱਖ-ਵੱਖ ਏਜੰਸੀਆਂ ਵਿਚਕਾਰ ਸਹਿਯੋਗ ਨੂੰ ਮਜ਼ਬੂਤ ਕਰਨ ਉੱਤੇ ਜ਼ੋਰ ਦਿੱਤਾ ਗਿਆ ਤਾਂ ਕਿ ਅੰਮ੍ਰਿਤਸਰ ਦੇ ਨਾਗਰਿਕਾਂ ਲਈ ਇੱਕ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਨ ਸੁਰੱਖਿਅਤ ਕੀਤਾ ਜਾ ਸਕੇ।ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਨਸ਼ਿਆਂ ਦੇ ਖ਼ਿਲਾਫ਼ ਲੜਾਈ ਵਿੱਚ ਕਾਨੂੰਨ-ਵਿਵਸਥਾ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਮਾਜ ਦੇ ਸਾਂਝੇ ਯਤਨਾਂ ਦੀ ਲੋੜ ਹੈ।ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨ ਨਸ਼ਾ ਵਪਾਰੀਆਂ ਖ਼ਿਲਾਫ਼ ਸਖਤ ਕਾਰਵਾਈ ਕਰਨ ਅਤੇ ਨਸ਼ਿਆਂ ਦੀ ਪਕੜ ਵਿੱਚ ਆਏ ਲੋਕਾਂ ਦੀ ਪੁਨਰਵਾਸ ਲਈ ਵਚਨਬੱਧ ਹੈ, ਪਰ ਇਸ ਲਈ ਪੁਲਸ ਦੇ ਨਾਲ ਨਾਲ ਲੋਕਾਂ ਦਾ ਸਹਿਯੋਗ ਵੀ ਬਹੁਤ ਜਰੂਰੀ ਹੈ।ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਖੇਤਰ ਵਿੱਚ ਨਸ਼ਿਆਂ ਦੀ ਸਪਲਾਈ ਚੇਨ ਨੂੰ ਖਤਮ ਕਰਨ ਲਈ ਪੁਲਿਸ ਅਤੇ ਲੋਕਾਂ ਵਿਚਾਲੇ ਮਜ਼ਬੂਤ ਸਾਂਝ ਅਤੇ ਸਮੇਂ ਸਿਰ ਕਾਰਵਾਈ ਦੀ ਲੋੜ ਬਾਰੇ ਜ਼ੋਰ ਦਿੱਤਾ।ਸਾਰੇ ਅਧਿਕਾਰੀਆਂ ਨੇ ਅੰਮ੍ਰਿਤਸਰ ਨੂੰ ਨਸ਼ਾ-ਮੁਕਤ ਜ਼ਿਲ੍ਹਾ ਬਣਾਉਣ ਲਈ ਮਿਲਜੁਲ ਕੇ ਕੰਮ ਕਰਨ ਦਾ ਵਾਅਦਾ ਕੀਤਾ।ਪੁਲਸ ਕਮਿਸ਼ਨਰ ਨੇ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੇ ਦਫਤਰਾਂ ਅਤੇ ਆਪਣੇ ਸਰਕਲ ਵਿੱਚੋਂ ਵੀ ਇਸ ਬਾਬਤ ਜੇਕਰ ਕੋਈ ਜਾਣਕਾਰੀ ਮਿਲਦੀ ਹੈ ਤਾਂ ਉਹ ਪੁਲਸ ਨਾਲ ਸਾਂਝੀ ਕਰਨ। ਇਸ ਤੋਂ ਇਲਾਵਾ ਲੋਕਾਂ ਤੱਕ ਇਹ ਸੰਦੇਸ਼ ਜ਼ਰੂਰ ਜਾਣਾ ਚਾਹੀਦਾ ਹੈ ਕਿ ਨਸ਼ੇ ਸਿਹਤ ਲਈ ਬਹੁਤ ਘਾਤਕ ਹਨ ਅਤੇ ਇਸ ਖਿਲਾਫ ਲੜਾਈ ਵਿੱਚ ਉਸ ਦਾ ਸਾਥ ਦਿੱਤਾ ਜਾਣਾ ਚਾਹੀਦਾ ਹੈ । ਇਸ ਮੌਕੇ ਬਾਰਡਰ ਸਿਕਿਊਰਿਟੀ ਫੋਰਸ ਦੇ ਅਧਿਕਾਰੀਆਂ ਨੇ ਸਰਹੱਦ ਉੱਤੇ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਜ਼ਿਕਰ ਕਰਦੇ ਹੋਏ ਨਸ਼ਿਆਂ ਦੀ ਤਸਕਰੀ ਬਾਰੇ ਦੱਸਿਆ ਅਤੇ ਨਾਲ ਹੀ ਭਰੋਸਾ ਦਿੱਤਾ ਕਿ ਬੀਐੱਸਐੱਫ ਨਸ਼ਿਆਂ ਦੀ ਬਰਾਮਦਗੀ ਲਈ ਦਿਨ ਰਾਤ ਇੱਕ ਕੰਮ ਕਰ ਰਹੀ ਹੈ ਅਤੇ ਇਸਦੇ ਨਤੀਜੇ ਵੀ ਬਹੁਤ ਵਧੀਆ ਆ ਰਹੇ ਹਨ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ, ਡੀਸੀਪੀ ਅਭਿਮੰਨਿਊ ਰਾਣਾ, ਐੱਸਪੀ ਹਰਪਾਲ ਸਿੰਘ, ਸਿਵਲ ਸਰਜਨ ਡਾ. ਕਿਰਨਜੀਤ ਕੌਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੰਚਾਇਤੀ ਚੋਣਾਂ 'ਚ ਕਾਂਗਰਸੀ ਉਮੀਦਵਾਰਾਂ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਪੰਮਾ, ਗੋਗਾ



ਮਜੀਠਾ (ਸੋਇਮ ਆਨੰਦ)-ਇੰਡੀਅਨ ਨੈਸ਼ਨਲ ਕਾਂਗਰਸ ਦੇ ਨਗਰ ਕੌਂਸਲ ਮਜੀਠਾ ਦੇ ਕੌਂਸਲਰ ਪਰਮਜੀਤ ਸਿੰਘ ਪੰਮਾ ਦਾ ਗ੍ਰਹਿ ਮਜੀਠਾ ਵਿਖੇ ਪਰਮਜੀਤ ਸਿੰਘ ਪੰਮਾ ਅਤੇ ਜਗਦੀਪ ਸਿੰਘ ਗੋਗਾ ਦੀ ਪ੍ਰਧਾਨਗੀ ਹੇਠ ਕਾਂਗਰਸੀ ਵਰਕਰਾਂ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਇਲਾਕੇ ਦੇ ਵੱਡੀ ਗਿਣਤੀ ਵਿਚ ਕਾਂਗਰਸੀ ਵਰਕਰਾਂ ਨੇ ਭਾਗ ਲਿਆ। ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਪੰਮਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੂਬੇ ਦੇ ਸਮੂਹ ਕਾਂਗਰਸੀ ਉਮੀਦਵਾਰਾਂ ਅਤੇ ਵਰਕਰਾਂ ਨੂੰ ਵਿਸ਼ਵਾਸ ਦੁਆਇਆ ਹੈ ਕਿ ਪੰਚਾਇਤੀ ਚੋਣਾਂ ਵਿਚ ਇਲਾਕੇ ਵਿਚ ਕਿਸੇ ਵੀ ਕਾਂਗਰਸੀ ਉਮੀਦਵਾਰ ਨਾਲ ਸਿਆਸੀ ਜਾਂ ਸਰਕਾਰੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਹਰੇਕ ਧੱਕੇਸ਼ਾਹੀ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਪੰਮਾ ਮਜੀਠਾ ਨੇ ਕਿਹਾ ਕਿ ਇਲਾਕੇ ਦੀਆਂ ਬਾਕੀ ਰਾਜਸੀ ਪਾਰਟੀਆਂ ਪਿੰਡਾਂ ਵਿਚ ਆਪਣੀ ਸਪੱਸ਼ਟ ਹਾਰ ਦੇਖ ਕੇ ਬੁਖਲਾਹਟ ਵਿਚ ਹਨ ਅਤੇ ਇਹ ਚੋਣਾਂ ਜਿੱਤਣ ਵਾਸਤੇ ਹਰੇਕ ਕੋਝੇ ਹੱਥਕੰਡੇ ਵਰਤ ਰਹੇ ਹਨ ਪਰ ਇਲਾਕੇ ਦੇ ਸੂਝਵਾਨ ਵੋਟਰ ਇਨ੍ਹਾਂ ਸਿਆਸੀ ਚਾਲਾਂ ਵਿਚ ਨਾ ਆ ਕੇ ਕਾਂਗਰਸੀ ਉਮੀਦਵਾਰਾਂ ਨੂੰ ਵੱਡੇ ਫਰਕ ਨਾਲ ਜਿਤਾ ਕੇ ਬਹੁ ਗਿਣਤੀ ਨਾਲ ਪਿੰਡਾਂ ਵਿਚ ਪੰਚਾਇਤਾਂ ਬਣਾਉਣਗੇ। ਉਨ੍ਹਾਂ ਕਿਹਾ ਕਿ ਰਿਪੋਰਟਾਂ ਮਿਲ ਰਹੀਆਂ ਹਨ ਕਿ ਕਈ ਪਿੰਡਾਂ ਵਿਚ ਕਾਗਰਸੀ ਉਮੀਦਵਾਰਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ ਤਾਂ ਕਿ ਡਰ ਕੇ ਉਹ ਆਪਣੇ ਨਾਮਜ਼ਦਗੀ ਪੱਤਰ ਹੀ ਦਾਖਲ ਨਾ ਕਰਵਾਉਣ ਪਰ ਕਾਂਗਰਸ ਪਾਰਟੀ ਦੇ ਜੁਝਾਰੂ ਵਰਕਰ ਬਿਨਾਂ ਕਿਸੇ ਡਰ, ਭੈਅ ਇਸ ਵਾਰ ਚੋਣਾਂ ਵਿਚ ਹਿੱਸਾ ਲੈਣਗੇ ਅਤੇ ਪੰਚਾਇਤਾਂ ਵਿਚ ਕਾਂਗਰਸ ਪਾਰਟੀ ਦਾ ਝੰਡਾ ਬੁਲੰਦ ਕਰਨਗੇ।

ਇਸ ਮੌਕੇ ਪਰਮਜੀਤ ਸਿੰਘ ਪੰਮਾ ਪ੍ਰਧਾਨ ਅਤੇ ਜਗਦੀਪ ਸਿੰਘ ਗੋਗਾ ਮਜੀਠਾ ਦੇ ਨਾਲ ਅਮਨਦੀਪ ਸਿੰਘ ਮਜੀਠਾ, ਸਰਪੰਚ ਰਣਜੀਤ ਸਿੰਘ ਮਰੜੀ, ਪੱਪੂ ਸਰਪੰਚ ਕੋਟਲੀ ਮੱਲ੍ਹੀਆਂ, ਫੌਜੀ ਅਜੈਪਾਲ ਸਿੰਘ ਨਾਗ ਕਲਾਂ, ਪ੍ਰਧਾਨ ਹਰਬੰਸ ਸਿੰਘ ਭੰਗਵਾਂ, ਹਰਦਿਆਲ ਸਿੰਘ ਭੰਗਵਾਂ, ਮਲੂਕ ਸਿੰਘ ਮੀਆਂਪੰਧੇਰ, ਬਿੱਟੂ ਚਵਿੰਡਾ ਦੇਵੀ, ਪ੍ਰਗਟ ਸਿੰਘ ਭੋਮਾ, ਅਵਤਾਰ ਸਿੰਘ ਭੋਮਾ, ਸਵਿੰਦਰ ਸਿੰਘ ਪੰਧੇਰ, ਹਰਮਨ ਨਾਗ ਕਲਾਂ, ਬਲਬੀਰ ਸਿੰਘ ਕੋਟਲੀ ਢੋਲੇਸ਼ਾਹ, ਕਰਮ ਸਿੰਘ ਜੇਠੂਨੰਗਲ, ਅਸ਼ੋਕ ਕੁਮਾਰ ਮੱਤੇਵਾਲ, ਕਸ਼ਮੀਰ ਸਿੰਘ, ਦਿਲਬਾਗ ਸਿੰਘ ਮਾਨ, ਹਰਦੀਪ ਸਿੰਘ ਹਮਜਾ, ਗਗਨਦੀਪ ਸਿੰਘ ਕੋਟਲਾ, ਬਲਵਿੰਦਰ ਸਿੰਘ ਲੁੱਧੜ , ਨਰਿੰਦਰ ਸਿੰਘ ਲੁੱਧੜ , ਕਰਮ ਸਿੰਘ ਵੀਰਮ ਆਦਿ ਹਾਜ਼ਰ ਸਨ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਪਿੰਡ ਕੈਰੋਂ 'ਚ ਨਵੀਂ ਇਕਾਈ ਦਾ ਗਠਨ : ਸਿੱਧਵਾਂ, ਪੱਟੀ



ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਸੂਬਾ ਕਮੇਟੀ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਬਾਜ ਸਿੰਘ ਸਿੱਧਵਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਨੌਸ਼ਹਿਰਾ ਪਨੂੰਆਂ ਦੇ ਅੰਦਰ ਪਿੰਡ ਕੈਰੋਂ ਵਿੱਚ ਤਰਸੇਮ ਸਿੰਘ ਕੁਹਾੜਕਾ, ਸਰਬਜੀਤ ਸਿੰਘ ਨੱਥੂਚੱਕ ਅਤੇ ਸੁਖਦੇਵ ਸਿੰਘ ਕੈਰੋਂ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਜੀ ਦੇ ਅਸਥਾਨ ਤੇ ਮੀਟਿੰਗ ਕਰਕੇ ਪਿੰਡ ਕੈਰੋਂ ਦੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ। ਉਸ ਸਮੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਪੱਟੀ ਨੇ ਦੱਸਿਆ ਕਿ ਅੱਜ ਹਰਦੀਪ ਸਿੰਘ ਜੌੜਾ ਪਿੰਡਾਂ ਵਿੱਚ ਇਕਾਈਆਂ ਦਾ ਪੁਨਰ ਗਠਨ ਕਰਨ ਲਈ ਪਿੰਡ ਕੈਰੋਂ ਵਿੱਚ ਪਹੁੰਚੇ ਜਿਸ ਵਿਚ ਵੱਖ-ਵੱਖ ਬੁਲਾਰਿਆਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਮੇਂ ਦੀਆਂ ਸਰਕਾਰਾਂ ਸਾਡੇ ਨਾਲ ਧੱਕਾ ਕਰਦੀਆਂ ਰਹੀਆਂ ਹਨ ਅਤੇ ਉਨ੍ਹਾਂ ਦਾ ਜਵਾਬ ਏਕੇ ਦੀ ਤਾਕਤ ਨਾਲ ਦਿੱਤਾ ਜਾਵੇਗਾ। ਉਸ ਸਮੇਂ ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਪਿੰਡਾਂ ਵਿਚ ਹੱਥੀਂ ਕਿਰਤ, ਦੇਸੀ ਰੂੜੀ, ਬਲਦਾਂ ਦੀ ਜੋੜੀ ਨੂੰ ਖੇਤੀ ਵਿੱਚੋਂ ਬਾਹਰ ਕੀਤਾ ਗਿਆ ਹੈ। ਇਸ ਵਰਤਾਰੇ ਦੇ ਚਲਦਿਆਂ ਧਰਤੀ ਹੇਠਲਾ ਪਾਣੀ ਖਤਰਨਾਕ ਹੱਦ ਤਕ ਹੇਠਾਂ ਜਾ ਚੁੱਕਾ ਹੈ, ਹਵਾ ਪ੍ਰਦੂਸ਼ਿਤ ਹੋ ਚੁੱਕੀ ਹੈ, ਧਰਤੀ ਪ੍ਰਦੂਸ਼ਿਤ ਹੋ ਚੁੱਕੀ ਹੈ, ਦਰਿਆਵਾਂ ਵਿੱਚ ਸਨਅਤਕਾਰਾਂ ਵੱਲੋਂ ਗੰਦਾ ਪਾਣੀ ਪਾ ਕੇ ਪੰਜਾਬ ਦੇ ਲੋਕਾਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾਇਆ ਗਿਆ ਹੈ ਤੇ ਕਾਰਪੋਰੇਟ ਕੰਪਨੀਆਂ ਵੱਲੋਂ ਸੁਪਰ ਸਪੈਸ਼ਲਿਸਟੀ ਹਸਪਤਾਲ ਤੇ ਮੈਡੀਕਲ ਦਵਾਈਆਂ ਤੇ ਫਸਲਾਂ ਦੀਆਂ ਕੀੜੇਮਾਰ ਦਵਾਈਆਂ ਬਣਾ ਕੇ ਖਰਬਾਂ ਰੁਪਏ ਦੇ ਮੁਨਾਫੇ ਖੱਟੇ ਗਏ ਹਨ। ਸਰਕਾਰ ਵੱਲੋਂ ਕਾਰਪੋਰੇਟ ਕੰਪਨੀਆਂ ਦੇ ਵਪਾਰ ਲਈ ਐਕਸਪ੍ਰੈੱਸ ਹਾਈਵੇਅ ਬਣਾ ਕੇ ਪਹਿਲਾਂ ਲੱਖਾਂ ਰੁੱਖ ਵੱਢੇ ਗਏ ਹਨ ਤੇ ਪੰਜਾਬ ਦੀ ਧਰਤੀ ਬੰਜਰ ਤੇ ਮਾਰੂਥਲ ਬਣਨ ਵੱਲ ਵੱਧ ਰਹੀ ਹੈ। ਇਸ ਧਰਤੀ ਤੋਂ ਮਨੁੱਖਾਂ, ਜੀਵ ਜੰਤੂਆਂ, ਬਨਸਪਤੀ ਦੀ ਹੋਂਦ ਮਿਟਣ ਦਾ ਖਤਰਾ ਸਾਹਮਣੇ ਦਿਸ ਰਿਹਾ ਹੈ। ਪੰਜਾਬ ਤੇ ਕੇਂਦਰ ਸਰਕਾਰ ਨੂੰ ਸਖਤ ਸੰਘਰਸ਼ ਦੀ ਚਿਤਾਵਨੀ ਦਿੰਦਿਆਂ ਕੁਦਰਤ ਤੇ ਮਨੁੱਖ ਪੱਖੀ ਮਾਡਲ ਲਾਗੂ ਕਰਾਉਣ ਲਈ ਪੰਜਾਬ ਦੇ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਤੇ ਮੰਗ ਕੀਤੀ ਕਿ ਪੰਜਾਬ ਸਰਕਾਰ ਮੰਡੀਆਂ ਵਿੱਚ ਰੁਲਦੇ ਕਿਸਾਨ ਅਤੇ ਝੋਨੇ ਦੀ ਫਸਲ ਨੂੰ ਸਹੀ ਰੇਟ ਦੇ ਕੇ ਖਰੀਦ ਕਰੇ ਅਤੇ ਦਰਿਆਵਾਂ ਦਾ ਪਾਣੀ ਸਾਫ ਕਰਨ ਲਈ ਗੈਰ-ਕਾਨੂੰਨੀ ਢੰਗ ਨਾਲ ਪੈ ਰਿਹਾ ਸਨਅਤਾਂ ਦਾ ਗੰਦਾ ਪਾਣੀ ਰੋਕ ਕੇ ਪਾਣੀ ਨੂੰ ਰੀਚਾਰਜ ਢੰਗ ਨਾਲ ਸਾਫ ਕਰਕੇ ਹੀ ਪਾਉਣ ਲਈ ਸਨਅਤਕਾਰਾਂ ਉੱਤੇ ਸਖ਼ਤ ਕਾਨੂੰਨੀ ਕਾਰਵਾਈ ਕਰੇ ਤੇ ਸ਼ਹਿਰਾਂ ਦੇ ਸੀਵਰੇਜ ਦੇ ਪਾਣੀ ਨੂੰ ਸਾਫ ਕਰਕੇ ਖੇਤਾਂ ਨੂੰ ਦਿੱਤਾ ਜਾਵੇ, ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕੀਤਾ ਜਾਵੇ। ਆਗੂਆਂ ਨੇ ਪੰਜਾਬ ਦੇ ਲੋਕਾਂ ਨੂੰ ਅੱਗੇ ਆ ਕੇ ਪੰਜਾਬ ਦੀ ਧਰਤੀ, ਹਵਾ, ਪਾਣੀ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਆਪਣੇ ਘਰਾਂ, ਖੇਤਾਂ, ਸਰਵਜਨਕ ਥਾਵਾਂ ਉੱਤੇ ਲਗਾਉਣੇ ਚਾਹੀਦੇ ਹਨ ਤੇ ਕਾਰਪੋਰੇਟ ਤੇ ਉਹਨ੍ਹਾਂ ਦੇ ਬਣਦੇ ਹਾਕਮਾਂ ਦੇ ਖਿਲਾਫ ਕੁਦਰਤ ਨੂੰ ਬਚਾਉਣ ਲਈ ਜਥੇਬੰਦੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਵਿੱਢੇ ਜਾਣ ਵਾਲੇ ਅੰਦੋਲਨ ਦਾ ਹਿੱਸਾ ਬਣਨਾ ਚਾਹੀਦਾ ਹੈ। ਆਓ ਆਪਾਂ ਪੰਜਾਬ ਨੂੰ ਹੀ ਹਰਿਆ ਭਰਿਆ, ਤੰਦਰੁਸਤ, ਸੋਹਣਾ ਪੰਜਾਬ ਬਣਾਈਏ। ਉਸ ਸਮੇਂ ਕਿਸਾਨ ਆਗੂਆਂ ਨੇ ਦੱਸਿਆ ਕਿ ਅੱਜ ਪਿੰਡ ਕੈਰੋਂ ਵਿੱਚ ਨਵੀਂ ਇਕਾਈ ਦਾ ਗਠਨ ਕੀਤਾ ਗਿਆ। ਇਸ ਮੌਕੇ ਪਿੰਡ ਕੈਰੋਂ ਦੀ ਇਕਾਈ ਦੇ ਪ੍ਰਧਾਨ ਸੁਖਦੇਵ ਸਿੰਘ ਨੂੰ ਨਿਯੁਕਤ ਕੀਤਾ ਗਿਆ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ, ਮੀਤ ਪ੍ਰਧਾਨ ਰਣਜੀਤ ਸਿੰਘ ਕਾਲਾ, ਪ੍ਰੈੱਸ ਸਕੱਤਰ ਗੁਰਦੀਪ ਸਿੰਘ, ਖਜਾਨਚੀ ਗੁਰਜੀਤ ਸਿੰਘ, ਸੰਗਠਨ ਸਕੱਤਰ ਨਿਸਾਨ ਸਿੰਘ, ਸਲਾਹਕਾਰ ਜਰਨੈਲ ਸਿੰਘ, ਸਲਾਹਕਾਰ ਸਿੰਗਾਰਾ ਸਿੰਘ, ਸਲਾਹਕਾਰ ਸਮਸੇਰ ਸਿੰਘ, ਸਲਾਹਕਾਰ ਦਲਬੀਰ ਸਿੰਘ, ਗੁਰਿੰਦਰ ਸਿੰਘ, ਨਿਰਪੱਖ ਸਿੰਘ, ਮੈਂਬਰ ਬਲਜਿੰਦਰ ਸਿੰਘ, ਗੁਰਸੇਵਕ ਸਿੰਘ, ਹਰਭਜਨ ਸਿੰਘ, ਸੱਤਪਾਲ ਸਿੰਘ, ਗੁਰਬਚਨ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ। ਉਸ ਸਮੇਂ ਨਵੇਂ ਬਣੇ ਇਕਾਈ ਪਿੰਡ ਕੈਰੋਂ ਦੇ ਪ੍ਰਧਾਨ ਸੁਖਦੇਵ ਸਿੰਘ ਤੇ ਉਨ੍ਹਾਂ ਦੀ ਸਾਰੀ ਟੀਮ ਵੱਲੋਂ ਆਗੂਆਂ ਦਾ ਧੰਨਵਾਦ ਕੀਤਾ ਗਿਆ ਤੇ ਵਿਸ਼ਵਾਸ ਦਿਵਾਇਆ ਕਿ ਅਸੀਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਲਈ ਰਾਤ ਦਿਨ ਇੱਕ ਕਰ ਦੇਵਾਂਗੇ। ਵੱਖ-ਵੱਖ ਪਿੰਡਾਂ ਦੇ ਹੋਰ ਵੀ ਕਿਸਾਨ ਆਗੂ ਇਸ ਮੌਕੇ ਹਾਜ਼ਰ ਸਨ ।

# ਆੜ੍ਹਤੀ ਐਸੋਸੀਏਸ਼ਨ ਪੰਜਾਬ ਵੱਲੋਂ ਅੱਜ ਦਾਣਾ ਮੰਡੀਆਂ 'ਚ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ



ਮਜੀਠਾ (ਸੋਇਮ ਆਨੰਦ)-ਆੜ੍ਹਤੀ ਐਸੋਸੀਏਸਨ ਪੰਜਾਬ ਵੱਲੋਂ ਦਾਣਾ ਮੰਡੀਆਂ ਵਿੱਚ ਇਕ ਅਕਤੂਬਰ ਤੋਂ ਅਣਮਿਥੇ ਸਮੇਂ ਲਈ ਹੜਤਾਲ ਦਾ ਐਲਾਨ ਕਰ ਦਿੱਤਾ ਗਿਆ ਹੈ ਕਿਉਂਕਿ ਭਾਰਤ ਸਰਕਾਰ ਵੱਲੋਂ ਆੜ੍ਹਤੀਆਂ ਦੀ ਦਾਮੀ ਵਿੱਚ ਕਟੌਤੀ ਕਰ ਦਿੱਤੀ ਗਈ ਹੈ ਤੇ ਇੱਕ ਵੱਡੀ ਰਕਮ ਈਪੀਐੱਫ ਦਾ ਵੀ ਐੱਫਸੀਆਈ ਵੱਲ ਬਕਾਇਆ ਹੈ। ਆੜ੍ਹਤੀ ਐਸੋਸੀਏਸ਼ਨ ਪੰਜਾਬ ਵੱਲੋਂ ਮੰਗ ਕੀਤੀ ਗਈ ਹੈ ਕਿ ਉਨ੍ਹਾਂ ਦੀ ਦਾਮੀ ਦਾ ਬਕਾਇਆ ਅਤੇ ਈਪੀਐੱਫ ਦਾ ਬਕਾਇਆ ਜਲਦ ਤੋਂ ਜਲਦ ਜਾਰੀ ਕੀਤਾ ਜਾਵੇ ਅਤੇ ਪੂਰਬਲੀਆਂ ਸਰਕਾਰਾਂ ਵੱਲੋਂ ਜੋ ਆੜ੍ਹਤੀਆਂ ਦੀ ਦਾਮੀ ਤੈਅ ਕੀਤੀ ਗਈ ਸੀ ਉਸ ਨੂੰ ਉਸੇ ਤਰ੍ਹਾਂ ਹੀ ਜਾਰੀ ਰੱਖਿਆ ਜਾਵੇ। ਜੇਕਰ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨੇਗੀ ਤਾਂ ਆੜ੍ਹਤੀ ਐਸੋਸੀਏਨ ਅਣਮਿਥੇ ਸਮੇਂ ਲਈ ਹੜਤਾਲ 'ਤੇ ਜਾਵੇਗੀ। ਜੇਕਰ ਹੜਤਾਲ ਹੁੰਦੀ ਹੈ ਤਾਂ ਉਸ ਵਿੱਚ ਕਿਸਾਨ ਭਰਾਵਾਂ ਦਾ ਵੱਡੀ ਪੱਧਰ ਤੇ ਨੁਕਸਾਨ ਹੋਣ ਦਾ ਖਦਸ਼ਾ ਹੈ। ਇਸ ਸਬੰਧੀ ਜਗਵਿੰਦਰਪਾਲ ਸਿੰਘ ਜੱਗਾ ਮਜੀਠੀਆ ਵੱਲੋਂ ਮਜੀਠਾ ਦੀਆਂ ਦਾਣਾ ਮੰਡੀਆਂ ਵਿੱਚ ਆੜ੍ਹਤੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਅਤੇ ਉਨਾਂ ਵੱਲੋਂ ਆੜ੍ਹਤੀਆਂ ਤੋਂ ਸਹਿਯੋਗ ਮੰਗਿਆ ਗਿਆ ਕਿ ਕਿਸੇ ਤਰ੍ਹਾਂ ਇਹ ਹੜਤਾਲ ਨੂੰ ਟਾਲ ਦਿੱਤਾ ਜਾਵੇ, ਕਿਉਂਕਿ ਇਸ ਹੜਤਾਲ ਨਾਲ ਆੜ੍ਹਤੀਆਂ ਦਾ ਵੀ ਵੱਡੀ ਪੱਧਰ 'ਤੇ ਨੁਕਸਾਨ ਹੋਵੇਗਾ ਅਤੇ ਕਿਸਾਨਾਂ ਦਾ ਵੀ ਵੱਡੀ ਪੱਧਰ 'ਤੇ ਨੁਕਸਾਨ ਹੈ। ਆੜ੍ਹਤੀਆਂ ਵੱਲੋਂ ਮੰਗ ਰੱਖੀ ਗਈ ਕਿ ਝੋਨੇ ਦੀ ਨਵੀਂ 17 % ਤੋਂ ਵਧਾ ਕੇ 18% ਕੀਤੀ ਜਾਵੇ। ਪੰਜਾਬ ਸਰਕਾਰ ਕੇਂਦਰ ਸਰਕਾਰ ਨਾਲ ਜਲਦੀ ਗੱਲਬਾਤ ਕਰੇ ਕਿ ਉਨ੍ਹਾਂ ਦੇ ਦਾਮੀ ਅਤੇ ਏਪੀਐੱਫ ਦੇ ਬਕਾਏ ਜਾਰੀ ਕਰਵਾਏ ਜਾਣ। ਇਸ ਮੌਕੇ ਜੱਗਾ ਮਜੀਠੀਆ ਵੱਲੋਂ ਆੜ੍ਹਤੀਆਂ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਉਹ ਜਲਦ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਗੱਲ ਕਰਕੇ ਤੁਹਾਡੀਆਂ ਸਾਰੀਆਂ ਮੁਸ਼ਕਿਲਾਂ ਉਨ੍ਹਾਂ ਦੇ ਸਨਮੁੱਖ ਰੱਖਣਗੇ ਤਾਂ ਜੋ ਆੜ੍ਹਤੀਆਂ ਦੀਆਂ ਲਟਕਦੀਆਂ ਮੰਗਾਂ ਦਾ ਜਲਦੀ ਹੀ ਹੱਲ ਹੋ ਸਕੇ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਸਰਪ੍ਰਸਤ ਅਨੂਪ ਸਿੰਘ ਸੰਧੂ, ਪ੍ਰਧਾਨ ਜਸਕਰਨ ਸਿੰਘ ਭੰਗੂ, ਸਤਿੰਦਰ ਸਿੰਘ ਸਾਹ, ਕਾਬਲ ਸਿੰਘ ਗਿੱਲ, ਓਂਕਾਰ ਸਿੰਘ ਰਿੰਕੂ, ਵਿਨੋਦ ਕੁਮਾਰ ਕਹੇੜ, ਗੁਰਵਿੰਦਰ ਸਿੰਘ ਰੋਮੀ, ਅਮਰਪਾਲ ਸਿੰਘ ਜਲਾਲਪੁਰਾ, ਬਲਵਿੰਦਰ ਸਿੰਘ ਭੰਗਵਾਂ, ਰਕੇਸ਼ ਕੁਮਾਰ ਪੱਪਾ, ਮਨੋਜ ਕੁਮਾਰ ਨਾਗ ਕਲਾਂ, ਸੋਨੂ ਰੋੜੀ, ਅੰਮ੍ਰਿਤ ਪਾਲ ਸਿੰਘ, ਮਨਪ੍ਰੀਤ ਸਿੰਘ ਉੱਪਲ, ਦਲਜੀਤ ਸਿੰਘ ਹਰੀਆਂ ਅਤੇ ਹੋਰ ਆੜ੍ਹਤੀ ਤੇ ਕਿਸਾਨ ਹਾਜ਼ਰ ਸਨ।

# ਡੀ ਸੀ ਵੱਲੋਂ ਕੰਬਾਈਨ ਹਾਰਵੈਸਟਰ ਮਾਲਕਾਂ ਨਾਲ ਮੀਟਿੰਗ

ਨਵਾਂਸ਼ਹਿਰ (ਮਨੋਜ ਲਾਡੀ) ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਵੱਲੋਂ ਜ਼ਿਲ੍ਹੇ ਦੇ ਵੱਖ ਵੱਖ ਕੰਬਾਈਨ ਹਾਰਵੈਸਟਰ ਮਾਲਕਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਵੱਲੋਂ ਸਾਰੇ ਕੰਬਾਈਨ ਹਾਰਵੈਸਟਰ ਮਾਲਕਾਂ ਨੂੰ ਹਦਇਤ ਕੀਤੀ ਗਈ ਕਿ ਸਾਰੀਆਂ ਕੰਬਾਈਨਾਂ ਸੁਪਰ ਐਸ.ਐਮ.ਐਸ ਨਾਲ ਹੀ ਚੱਲਣ, ਤਾਂ ਜੋ ਕਿ ਪਰਾਲੀ ਨੂੰ ਸਾਂਭਣ ਵਿਚ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਵੱਲੋਂ ਸਮੂਹ ਕੰਬਾਈਨ ਹਾਰਵੈਸਟਰ ਮਾਲਕਾਂ ਨੂੰ ਹਦਾਇਤ ਕੀਤੀ ਗਈ ਕਿ ਸਾਰੀਆਂ ਕੰਬਾਈਨਾਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਚਲਾਈਆਂ ਜਾਣ ਅਤੇ ਸਿਰਫ ਸੁੱਕਾ ਝੋਨਾ ਹੀ ਵੱਢਿਆ ਜਾਵੇ। ਇਸ ਮੌਕੇ ਸਾਰੇ ਕੰਬਾਈਨ ਹਾਰਵੈਸਟਰ ਮਾਲਕਾਂ ਵੱਲੋਂ ਸਹਿਮਤੀ ਜਤਾਈ ਗਈ ਅਤੇ ਉਨ੍ਹਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਸੁਪਰ ਐਸ.ਐਮ.ਐਸ ਨਾਲ ਹੀ ਕੰਬਾਈਨਾਂ ਚਲਾਉਣਗੇ ਅਤੇ ਸੁੱਕਾ ਝੋਨਾ ਹੀ ਵੱਢਣਗੇ ਤਾਂ ਜੋ ਕਿਸਾਨਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਾ ਆਵੇ। ਇਸ ਮੌਕੇ ਐਸ.ਐਸ.ਪੀ ਡਾ. ਮਹਿਤਾਬ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਉਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ,ਉਪ ਮੰਡਲ ਮੈਜਿਸਟ੍ਰੇਟ ਬਲਾਚੌਰ ਪ੍ਰੀਤ ਇੰਦਰ ਸਿੰਘ ਬੈਂਸ, ਉਪ ਮੰਡਲ ਮੈਜਿਸਟ੍ਰੇਟ ਬੰਗਾ ਵਿਪਿਨ ਭੰਡਾਰੀ, ਮੁੱਖ ਖੇਤੀਬਾੜੀ ਅਫਸਰ ਡਾ. ਰਜਿੰਦਰ ਕੁਮਾਰ ਕੰਬੋਜ,,ਸਹਾਇਕ ਖੇਤੀਬਾੜੀ ਇੰਜੀਨੀਅਰ ਇੰਜ. ਚੰਦਨ ਸ਼ਰਮਾ ਤੋਂ ਇਲਾਵਾ ਵੱਖ-ਵੱਖ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਹਾਜ਼ਰ ਸਨ।

# ਕਿਸਾਨ ਮਜ਼ਦੂਰ ਜਥੇਬੰਦੀ ਨੇ ਡੀ ਐੱਸ ਪੀ ਦੇ ਦਫ਼ਤਰ ਅੱਗੇ ਲਗਾਇਆ ਪੱਕਾ ਮੋਰਚਾ



ਪੱਟੀ (ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਪੱਟੀ ਜ਼ੋਨ ਅਤੇ ਭਾਈ ਝਾੜੂ ਜੀ ਵਲਟੋਹਾ ਜ਼ੋਨ ਵੱਲੋਂ ਪੱਟੀ ਡੀ. ਐੱਸ. ਪੀ. ਦਫ਼ਤਰ ਅੱਗੇ ਪੱਕਾ ਮੋਰਚਾ ਲਗਾ ਦਿੱਤਾ ਗਿਆ।ਧਰਨੇ ਦੀ ਅਗਵਾਈ ਕਰਦਿਆਂ ਕਿਸਾਨ ਆਗੂ ਤਰਸੇਮ ਸਿੰਘ ਧਾਰੀਵਾਲ, ਸੁਖਦੇਵ ਸਿੰਘ ਦੁੱਬਲੀ, ਗੁਰਭੇਜ ਸਿੰਘ ਧਾਰੀਵਾਲ, ਬੀਬੀ ਕੁਲਵੰਤ ਕੌਰ ਧਾਰੀਵਾਲ, ਬੀਬੀ ਸਰਬਜੀਤ ਕੌਰ ਤਲਵੰਡੀ, ਹਰਿੰਦਰ ਸਿੰਘ ਆਸਲ, ਦਲਬੀਰ ਸਿੰਘ ਭੂਰਾ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਤਲਵੰਡੀ ਸੋਭਾ ਸਿੰਘ ਦਾ ਪੰਚਾਇਤੀ ਜ਼ਮੀਨ ਦਾ ਮਸਲਾ ਲਟਕਦਾ ਆ ਰਿਹਾ ਹੈ।ਲਿਖ਼ਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਮੇਹਰ ਸਿੰਘ ਤਲਵੰਡੀ ਨੇ ਕਿਹਾ ਕਿ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਦੇ ਇਸ਼ਾਰੇ ਤੇ ਪ੍ਰਸ਼ਾਸਨ ਪਿੰਡ ਤਲਵੰਡੀ ਸੋਭਾ ਸਿੰਘ ਦੀ ਪੰਚਾਇਤੀ ਜ਼ਮੀਨ ਦੀਆਂ ਸਿੱਧੀਆਂ ਪਰਚੀਆਂ ਕੱਟ ਰਿਹਾ ਸੀ, ਮੇਹਰ ਸਿੰਘ ਤਲਵੰਡੀ ਨੇ ਕਿਹਾ ਕਿ ਬੀਡੀਪੀਓ ਦੇ ਕਹਿਣ ਤੇ ਮੇਹਰ ਸਿੰਘ ਤਲਵੰਡੀ ਆਪਣੇ ਸਾਥੀਆਂ ਨਾਲ ਜਿਥੇ ਪਰਚੀਆਂ ਕੱਟੀਆਂ ਜਾ ਰਹੀਆਂ। ਉਥੇ ਪਹੁੰਚੇ ਸੈਕਟਰੀ ਨੂੰ ਜਨਤਕ ਬੋਲੀ ਕਰਵਾਉਣ ਦੀ ਮੰਗ ਕੀਤੀ ਪਰ ਮੌਕੇ 'ਤੇ ਮੌਜੂਦਾ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਵਿਧਾਇਕ ਸਰਵਨ ਸਿੰਘ ਧੁੰਨ ਦੇ ਇਸ਼ਾਰੇ ਤੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਗਈ ਅਤੇ ਮੇਹਰ ਸਿੰਘ ਤਲਵੰਡੀ ਅਤੇ ਸਾਥੀਆਂ ਦੀ ਕੁਟਮਾਰ ਕੀਤੀ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਝੂਠੀਆਂ ਸੱਟਾਂ ਬਣਾ ਕੇ ਘਰਿਆਲੇ ਦਾਖ਼ਲ ਹੋ ਗਏ ਅਤੇ ਝੂਠਾ ਪਰਚਾ ਕਰਵਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਡੀਐੱਸਪੀ ਪੱਟੀ ਵੱਲੋਂ ਮਸਲਾ ਲਟਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਕਰਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪੱਟੀ ਡੀਐੱਸਪੀ ਦਫ਼ਤਰ ਅੱਗੇ ਪੱਕਾ ਮੋਰਚਾ ਲਗਾਇਆ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਧਰਨੇ ਤੇ ਬੈਠੇ ਕਿਸਾਨਾਂ ਦੀ ਸਾਰ ਨਾ ਲਈ ਤਾਂ ਸੰਘਰਸ਼ ਦਾ ਰੂਪ ਤਿੱਖਾ ਕੀਤਾ ਜਾਵੇਗਾ ਜਿਸ ਦੇ ਜ਼ਿੰਮੇਵਾਰ ਡੀਐੱਸਪੀ ਪੱਟੀ ਹੋਣਗੇ।ਇਸ ਮੌਕੇ ਰੂਪ ਸਿੰਘ ਸੈਦੋਂ, ਗੁਰਜੰਟ ਸਿੰਘ ਭੱਗੂਪੁਰ, ਆਤਮਾ ਸਿੰਘ ਘਰਿਆਲੀ, ਧਰਮ ਸਿੰਘ ਘਰਿਆਲੀ, ਸੁਖਬੀਰ ਸਿੰਘ ਢਿਲੋਂ, ਨਿਸ਼ਾਨ ਸਿੰਘ ਪੱਟੀ, ਡਾ. ਹਰਪਾਲ ਸਿੰਘ, ਸੁਖਚੈਨ ਸਿੰਘ, ਸੁਬੇਗ ਸਿੰਘ ਪੱਟੀ, ਜਰਨੈਲ ਸਿੰਘ ਧਾਰੀਵਾਲ, ਬਲਵਿੰਦਰ ਸਿੰਘ ਹਰੀਕੇ, ਸਕੱਤਰ ਸਿੰਘ, ਡਾ. ਹੀਰਾ ਸਿੰਘ, ਜਸਬੀਰ ਸਿੰਘ ਬੂਹ ਹਵੇਲੀਆਂ, ਸਰਬਜੀਤ ਸਿੰਘ ਪਰਿਗੜੀ, ਧਰਮ ਸਿੰਘ, ਸਾਬ ਸਿੰਘ, ਸੁਖਵੰਤ ਸਿੰਘ ਪੱਟੀ, ਗੁਰਵਿੰਦਰ ਸਿੰਘ, ਡਾ. ਧੀਰਾ ਸਿੰਘ, ਕੈਪਟਨ ਚਾਨਣ ਸਿੰਘ, ਰਾਜ ਸਿੰਘ, ਅੰਗਰੇਜ਼ ਸਿੰਘ ਬੱਗੂ ਭੂਰਾ, ਪ੍ਰਭਜੀਤ ਸਿੰਘ, ਭਾਗ ਸਿੰਘ, ਮਨਜੀਤ ਕੌਰ ਧਾਰੀਵਾਲ, ਗੁਰਵਿੰਦਰ ਕੌਰ ਧਾਰੀਵਾਲ, ਬੀਬੀ ਸੁਖਵਿੰਦਰ ਕੌਰ, ਸੁਰਜੀਤ ਕੌਰ ਕੰਡਿਆਲਾ, ਚਰਨਜੀਤ ਕੌਰ ਆਦਿ ਹਾਜ਼ਰ ਸਨ।

1-Oct-PAGE-12.qxd 9/30/2024 10:55 PM Page 1



# ਦੇਸ਼ ਭਗਤ 'ਵਰਸਿਟੀ ਤੇ ਰਿਪਬਲਿਕ ਆਫ਼ ਲਿਬਰਲੈਂਡ ਵਿਚਕਾਰ ਸਮਝੌਤਾ



**ਕੁਰਾਲੀ (ਮੋਹਨ ਅੱਗਰਵਾਲ)**-ਸਿੱਖਿਆ ਅਤੇ ਅੰਤਰਰਾਸ਼ਟਰੀ ਸਹਿਯੋਗ ਰਾਹੀਂ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਇੱਕ ਰਣਨੀਤਕ ਕਦਮ ਰਾਹੀਂ, ਦੇਸ਼ ਭਗਤ ਯੂਨੀਵਰਸਿਟੀ ਨੇ ਰਿਪਬਲਿਕ ਆਫ਼ ਲਿਬਰਲੈਂਡ ਦੇ ਨਾਲ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਹਨ।ਸਥਾਈ ਵਿਕਾਸ ਲਈ ਨਵੀਨਤਾ ਅਤੇ ਗਲੋਬਲ ਅਕਾਦਮਿਕ ਗੱਠਜੋੜ ਦੀ ਥੀਮ ਵਾਲੇ ਇਸ ਸਮਝੌਤੇ ਦਾ ਉਦੇਸ਼ ਨਵੀਨਤਾ, ਖੋਜ ਅਤੇ ਗਲੋਬਲ ਚੁਣੌਤੀਆਂ ਨੂੰ ਹੱਲ ਕਰਨ ਲਈ ਸਹਿਯੋਗੀ ਯਤਨਾਂ 'ਤੇ ਕੇਂਦਰਿਤ ਕਰਨ ਲਈ ਦੋਵਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।ਇਸ ਦੌਰਾਨ ਗਲੋਬਲ ਅਕਾਦਮਿਕ ਸਹਿਯੋਗ ਵਿੱਚ ਇੱਕ ਨਵੇਂ ਅਧਿਆਏ ਦੀ ਨਿਸ਼ਾਨਦੇਹੀ ਕਰਨ ਵਾਲੇ ਇੱਕ ਇਤਿਹਾਸਕ ਸਮਾਗਮ ਵਿੱਚ, ਦੇਸ਼ ਭਗਤ ਯੂਨੀਵਰਸਿਟੀ ਅਮੇਰਿਕਾਸ ਦਫ਼ਤਰ ਦਾ ਅਧਿਕਾਰਤ ਤੌਰ 'ਤੇ ਸੈਂਟਰ ਆਫ਼ ਐਕਸੀਲੈਂਸ, ਏਮਾਰ ਮੋਹਾਲੀ ਵਿਖੇ ਉਦਘਾਟਨ ਕੀਤਾ ਗਿਆ।ਇਸ ਦਾ ਉਦਘਾਟਨ ਰਿਪਬਲਿਕ ਆਫ਼ ਲਿਬਰਲੈਂਡ ਦੇ ਪ੍ਰੈਜ਼ੀਡੈਂਟ ਵਿਟ ਜੇਡਲਿਕਾ ਨੇ ਕੀਤਾ।ਇਸ ਮੌਕੇ ਰਿਪਬਲਿਕ ਆਫ਼ ਲਿਬਰਲੈਂਡ ਦੇ ਪ੍ਰੈਜ਼ੀਡੈਂਟ ਵਿਟ ਜੇਡਲਿਕਾ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਅਤੇ ਸੈਂਟਰ ਆਫ਼ ਐਕਸੀਲੈਂਸ ਦੇ ਹੋਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਸੈਂਟਰ ਆਫ਼ ਐਕਸੀਲੈਂਸ, ਏਮਾਰ ਮੋਹਾਲੀ ਵਿਖੇ ਸੰਭਾਵੀ ਸਹਿਯੋਗ ਅਤੇ ਨਵੀਨਤਾਕਾਰੀ ਵਿਦਿਅਕ ਪਹਿਲਕਦਮੀਆਂ 'ਤੇ ਚਰਚਾ ਕੀਤੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਸਥਾਪਕ ਮੋਵਾਸਟਾਕਨ ਫਾਊਂਡੇਸ਼ਨ, ਮੋਹਿਤ ਸ਼੍ਰੀਵਾਸਤਵ, ਇਵਾਨ ਪਰਨਾਰ, ਸਕੱਤਰ, ਡੀ ਬੀ ਯੂ ਦੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ, ਦੇਸ਼ ਭਗਤ ਯੂਨੀਵਰਸਿਟੀ ਅਮੇਰਿਕਾਸ ਦੇ ਸੰਚਾਲਨ ਨਿਰਦੇਸ਼ਕ ਈ.ਆਰ. ਅਰੁਣ ਮਲਿਕ ਵੀ ਮੌਜੂਦ ਸਨ।ਇਸ ਤੋਂ ਪਹਿਲਾਂ ਲਿਬਰਲੈਂਡ ਅਤੇ ਡੀਬੀਯੂ ਦੋਵਾਂ ਦੇ ਪਤਵੰਤਿਆਂ ਦੇ ਨਾਲ ਦੇਸ਼ ਭਗਤ ਯੂਨੀਵਰਸਿਟੀ ਵਿੱਚ ਆਯੋਜਿਤ ਇੱਕ ਰਸਮੀ ਸਮਾਰੋਹ ਵਿੱਚ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਗਏ ਸਨ। ਡੀ.ਬੀ.ਯੂ. ਦੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਦੇਸ਼ ਭਗਤ ਯੂਨੀਵਰਸਿਟੀ ਦੀ ਤਰਫੋਂ ਸਮਝੌਤੇ 'ਤੇ ਹਸਤਾਖਰ ਕੀਤੇ ਅਤੇ ਲਿਬਰਲੈਂਡ ਦੇ ਪ੍ਰਧਾਨ ਸ਼੍ਰੀ ਵਿਟ ਜੇਡਲਿਕਾ ਨੇ ਲਿਬਰਲੈਂਡ ਦੀ ਤਰਫੋਂ ਹਸਤਾਖਰ ਕੀਤੇ।

ਲਿਬਰਲੈਂਡ ਦੇ ਪ੍ਰਧਾਨ ਸ਼੍ਰੀ ਵਿਟ ਜੇਡਲਿਕਾ ਨੇ ਸਹਿਯੋਗ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, ਦੇਸ਼ ਭਗਤ ਯੂਨੀਵਰਸਿਟੀ ਦੇ ਨਾਲ ਇਹ ਭਾਈਵਾਲੀ ਗਲੋਬਲ ਅਕਾਦਮਿਕ ਭਾਈਚਾਰੇ ਨਾਲ ਲਿਬਰਲੈਂਡ ਦੀ ਸ਼ਮੂਲੀਅਤ ਲਈ ਇੱਕ ਮਹੱਤਵਪੂਰਨ ਪਲ ਨੂੰ ਦਰਸਾਉਂਦੀ ਹੈ।

ਭੋਗ 'ਤੇ ਵਿਸ਼ੇਸ਼

## ਗੁਰਮਤਿ ਵਿਚਾਰਾਂ ਦੇ ਧਾਰਨੀ ਸਨ ਮਾਤਾ ਗੁਰਮੇਲ ਕੌਰ



**ਮਹਿਲ ਕਲਾਂ** : ਗੁਰਮਤਿ ਵਿਚਾਰਾਂ ਦੇ ਧਾਰਨੀ, ਸਤਿਕਾਰਯੋਗ ਮਾਤਾ ਗੁਰਮੇਲ ਕੌਰ ਦਾ ਜਨਮ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਪਿਤਾ ਸ੍ਰ: ਨਰੈਣ ਸਿੰਘ ਦੇ ਗ੍ਰਹਿ ਪਿੰਡ ਕੁਰੜ (ਬਰਨਾਲਾ) ਵਿਖੇ ਹੋਇਆ।ਆਪ ਛੇ ਭੈਣ-ਭਰਾ ਸਨ।ਆਪ ਦਾ ਵਿਆਹ ਪਿੰਡ ਹਮੀਦੀ ਦੇ ਉਘੇ ਖਾਨਦਾਨੀ ਪਰਿਵਾਰ 'ਚ ਸੁਤੰਤਰਤਾ ਸੈਨਾਨੀ ਕੈਪਟਨ ਚੰਦਾ ਸਿੰਘ ਦੇ ਪੋਤਰੇ ਸ੍ਰ: ਮਿਲਖਰਾਜ ਸਿੰਘ ਮਾਂਗਟ ਨਾਲ ਹੋਇਆ।ਆਪ ਜੀ ਦੇ ਘਰ ਤਿੰਨ ਪੁੱਤਰਾਂ ਨੇ ਜਨਮ ਲਿਆ।ਦੋ ਪੁੱਤਰਾਂ ਜੁਗਦੇਵ ਸਿੰਘ ਤੇ ਹਰਦੇਵ ਸਿੰਘ ਦੀ ਬੇਵਕਤੀ ਮੌਤ ਨੇ ਉਨ੍ਹਾਂ ਦੇ ਦਿਲ ਨੂੰ ਗਹਿਰੀ ਸੱਟ ਮਾਰੀ।ਉਨ੍ਹਾਂ ਆਪਣੇ ਸੰਘਰਸ਼ਮਈ ਜੀਵਨ 'ਚ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਅਡੋਲ ਰਹਿ ਕੇ ਮਾਂਗਟ ਪਰਿਵਾਰ ਨੂੰ ਸੁਚੱਜੀ ਅਗਵਾਈ ਦਿੱਤੀ, ਜਿਸ ਸਦਕਾ ਆਪ ਜੀ ਦੇ ਸਪੁੱਤਰ ਆੜ੍ਹਤੀਆ ਹਰਦਿਆਲ ਸਿੰਘ ਮਾਂਗਟ ਨੇ ਇੱਕ ਉੱਘੇ ਕਾਰੋਬਾਰੀ ਵਜੋਂ ਸਥਾਪਤ ਹੋ ਕੇ ਲੋਕ ਭਲਾਈ ਦੇ ਕਾਰਜਾਂ 'ਚ ਵੱਖਰੀ ਪਹਿਚਾਣ ਬਣਾਈ।ਲੋਕ ਅਕਸਰ ਆਖਦੇ ਹਨ ਕਿ ਮਾਤਾ ਗੁਰਮੇਲ ਕੌਰ ਦੀ ਕੁੱਖ ਨੂੰ ਸਲਾਮ, ਜਿਸ ਨੇ ਹਰਦਿਆਲ ਸਿੰਘ ਵਰਗੇ ਦਰਵੇਸ਼ ਇਨਸਾਨ ਨੂੰ ਜਨਮ ਦੇ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਸਮਰਪਤ ਕੀਤਾ।ਆਪ ਜੀ ਤੋਂ ਮਿਲੇ ਚੰਗੇ ਸੰਸਕਾਰਾਂ ਸਦਕਾ ਦੀਆਂ ਪੰਜ ਪੋਤਰੀਆਂ, ਤਿੰਨ ਪੋਤਰੇ ਆਪੋ ਆਪਣੇ ਖੇਤਰਾਂ ਵਿੱਚ ਸੈਟਲ ਹਨ।ਉਨ੍ਹਾਂ ਦਾ ਪੋਤਰਾ ਅਮਨਦੀਪ ਸਿੰਘ ਮਾਂਗਟ ਸੱਤ ਸਮੁੰਦਰ ਪਾਰ ਕੈਨੇਡਾ 'ਚ ਜਾ ਕੇ ਵੀ ਮਾਂਗਟ ਪਰਿਵਾਰ ਦਾ ਨਾਂਅ ਰੌਸ਼ਨ ਕਰ ਰਿਹਾ ਹੈ। ਦੂਸਰਾ ਪੋਤਰਾ ਜਸਵਿੰਦਰ ਸਿੰਘ ਮਾਂਗਟ ਪਿਛਲੇ ਸਮੇਂ ਤੋਂ ਪਿੰਡ ਹਮੀਦੀ ਦੇ ਸਰਬਪੱਖੀ ਵਿਕਾਸ ਤੇ ਲੋਕ ਭਲਾਈ ਨੂੰ ਸਮਰਪਤ ਹੋ ਕੇ ਅਣਥੱਕ ਸੇਵਾਵਾਂ ਨਿਭਾਅ ਰਿਹਾ ਹੈ।ਮਾਤਾ ਗੁਰਮੇਲ ਕੌਰ ਦੀ ਸਿਹਤ ਸਬੰਧੀ ਆਈ ਮੁਸ਼ਕਲ ਨੂੰ ਲੈ ਕੇ ਮਾਂਗਟ ਪਰਿਵਾਰ ਨੇ ਮਹਿੰਗੇ ਇਲਾਜ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਪਰ ਆਖਰ 105 ਸਾਲ ਦੀ ਲੰਮੀ ਉਮਰ ਭੋਗ ਕੇ ਉਹ ਭਰੀ ਫੁੱਲਵਾੜੀ ਨੂੰ ਛੱਡਦਿਆਂ ਬੀਤੇ ਦਿਨੀਂ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ।ਮਾਤਾ ਗੁਰਮੇਲ ਕੌਰ ਮਾਂਗਟ ਨਮਿੱਤ ਅੰਤਿਮ ਅਰਦਾਸ ਉਪਰੰਤ ਵਿਸ਼ਾਲ ਸ਼ਰਧਾਂਜਲੀ ਸਮਾਗਮ ਅੱਜ 1 ਅਕਤੂਬਰ ਮੰਗਲਵਾਰ ਨੂੰ ਇੱਕ ਵਜੇ ਕੈਪਟਨ ਚੰਦਾ ਸਿੰਘ ਮਾਂਗਟ ਰਾਈਸ ਮਿੱਲ ਕਰਮਗੜ੍ਹ ਰੋਡ, ਹਮੀਦੀ (ਬਰਨਾਲਾ) ਵਿਖੇ ਹੋ ਰਿਹਾ ਹੈ, ਜਿੱਥੇ ਵੱਖ-ਵੱਖ ਰਾਜਸੀ, ਧਾਰਮਿਕ ਤੇ ਸਮਾਜਿਕ ਨੁਮਾਇੰਦੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਅਰਪਿਤ ਕਰਨਗੇ।

**-ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਸਿੰਘ ਲੋਹਗੜ੍ਹ**

## ਸਰਕਾਰ ਹਰ ਵਰਗ ਨੂੰ ਮਜ਼ਬੂਤ ਕਰਨ ਲਈ ਵਚਨਬੱਧ : ਭਗਤ

**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਦੇ ਰੱਖਿਆ ਭਲਾਈ, ਸੁਤੰਤਰਤਾ ਸੈਨਾਨੀ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਵੱਲੋਂ ਪੰਜਾਬ ਸਰਕਾਰ ਦੀ ਸਮਾਜਿਕ ਸੁਰੱਖਿਆ ਸਕੀਮ ਅਧੀਨ 100 ਤੋਂ ਲਾਭਪਾਤਰੀਆਂ ਨੂੰ ਪੈਨਸ਼ਨ ਮਨਜ਼ੂਰੀ ਦੇ ਪੱਤਰ ਵੰਡੇ ਗਏ।ਇਹ ਲਾਭਪਾਤਰੀ ਇਸ ਪਹਿਲਕਦਮੀ ਸਦਕਾ ਜਲਦ ਹੀ ਮਹੀਨਾਵਾਰ



ਵਿੱਤੀ ਸਹਾਇਤਾ ਪ੍ਰਾਪਤ ਕਰ ਸਕਣਗੇ।ਇਸ ਮੌਕੇ ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸਮਾਜ ਦੇ ਹਰ ਵਰਗ ਨੂੰ ਉੱਚਾ ਚੁੱਕਣ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਭਰੋਸਾ ਦੁਆਇਆ ਕਿ ਸਾਰੇ ਵਰਗਾਂ ਦੇ 100 ਤੋਂ ਵੱਧ ਲਾਭਪਾਤਰੀਆਂ ਦੀਆਂ ਪੈਨਸ਼ਨ ਅਰਜ਼ੀਆਂ ਮਨਜ਼ੂਰ ਕੀਤੀਆਂ ਗਈਆਂ ਹਨ ਅਤੇ ਜਲਦ ਹੀ ਹੋਰ ਬਕਾਇਆ ਪਏ ਪੈਨਸ਼ਨ ਬਿਨੈਪੱਤਰਾਂ ਨੂੰ ਮਨਜ਼ੂਰ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਹੋਰ ਪੈਨਸ਼ਨ ਮਨਜ਼ੂਰੀ ਪੱਤਰ ਵੰਡੇ ਜਾਣਗੇ ਤੇ ਸਾਰੇ ਲਾਭਪਾਤਰੀ ਬੁਢਾਪਾ, ਵਿਧਵਾ, ਦਿਵਿਆਂਗ ਅਤੇ ਹੋਰ ਸ਼੍ਰੇਣੀਆਂ ਤਹਿਤ ਮਹੀਨਾਵਾਰ ਪੈਨਸ਼ਨ ਮੁਹੱਈਆ ਕਰਵਾਈ ਜਾਵੇਗੀ।

## ਝੰਡੇਰਾਂ ਵਿਖੇ ਰੱਤੂ ਜਠੇਰਿਆਂ ਦਾ ਸਾਲਾਨਾ ਸਰਾਧ ਜੋੜ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)** ਧੰਨ-ਧੰਨ ਬਾਬਾ ਡੋਗਰ ਪੀਰ, ਬਾਬਾ ਜਾਹਰ ਪੀਰ, ਬਾਬਾ



ਸੇਲਬਰਾਹ ਦੇ ਅਸਥਾਨ ਰੱਤੂ ਜਠੇਰੇ ਪਿੰਡ ਝੰਡੇਰਾਂ ਵਿਖੇ ਸਾਲਾਨਾ ਸ਼ਰਾਧ ਮੇਲਾ ਸਮੂਹ ਸੰਗਤਾਂ, ਰੱਤੂ ਜਠੇਰੇ ਪ੍ਰਬੰਧਕ ਕਮੇਟੀ, ਸਮੂਹ ਪੰਚਾਇਤਾ ਦੇ ਸਹਿਯੋਗ ਨਾਲ ਮਨਾਇਆ ਗਿਆ।ਅਸਥਾਨ ਦੀਆਂ ਸਾਰੀਆ ਧਾਰਮਿਕ ਰਸਮਾ ਕਰਨ ਉਪਰੰਤ ਸਟੇਜ ਸਜਾਈ ਗਈ ਜਿਸ ਵਿੱਚ ਕਲਾਕਾਰ ਇਰਵਨ ਰੱਤੂ, ਅਮਰਜੀਤ ਚਮਕੀਲਾ-ਅਮਨ ਅਮਰਜੋਤ, ਕੇ ਐਸ ਮਹਿਮੀ -ਸੋਨੀਆ ਮਹਿਮੀ, ਲਵਲੀ ਸਰੋਆ, ਸਾਬਰੀ ਸਾਹਬ ਤੋਂ ਇਲਾਵਾ ਹੋਰ ਵੀ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ ਅਤੇ ਸੰਗਤਾਂ ਨੂੰ ਨਿਹਾਲ ਕੀਤਾ।ਪ੍ਰਧਾਨ ਮੇਜਰ ਰਾਮ ਰੱਤੂ ਅਤੇ ਸਾਬਕਾ ਸੰਮਤੀ ਮੈਂਬਰ ਇਰਵਨ ਕੁਮਾਰ ਰੱਤੂ ਨੇ ਆਈਆਂ ਹੋਈਆ ਸੰਗਤਾਂ ਦਾ ਧੰਨਵਾਦ ਕੀਤਾ। ਉਪਰੰਤ ਪ੍ਰਮੁੱਖ ਸ਼ਖ਼ਸ਼ੀਅਤਾ ਅਤੇ ਕਲਾਕਾਰਾ ਦਾ ਸਿਰੋਪਾਓ ਨਾਲ ਸਨਮਾਨ ਕੀਤਾ।ਇਸ ਮੌਕੇ ਪ੍ਰਧਾਨ ਮੇਜਰ ਰਾਮ ਰੱਤੂ, ਇਰਵਨ ਕੁਮਾਰ, ਸਰਪੰਚ ਪ੍ਰੋਮਿਲਾ ਦੇਵੀ, ਡਾ.ਸੁਰਿੰਦਰ ਝੰਡੇਰ, ਆਤਮਾ ਸਿੰਘ, ਪਰਗਣ ਸਿੰਘ ਸਾਬਕਾ ਸਰਪੰਚ ਝੰਡੇਰ ਖੁਰਦ, ਅਜਮੇਰ ਸਿੰਘ, ਮਦਨ ਲਾਲ ਰੱਤੂ, ਪਲਵਿੰਦਰ ਰਾਮ, ਜੀਤ ਸਿੰਘ, ਬੀਬੀ ਜਗਜੀਤ ਕੌਰ, ਬੀਬੀ ਸੁਖਦੀਪ ਕੌਰ,ਬਬਲੀ, ਆਸ਼ਾ ਰਾਣੀ ਆਦਿ ਹਾਜ਼ਰ ਸਨ।

# ਧੌਣ 'ਤੇ ਦਾਤਰ ਰੱਖ ਕੇ 4100 ਖੋਹੇ



**ਅੱਪਰਾ (ਨਿਰਮਲ ਗੁੜਾ)**- ਦੁਸਾਂਝ ਕਲਾਂ ਇਲਾਕੇ ਵਿੱਚ ਲੁੱਟਾਂ-ਖੋਹਾਂ ਚੋਰੀਆਂ ਅਤੇ ਇਲਾਕੇ ਵਿੱਚ ਨਸ਼ਾ ਆਮ ਵਿਕਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਜਿਸ ਕਾਰਨ ਲੋਕਾਂ ਦਾ ਸਰਕਾਰ ਪ੍ਰਤੀ ਰੋਸ ਵਧਦਾ ਜਾ ਰਿਹਾ ਹੈ। ਇਨ੍ਹਾਂ ਘਟਨਾਵਾਂ ਵਿੱਚ ਉਦੋਂ ਹੋਰ ਵੀ ਵਾਧਾ ਹੋ ਗਿਆ ਜਦੋਂ ਫਗਵਾੜਾ ਵਲੋਂ ਮੋਟਰਸਾਈਕਲ 'ਤੇ ਆ ਰਹੇ ਇਕ ਨੌਜਵਾਨ ਨੂੰ ਦੁਸਾਂਝ ਕਲਾਂ ਪੁਲਸ ਚੌਕੀ ਦੇ ਨੇੜੇ ਤਿਨ ਲੁਟੇਰਿਆਂ ਨੇ ਧੌਣ ਤੇ ਦਾਤਰ ਰੱਖ ਕੇ ਲੁੱਟ ਲਿਆ। ਘਟਨਾ ਦੀ ਜਾਣਕਾਰੀ ਦਿੰਦਿਆਂ ਪੀੜਤ ਪ੍ਰਮਿੰਦਰ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਪਿੰਡ ਭਰੋਮਜਾਰਾ ਨੇ ਦੱਸਿਆ ਕਿ ਉਹ ਫਗਵਾੜਾ ਵਲੋਂ ਆ ਰਿਹਾ ਸੀ ਜਦੋਂ ਵਿਰਕ ਅਤੇ ਕੋਟਲੀ ਖੱਖਿਆਂ ਚੌਰਸਤੇ ਵਿੱਚ ਅਇਆ ਤਾਂ ਇਕ ਮੋਟਰਸਾਈਕਲ 'ਤੇ ਸਵਾਰ ਤਿੰਨ ਲੁਟੇਰਿਆਂ ਨੇ ਉਸ ਨੂੰ ਰੋਕ ਕੇ ਧੌਣ 'ਤੇ ਦਾਤਰ ਰੱਖ ਕੇ ਜੇਬ ਵਿਚੋਂ 4100 ਰੁਪਏ ਖੋਹ ਕੇ ਫਰਾਰ ਹੋ ਗਏ। ਪੀੜਤ ਨੇ ਦੱਸਿਆ ਕਿ ਲੋਕਾਂ ਦੀ ਮੱਦਦ ਨਾਲ ਲਟੇਰਿਆਂ ਦਾ ਪਿੱਛਾ ਕੀਤਾ, ਲੁਟੇਰੇ ਜਦੋਂ ਕੋਟਲੀ ਖੱਖਿਆਂ ਵਲ ਗਏ ਤਾਂ ਰਸਤੇ ਉਹਨਾਂ ਦੇ ਮੋਟਰਸਾਈਕਲ ਦਾ ਤੇਲ ਮੁੱਕ ਗਿਆ ਉਥੋਂ ਉਹ ਭਜ ਕੇ ਫਸਲ ਵਿਚ ਜਾ ਵੜੇ। ਲੋਕਾਂ ਵਲੋਂ ਉਨ੍ਹਾਂ ਤਿੰਨਾਂ ਲੁਟੇਰਿਆਂ ਨੂੰ ਫੜ ਕੇ ਦੁਸਾਂਝ ਕਲਾਂ ਦੀ ਪੁਲਸ ਦੇ ਹਵਾਲੇ ਕਰ ਦਿਤਾ ਹੈ। ਪੀੜਤ ਨੇ ਲੁਟੇਰਿਆਂ 'ਤੇ ਸਖਤ ਕਾਰਵਾਈ ਕਰਨ ਦੀ ਅਪੀਲ ਕੀਤੀ।



**ਫਿਲੌਰ ਵਿਖੇ ਜੈ ਮਈਆ ਭਗਵਾਨ ਦੀ ਯਾਦ ਵਿੱਚ ਕਬੱਡੀ ਟੂਰਨਾਮੈਂਟ ਦੌਰਾਨ ਬਿਕਰਮਜੀਤ ਸਿੰਘ ਚੌਧਰੀ ਐਲ ਏ ਹਲਕਾ ਫਿਲੌਰ, ਗੁਰਮੀਤ ਸਿੰਘ ਰੇਤ ਬੀ ਸੀ ਪ੍ਰਧਾਨ ਸ਼ਹਿਰੀ ਫਿਲੌਰ, ਬਾਬਾ ਸੁਖਵਿੰਦਰ ਸਿੰਘ ਜਰਨੈਲ ਟੂਰਨਾਮੈਂਟ ਦਾ ਆਨੰਦ ਮਾਣਦੇ ਹੋਏ। (ਫੋਟੋ ਤੇ ਵੇਰਵਾ : ਬੀ ਐਸ ਕੈਨੇਡੀ ਫਿਲੌਰ)**

# ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਮਹੱਤਵ ਦੇਣਾ ਚਾਹੀਦਾ : ਡਾ. ਚੱਬੇਵਾਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਪਿੰਡ ਅਜਨੋਹਾ ਵਿਖੇ ਕਰਵਾਏ ਗਏ ਫੁੱਟਬਾਲ ਮੁਕਾਬਲੇ ਡਾ. ਰਾਜ ਕੁਮਾਰ ਚੱਬੇਵਾਲ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡਾ. ਜਤਿੰਦਰ ਅਤੇ ਡਾ. ਇਸ਼ਾਂਕ ਚੱਬੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਜ਼ਿੰਦਗੀ 'ਚ ਪੜ੍ਹਾਈ ਦਾ ਮਹੱਤਵ ਹੈ, ਉਸੇ ਤਰ੍ਹਾਂ ਸ਼ਖਸੀਅਤ ਵਿਕਾਸ ਅਤੇ ਜੀਵਨ 'ਚ ਅਨੁਸ਼ਾਸਨ ਬਣਾਈ ਰੱਖਣ ਲਈ ਖੇਡਾਂ ਵੀ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਖੇਡਾਂ ਸਰੀਰਕ ਸਿਹਤ ਅਤੇ ਮਾਨਸਿਕ ਸੰਤੁਲਨ ਲਈ ਬੇਹੱਦ ਜ਼ਰੂਰੀ ਹਨ।ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਮਹੱਤਵ ਦੇਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਹਰ ਖੇਤਰ ਵਿੱਚ ਮੱਲਾਂ ਮਾਰ ਸਕਣ। ਡਾ: ਚੱਬੇਵਾਲ ਨੇ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੀਆਂ ਹਨ ਸਗੋਂ ਟੀਮ ਵਰਕ, ਲੀਡਰਸ਼ਿਪ, ਧੀਰਜ ਅਤੇ ਅਨੁਸ਼ਾਸਨ ਵਰਗੇ ਗੁਣਾਂ ਦਾ ਵੀ ਵਿਕਾਸ ਕਰਦੀਆਂ ਹਨ। ਇਸ ਤੋਂ ਇਲਾਵਾ ਖੇਡਾਂ ਵਿਚ ਭਾਗ ਲੈਣ ਨਾਲ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਮਿਲਦੀ ਹੈ, ਜਿਸ ਨਾਲ ਉਹ ਗਲਤ ਰਸਤੇ 'ਤੇ ਜਾਣ ਤੋਂ ਬਚਦੇ ਹਨ।ਉਨ੍ਹਾਂ ਨੌਜਵਾਨਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਖੇਡ ਮੈਦਾਨ 'ਤੇ ਸਿੱਖੀਆਂ ਗੱਲਾਂ ਜੀਵਨ ਦੇ ਹਰ ਖੇਤਰ ਵਿੱਚ ਲਾਭਦਾਇਕ ਹੁੰਦੀਆਂ ਹਨ।ਸੰਸਦ ਮੈਂਬਰ ਨੇ ਕਿਹਾ ਕਿ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਕਈ ਯੋਜਨਾਵਾਂ ਵੀ ਚਲਾ ਰਹੀ ਹੈ, ਜਿਨ੍ਹਾਂ ਦਾ ਲਾਭ ਉਠਾ ਕੇ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾ ਸਕਦੇ ਹਨ।ਉਨ੍ਹਾਂ ਸਥਾਨਕ ਖਿਡਾਰੀਆਂ ਨੂੰ ਬਿਹਤਰ ਸਹੂਲਤਾਂ ਦੇਣ ਦਾ ਵੀ ਭਰੋਸਾ ਦਿੱਤਾ ਤਾਂ ਜੋ ਉਹ ਅੱਗੇ ਵਧ ਕੇ ਦੇਸ਼ ਦਾ ਨਾਂ ਰੌਸ਼ਨ ਕਰ ਸਕਣ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਪੜ੍ਹਾਈ ਅਤੇ ਖੇਡਾਂ ਵਿੱਚ ਸੰਤੁਲਨ ਬਣਾਈ ਰੱਖਣ ਕਿਉਂਕਿ ਦੋਵਾਂ ਦਾ ਬਰਾਬਰ ਮਹੱਤਵ ਹੈ। ਇਸ ਮੌਕੇ ਸਥਾਨਕ ਕਲੱਬ ਮੈਂਬਰ, ਵੱਖ-ਵੱਖ ਖੇਡ ਐਸੋਸੀਏਸ਼ਨਾਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।ਅੰਤ ਵਿੱਚ ਡਾ: ਚੱਬੇਵਾਲ ਨੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਿਹਨਤ ਅਤੇ ਲਗਨ ਨਾਲ ਕੋਈ ਵੀ ਟੀਚਾ ਅਸੰਭਵ ਨਹੀਂ ਹੁੰਦਾ। ਇਸ ਮੌਕੇ ਸਰਪੰਚ ਮਮਤਾ ਰਾਣੀ, ਗੁਰਮੀਤ ਸਿੰਘ ਪੰਚ, ਅਸ਼ੋਕ ਕੁਮਾਰ ਰਾਣਾ, ਗੁਰਦੀਪ ਕੌਰ ਪੰਚ, ਹਰਦੀਪ ਕੌਰ ਪੰਚ, ਕੁਲਦੀਪ ਕੌਰ ਪੰਚ, ਡੀ.ਐਸ.ਪੀ. ਸਤਵਿੰਦਰ ਸਿੰਘ, ਹਰਵਿੰਦਰ ਸਿੰਘ ਖਾਲਸਾ, ਦਲਜੀਤ ਸਿੰਘ, ਨਿਰੰਕਾਰ ਸਿੰਘ ਸਾਬਕਾ ਸਰਪੰਚ, ਤਰਸੇਮ ਸਿੰਘ ਹਜ਼ਰ ਸਨ।



## ਮਾਤਾ ਸ਼ੀਲਾ ਦੇਵੀ ਸੋਗੀ ਨੂੰ ਸਮਰਪਿਤ ਸਮਾਗਮ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ ਲਾਡੀ)**- ਖੂਨਦਾਨ ਸੇਵਾਵਾਂ ਨੂੰ ਸਮਰਪਿਤ ਸਥਾਨਕ ਸੰਸਥਾ ਬੀ ਡੀ ਸੀ ਦੇ ਖੂਨਦਾਨ ਭਵਨ ਵਿਖੇ ਸਮਾਜ ਸੇਵੀ ਸਵ: ਮਾਤਾ ਸ਼ੀਲਾ ਦੇਵੀ ਸੋਗੀ ਦੀ ਸੋਚ ਨੂੰ ਸਮਰਪਿਤ ਜਾਗਰੂਕਤਾ ਸਮਾਗਮ ਹੋਇਆ।ਸਮਾਗਮ ਦੀ ਪ੍ਰਧਾਨਗੀ ਐਸ ਕੇ ਸਰੀਨ



ਅਤੇ ਅਸ਼ੋਕ ਸੋਗੀ ਨੇ ਕੀਤੀ।ਇਸ ਮੌਕੇ ਐਸ ਕੇ ਸਰੀਨ ਨੇ ਮਾਤਾ ਸ਼ੀਲਾ ਦੇਵੀ ਸੋਗੀ ਦੁਆਰਾ ਵਿਖਾਏ ਮਾਰਗ ਦਰਸ਼ਨ ਨੂੰ ਅਪਨਾਉਣ ਦੀ ਪ੍ਰੇਰਨਾ ਕੀਤੀ।ਜੀ ਐਸ ਤੂਰ ਵੱਲੋਂ ਮਾਤਾ ਸ਼ੀਲਾ ਦੇਵੀ ਸੋਗੀ ਵਲੋਂ ਸਮਾਜ ਸੇਵਾ ਲਈ ਸਥਾਪਿਤ ਸੇਵਾ ਭਾਵਨਾ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ।ਜੇ ਐਸ ਗਿੱਦਾ, ਡਾ. ਅਜੇ ਬੱਗਾ ਆਖਿਆ ਕਿ ਸੇਵਾ ਦੇ ਮਾਰਗ ਸਥਾਪਿਤ ਕਰਨ ਲਈ ਪ੍ਰਮਾਤਮਾ ਅਜਿਹੀਆਂ ਸ਼ਖ਼ਸੀਅਤਾਂ ਨੂੰ ਧਰਤੀ 'ਤੇ ਭੇਜਦੇ ਹਨ। ਅਸ਼ੋਕ ਸੋਗੀ ਵਲੋਂ ਆਪਣੇ ਮਾਤਾ ਦੀ ਯਾਦ ਵਿੱਚ ਸੰਸਥਾ ਨੂੰ ਇੱਕ ਲੱਖ ਰੁਪਏ ਦੀ ਸਹਾਇਤਾ ਦਿੱਤੀ। ਇਸ ਮੌਕੇ ਮਾਤਾ ਸ਼ੀਲਾ ਦੇਵੀ ਦੀ ਤਸਵੀਰ ਖੂਨਦਾਨ ਭਵਨ ਦੇ ਮੁੱਖ ਹਾਲ 'ਚ ਸਥਾਪਿਤ ਕੀਤੀ ਗਈ।ਇਸ ਮੌਕੇ ਪੁੱਤਰ ਅਸ਼ੋਕ ਸੋਗੀ, ਧੀ ਗੁਰਮੀਤ ਕੌਰ, ਭਰਾ ਗਿਆਨ ਚੰਦ, ਸੰਨਦੀਪ ਕੌਰ ਢਡਵਾਲ, ਸਤਨਾਮ ਸਿੰਘ ਗੁਲਾਟੀ, ਨਰੇਸ਼ ਸੂਰੀ, ਮਦਨ ਲਾਲ ਗੋਰਾ, ਜਗਦੀਸ਼ ਗੁਲਾਟੀ, ਸੋਹਣ ਲਾਲ, ਉਜੱਵਲ ਗੁਲਾਟੀ ਅਤੇ ਬੀ ਡੀ ਸੀ ਵੱਲੋਂ ਐਸ ਕੇ ਸਰੀਨ, ਜੀ ਐਸ ਤੂਰ, ਜੇ ਐਸ ਗਿੱਦਾ, ਪੀ ਆਰ ਕਾਲੀਆ, ਡਾ. ਅਜੇ ਬੱਗਾ, ਰਾਜਿੰਦਰ ਕੌਰ ਗਿੱਦਾ, ਲਤਾ ਨੇਗੀ, ਮੈਨੇਜਰ ਮਨਮੀਤ ਸਿੰਘ, ਡਾ. ਦਿਆਲ ਸਰੂਪ, ਗੌਰਵ ਸਰੀਨ, ਨੀਤਿਕਾ ਸਰੀਨ, ਮੈਡਮ ਜੈ ਸ਼੍ਰੀ ਬੱਗਾ, ਖੂਨਦਾਨੀ ਅਤੇ ਸਟਾਫ ਹਾਜ਼ਰ ਸਨ।

## ਵਿਸ਼ਵਕਰਮਾ ਭਵਨ ਮੋਗਾ ਵਿਖੇ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੀ ਮੀਟਿੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ ਦੀ ਇੱਕ ਅਹਿਮ ਮੀਟਿੰਗ ਵਿਸ਼ਵਕਰਮਾ ਭਵਨ ਮੋਗਾ ਵਿਖੇ ਪ੍ਰਧਾਨ ਹਰਮੇਲ ਸਿੰਘ ਡਰੋਲੀ ਦੀ ਪ੍ਰਧਾਨਗੀ ਹੇਠ ਹੋਈ, ਉਹਨਾਂ ਨਾਲ ਮੰਚ ਤੇ ਸੋਹਣ ਸਿੰਘ ਸੱਗੂ ਸਰਪ੍ਰਸਤ, ਚੰਮਕੌਰ ਸਿੰਘ ਝੰਡੇਆਣਾ ਤੇ ਚਰਨਜੀਤ ਸਿੰਘ ਝੰਡੇਆਣਾ ਸ਼ਾਮਲ ਸਨ।ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਹਰਦੇਵ ਸਿੰਘ ਕੌਂਸਲ ਪ੍ਰਧਾਨ, ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ ਤੇ ਉਹਨਾਂ ਦੇ ਨਾਲ ਅਮਰਜੀਤ ਸਿੰਘ ਆਸੀ ਚੇਅਰਮੈਨ ਪੰਜਾਬ, ਇੰਜ. ਗੁਰਦੇਵ ਸਿੰਘ ਪਵਾਰ ਜਨਰਲ ਸਕੱਤਰ ਇੰਡੀਆ, ਮਲਕੀਤ ਸਿੰਘ ਮਰਵਾਹਾ ਸੀ: ਮੀਤ ਪ੍ਰਧਾਨ, ਗੁਰਬਿੰਦਰ ਸਿੰਘ ਪਲਾਹਾ ਪ੍ਰੈਸ ਸਕੱਤਰ ਇੰਡੀਆ, ਹਰਮਿੰਦਰ ਸਿੰਘ ਭੱਚੂ ਜਨਰਲ ਸਕੱਤਰ ਪੰਜਾਬ ਸਾਮਲ ਹੋਏ।ਮੋਗਾ ਵਿਖੇ ਕੇਂਦਰੀ ਟੀਮ ਦੇ ਪੁਜਣ 'ਤੇ ਰਾਮਗੜ੍ਹੀਆ ਵੈਲਫੇਅਰ ਕਮੇਟੀ ਦੇ ਪ੍ਰਧਾਨ ਹਰਮੇਲ ਸਿੰਘ ਡਰੋਲੀ ਨੇ ਸਵਾਗਤ ਕੀਤਾ। ਉਨ੍ਹਾਂ ਰਾਮਗੜ੍ਹੀਆਂ ਭਾਈਚਾਰਾ ਮੋਗਾ ਵੱਲੋਂ ਕੀਤੇ ਜਾ ਰਹੇ ਕੰਮਾਂ ਤੇ ਸਰਗਰਮੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਇਸ ਮੌਕੇ ਹਰਦੇਵ ਸਿੰਘ ਕੌਂਸਲ ਪ੍ਰਧਾਨ ਇੰਡੀਆ ਸੰਬੋਧਨ ਕਰਦਿਆਂ ਕਿਹਾ ਕਿ ਰਾਮਗੜ੍ਹੀਆ ਕੌਮ ਨੇ ਸਿੱਖ ਪੰਥ ਦੀ ਚੜ੍ਹਦੀਕਲਾ ਲਈ ਆਪਣਾ ਮਹਾਨ ਯੋਗਦਾਨ ਪਾਉਂਦੇ ਹੋਏ ਵੱਡੀਆਂ ਕੁਰਬਾਨੀਆਂ ਨਾਲ ਮਹਾਨ ਇਤਿਹਾਸ ਕਾਇਮ ਕੀਤਾ ਹੈ। ਉਹਨਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸਮੁੱਚੀ ਰਾਮਗੜ੍ਹੀਆ ਕੌਮ ਇੱਕ ਪਲੇਟਫਾਰਮ 'ਤੇ ਇਕੱਤਰ ਹੋ ਕੇ ਇਕਮੁੱਠਤਾ ਦਾ ਸਬੂਤ ਦੇਵੇ, ਇਸ ਲਈ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਨੇ ਕਮਰਕੱਸਾ ਕੀਤਾ ਹੋਇਆ ਹੈ।ਉਨ੍ਹਾਂ ਕਿਹਾ ਕਿ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਕਿ ਭਾਰਤ /ਪੰਜਾਬ ਵਿੱਚ ਹੁਣ ਤੱਕ ਵੱਖ ਵੱਖ ਪਾਰਟੀਆਂ ਦੀਆਂਬਣੀਆਂ ਸਰਕਾਰਾਂ ਨੇ ਰਾਮਗੜ੍ਹੀਆ ਭਾਈਚਾਰੇ ਨੂੰ ਆਪਣੇ ਹਿੱਤਾਂ ਲਈ ਵਰਤਿਆ ਹੈ ਪਰ ਇਸ ਭਾਈਚਾਰੇ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਣ ਲਈ ਕੋਈ ਸਾਰਥਕ ਯਤਨ ਨਹੀਂ ਕੀਤੇ।

# ਅਜਮੇਰ ਸਿੱਧੂ ਦੇ ਕਹਾਣੀ ਜਗਤ 'ਤੇ ਵਿਚਾਰ-ਚਰਚਾ




**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਦੋਆਬਾ ਸਾਹਿਤ ਸਭਾ ਨਵਾਂਸ਼ਹਿਰ ਅਤੇ ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵੱਲੋਂ ਦੋਆਬਾ ਸਾਹਿਤ ਸਭਾ ਨਵਾਂਸ਼ਹਿਰ ਦੇ ਸਾਬਕਾ ਪ੍ਰਧਾਨ ਸੁਰਜੀਤ ਕਰੜਾ, ਬਹੁਪੱਖੀ ਸ਼ਖ਼ਸੀਅਤ ਹਰਬੰਸ ਹੀਓਂ ਅਤੇ ਸ਼ਾਇਰ ਇਕਬਾਲ ਖਾਨ ਦੀ ਯਾਦ ਵਿੱਚ 'ਪੁਸਤਕ ਗੋਸ਼ਟੀ ਅਤੇ ਸਨਮਾਨ ਸਮਾਰੋਹ' ਕਰਵਾਇਆ ਗਿਆ।ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਦੇ ਲਾਇਬ੍ਰੇਰੀ ਹਾਲ ਵਿੱਚ ਅਯੋਜਿਤ ਕੇਵਲ ਰਾਮ ਨਵਾਂਸ਼ਹਿਰ ਦੁਆਰਾ ਸੰਪਾਦਿਤ ਪੁਸਤਕ ਅਜਮੇਰ ਸਿੱਧੂ ਦਾ ਕਹਾਣੀ ਜਗਤ: ਵਿਭਿੰਨ ਪਾਸਾਰ ਬਾਰੇ ਪ੍ਰੋਫੈਸਰ ਭਜਨ ਸਿੰਘ ਨੇ ਪਰਚਾ ਪੜ੍ਹਿਆ, ਸ਼ਾਇਰ ਕੁਲਵਿੰਦਰ ਕੁੱਲਾ, ਕੇਵਲ ਰਾਮ ਨਵਾਂਸ਼ਹਿਰ ਅਤੇ ਹਰਬੰਸ ਹੀਓਂ ਦੀ ਧਰਮ ਪਤਨੀ ਕਮਲਜੀਤ ਕੌਰ ਹੀਓਂ ਨੂੰ ਸਨਮਾਨਿਤ ਕੀਤਾ ਗਿਆ।ਪ੍ਰਿੰਸੀਪਲ ਰਜਿੰਦਰ ਸਿੰਘ ਗਿੱਲ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਉਹਨਾਂ ਦੇ ਸਕੂਲ ਦੇ ਦਰਵਾਜੇ ਸਾਹਿਤਕ ਸਰਗਰਮੀਆਂ ਲਈ ਹਮੇਸ਼ਾਂ ਖੁੱਲ੍ਹੇ ਹਨ। ਖਾਲਸਾ ਕਾਲਜ ਮਾਹਿਲਪੁਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ.ਬੀ ਸੇਖੋਂ ਨੇ ਅਜਮੇਰ ਸਿੱਧੂ ਦੀਆਂ ਪੁਸਤਕਾਂ ਉੱਤੇ ਵਿਸਥਾਰ ਪੂਰਵਕ ਚਾਨਣਾ ਪਾਇਆ।ਇਸ ਸਮਾਗਮ ਦੀ ਪ੍ਰਧਾਨਗੀ ਦਰਸ਼ਨ ਸਿੰਘ ਖੱਟਕੜ, ਪ੍ਰੋਫੈਸਰ ਮਹਿੰਦਰ ਸਿੰਘ ਬਣਵੈਤ,ਬਲਦੇਵ ਸਿੰਘ ਢੀਂਡਸਾ, ਡਾ. ਜੇ ਬੀ ਸੇਖੋਂ ਅਤੇ ਕਮਲਜੀਤ ਕੌਰ ਹੀਓਂ ਨੇ ਕੀਤੀ।ਆਪਣੇ ਪ੍ਰਧਾਨਗੀ ਭਾਸ਼ਣ ਰਾਹੀਂ ਦਰਸ਼ਨ ਸਿੰਘ ਖੱਟਕੜ ਨੇ ਸਾਹਿਤਕਾਰਾਂ ਨੂੰ ਸਾਹਿਤ ਰਾਹੀਂ ਆਪਣੀ ਜਿੰਮੇਵਾਰੀ ਨਿਭਾਉਣ ਦਾ ਸੱਦਾ ਦਿੱਤਾ।ਸਭਾ ਵਲੋਂ ਕੁਲਵਿੰਦਰ ਕੁੱਲਾ ਅਤੇ ਕੇਵਲ ਰਾਮ ਨਵਾਂਸ਼ਹਿਰ ਨੂੰ ਲੋਕ ਕਵੀ ਸੰਤ ਰਾਮ ਉਦਾਸੀ ਅਵਾਰਡ ਦੇਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕੁਲਵਿੰਦਰ ਕੁੱਲਾ ਦਾ ਗ਼ਜ਼ਲ ਸੰਗ੍ਰਹਿ 'ਰਣ ਤੋਂ ਤਾਜ ਤੱਕ' ਵੀ ਰਲੀਜ਼ ਕੀਤਾ ਗਿਆ।ਸੁਰਜੀਤ ਕਰੜਾ, ਇਕਬਾਲ ਖਾਨ ਅਤੇ ਹਰਬੰਸ ਹੀਓਂ ਬਾਰੇ ਸੰਖੇਪ ਜਾਣਕਾਰੀ ਜਸਬੀਰ ਦੀਪ, ਅਜਮੇਰ ਸਿੱਧੂ ਨੇ ਸਾਂਝੀ ਕੀਤੀ।ਇਸ ਮੌਕੇ ਪ੍ਰੋਫੈਸਰ ਮਹਿੰਦਰ ਸਿੰਘ ਬਣਵੈਤ, ਲੈਕਚਰਾਰ ਸਰਬਜੀਤ ਕੌਰ, ਬਲਦੇਵ ਸਿੰਘ ਢੀਂਡਸਾ ਨੇ ਵੀ ਵਿਚਾਰ ਪੇਸ਼ ਕੀਤੇ।ਭੁਪਿੰਦਰ ਸਿੰਘ ਵੜੈਚ, ਸੁਨੀਲ ਚੰਦਿਆਣਵੀ,ਕੁਲਵਿੰਦਰ ਕੁੱਲਾ ਅਤੇ ਮਾਸਟਰ ਬਲਵੀਰ ਕੁਮਾਰ ਨੇ ਗ਼ਜ਼ਲਾਂ ਅਤੇ ਕਵਿਤਾਵਾਂ ਪੇਸ਼ ਕੀਤੀਆਂ।

## ਪੰਚਾਇਤੀ ਚੋਣਾਂ ਸੰਬੰਧੀ ਸਾਰੇ ਪੁਖਤਾ ਪ੍ਰਬੰਧ ਮੁਕੰਮਲ : ਐੱਸ ਡੀ ਐੱਮ

**ਭੁਲੱਥ, (ਮਨਪ੍ਰੀਤ ਸਿੰਘ)**- ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਐਸ ਡੀ ਐਮ ਡੈਵੀ



ਗੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਚਾਇਤੀ ਚੋਣਾਂ ਦੇ ਮੱਦੇਨਜ਼ਰ ਸਾਰੇ ਪੁਖਤਾ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਸਬ ਡਵੀਜ਼ਨ ਹਲਕਾ ਭੁਲੱਥ ਦੇ ਪਿੰਡਾਂ ਵਿੱਚ ਚੋਣਾਂ ਸ਼ਾਂਤਮਈ ਤਰੀਕੇ ਨਾਲ ਕਰਵਾਈਆਂ ਜਾਣਗੀਆਂ, ਜਿਸ ਕਰਕੇ ਪ੍ਰਸ਼ਾਸਨ ਨੂੰ ਪੂਰੀ ਤਰ੍ਹਾਂ ਸੁਚੇਤ ਕੀਤਾ ਜਾ ਚੁੱਕਾ ਹੈ।ਉਹਨਾਂ ਪਿੰਡਾਂ ਦੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਾਂਤਮਈ ਤਰੀਕੇ ਨਾਲ ਕਾਨੂੰਨ ਵਿਵਸਥਾ ਕਾਇਮ ਰੱਖਦੇ ਹੋਏ ਮਤਦਾਨ ਕਰਨ ਤੇ ਪਿੰਡਾਂ ਵਿੱਚ ਜੇਕਰ ਕੋਈ ਸ਼ਰਾਰਤੀ ਅਨਸਰ ਮਾਹੌਲ ਖਰਾਬ ਕਰੇ ਤਾਂ ਤੁਰੰਤ ਜਾਣਕਾਰੀ ਪੁਲਿਸ ਪ੍ਰਸ਼ਾਸਨ ਭੁਲੱਥ ਨੂੰ ਦਿੱਤੀ ਜਾਵੇ ।

## ਚੱਕ ਬਿਲਗਾ ਵਿਖੇ ਛਿੰਝ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਚੱਕ ਬਿਲਗਾ ਵਿਖੇ ਛਿੰਝ ਮੇਲਾ ਸਮੂਹ ਨਗਰ ਨਿਵਾਸੀਆ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਾਇਆ ਗਿਆ। ਇਸ ਛਿੰਝ ਮੇਲੇ ਚ 100 ਦੇ ਕਰੀਬ ਪਹਿਲਵਾਨਾਂ ਨੇ ਹਿੱਸਾ ਲਿਆ।ਪਟਕੇ ਦੀ ਕੁਸ਼ਤੀ ਕਾਲੂ



ਬਾਹੜੋਵਾਲ ਤੇ ਬੱਗਾ ਕੁਹਾਲੀ ਦਰਮਿਆਨ ਹੋਈ ਜਿਸ ਵਿੱਚ ਕਾਲੂ ਬਾਹੜੋਵਾਲ ਜੇਤੂ ਰਿਹਾ। ਦੂਸਰੇ ਨੰਬਰ ਦੀ ਕੁਸ਼ਤੀ ਕੀਰਤੀ ਬਾਹੜੋਵਾਲ ਤੇ ਮਨੀ ਆਲਮਗੀਰ ਦਰਮਿਆਨ ਹੋਈ।ਜਿਸ ਵਿੱਚੋਂ ਕੀਰਤੀ ਬਾਹੜੋਵਾਲ ਜੇਤੂ ਰਿਹਾ।ਇਸ ਤੋਂ ਇਲਾਵਾ ਹੋਰ ਪਹਿਲਵਾਨਾ ਨੂੰ ਵੀ ਪ੍ਰਬੰਧਕਾ ਵਲੋਂ ਸਨਮਾਨਿਤ ਕੀਤਾ ਗਿਆ।ਸਮੂਹ ਨਗਰ ਨਿਵਾਸੀਆ ਵਲੋਂ ਖੇਡ ਪ੍ਰੇਮੀਆ ਅਤੇ ਪਹਿਲਵਾਨਾ ਦਾ ਧੰਨਵਾਦ ਕੀਤਾ।ਇਸ ਮੌਕੇ ਪਰਮਿੰਦਰ ਸਿੰਘ ਕਾਕਾ ਕੈਨੇਡਾ,ਅਵਤਾਰ ਸਿੰਘ ਗਿੱਲ ਕੈਨੇਡਾ, ਬਲਵੀਰ ਸਿੰਘ ਗਿੱਲ, ਪਿੰਦੀ ਕੈਨੇਡਾ, ਈਸ਼ਰ ਸਿੰਘ ਧਾਮੀ, ਸਰਪੰਚ ਬਲਵੰਤ ਸਿੰਘ ਬੈਂਸ, ਪਲਵਿੰਦਰ ਸਿੰਘ ਪਿੰਦਾ, ਕਸ਼ਮੀਰੀ ਲਾਲ ਪੰਚ, ਪਰਗਣ ਸਿੰਘ, ਅਮਰਜੀਤ ਸਿੰਘ, ਕਰਨੈਲ ਸਿੰਘ,ਮੁਖਤਿਆਰ ਸਿੰਘ, ਸ਼ਿੰਗਾਰਾ ਸਿੰਘ, ਮਨਪ੍ਰੀਤ ਸਿੰਘ, ਪਹਿਲਵਾਨ ਜਸਵੀਰ ਮੇਹਲੀ, ਬਲਵਿੰਦਰ ਬੁੱਗਾ, ਹਰਜਾਪ ਸਿੰਘ, ਨਵਦੀਪ ਸੋਨੂੰ, ਪਰਮਜੀਤ ਸਿੰਘ ਕੈਨੇਡਾ, ਜਸਵੀਰ ਸਿੰਘ ਸੋਹਲ ਨਿਊਜ਼ੀਲੈਂਡ,ਬਿੰਦਰ ਸੋਹਲ ਜਰਮਨ, ਬਲਵੰਤ ਸਿੰਘ ਸ਼ੇਰਗਿੱਲ, ਗੁਰਮੇਲ ਸਿੰਘ ਬੈਂਸ ਕੈਨੇਡਾ ਆਦਿ ਹਾਜ਼ਰ ਸਨ।

## ਰਿਆਤ ਬਾਹਰਾ ਇੰਸਟੀਚਿਊਟ ਆਫ਼ ਮੈਨੇਜਮੈਂਟ 'ਚ 'ਬੁਨਾਈ ਵਰਕਸ਼ਾਪ'



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਇੰਸਟੀਟਿਊਟ ਆਫ਼ ਮੈਨੇਜਮੈਂਟ ਦੇ ਫੈਸ਼ਨ ਡਿਜ਼ਾਈਨ ਵਿਭਾਗ ਵੱਲੋਂ 'ਬੁਨਾਈ ਵਰਕਸ਼ਾਪ' ਦਾ ਆਯੋਜਨ ਕੀਤਾ ਗਿਆ, ਜਿਸ ਦੀ ਅਗਵਾਈ ਵਿਭਾਗ ਮੁਖੀ ਚਰਨਪ੍ਰੀਤ ਸਿੰਘ ਅਤੇ ਪ੍ਰਿੰਸਿਪਲ ਡਾ. ਹਰਿੰਦਰ ਗਿੱਲ ਨੇ ਕੀਤੀ।ਵਰਕਸ਼ਾਪ ਵਿੱਚ ਟ੍ਰੇਨਰ ਚਾਰੂ ਵਰਧਮਾਨ ਨੇ ਵਿਦਿਆਰਥੀਆਂ ਨੂੰ ਬੁਨਾਈ ਦੀ ਕਲਾ ਸਿਖਾਈ ਅਤੇ ਦੱਸਿਆ ਕਿ ਇਹ ਕਲਾ ਨਾਂ ਸਿਰਫ ਰਚਨਾਤਮਕਤਾ ਨੂੰ ਵਧਾਉਂਦੀ ਹੈ, ਸਗੋਂ ਤਣਾਅ ਘਟਾਉਣ ਵਿੱਚ ਵੀ ਸਹਾਇਕ ਹੁੰਦੀ ਹੈ। ਚਾਰੂ ਵਰਧਮਾਨ ਨੇ ਇਸ ਗਲਤਫਹਿਮੀ ਨੂੰ ਵੀ ਚੁਣੌਤੀ ਦਿੱਤੀ ਕਿ ਬੁਨਾਈ ਸਿਰਫ ਔਰਤਾਂ ਦਾ ਕੰਮ ਹੈ, ਅਤੇ ਇੱਕ ਨੌਜਵਾਨ ਮੁੰਡੇ ਦੀ ਬੁਨਾਈ ਵਿੱਚ ਨਿਪੁੰਨਤਾ ਦਿਖਾ ਕੇ ਇਸ ਨੂੰ ਗਲਤ ਸਾਬਤ ਕੀਤਾ।ਵਿਦਿਆਰਥੀਆਂ ਨੇ ਵਰਕਸ਼ਾਪ ਵਿੱਚ ਵੱਖ-ਵੱਖ ਬੁਨਾਈ ਦੀਆਂ ਤਕਨੀਕਾਂ ਸਿਖੀਆਂ ਅਤੇ ਆਪਣੇ ਹੱਥਾਂ ਨਾਲ ਸੁੰਦਰ ਨਮੂਨੇ ਤਿਆਰ ਕੀਤੇ।ਵਰਕਸ਼ਾਪ ਦੇ ਅੰਤ ਵਿੱਚ, ਚਰਨਪ੍ਰੀਤ ਸਿੰਘ ਨੇ ਚਾਰੂ ਵਰਧਮਾਨ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ, ਜਦਕਿ ਡਾ. ਹਰਿੰਦਰ ਗਿੱਲ ਨੇ ਵਿਦਿਆਰਥੀਆਂ ਦੀ ਮਹਨਤ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਉਨ੍ਹਾਂ ਦੇ ਕੌਸ਼ਲ ਵਿਕਾਸ ਲਈ ਬਹੁਤ ਜ਼ਰੂਰੀ ਹਨ।ਇਸ ਮੌਕੇ ਪ੍ਰੋ. ਤੇਜਸਵੀ ਚੌਧਰੀ, ਪ੍ਰੋ. ਜਯੋਤਸਨਾ, ਪ੍ਰੋ. ਪਲਵਿੰਦਰ ਕੌਰ, ਪ੍ਰੋ. ਅੰਜਲੀ, ਪ੍ਰੋ. ਨੇਹਾ ਅਤੇ ਪ੍ਰੋ. ਨੈਨਾ ਸਮੇਤ ਕਈ ਵਿਦਿਆਰਥੀ ਵੀ ਮੌਜੂਦ ਸਨ।

## ਇਨੋਸੈਂਟ ਹਾਰਟਸ ਦੇ ਸਾਰੇ ਪੰਜ ਸਕੂਲਾਂ ਦਾ ਜ਼ੋਨਲ ਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜ਼ੋਨ-2 ਦੇ ਜ਼ੋਨਲ ਅਤੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਇਨੋਸੈਂਟ ਹਾਰਟਸ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਰਾਜ ਪੱਧਰੀ ਖੇਡਾਂ ਲਈ ਚੋਣ ਕੀਤੀ ਗਈ। ਜ਼ੋਨਲ ਖੇਡ ਮੁਕਾਬਲਿਆਂ ਵਿੱਚ ਲੜਕੀਆਂ ਦੀ ਟੀਮਕ੍ਰਿਕਟ, ਅੰਡਰ-14 ਵਰਗ ਵਿੱਚ ਹੈਂਡਬਾਲ ਅਤੇ ਅੰਡਰ-19 ਵਰਗ ਵਿੱਚ ਖੋ-ਖੋ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਆਪਣਾ ਦਬਦਬਾ ਕਾਇਮ ਰੱਖਿਆ। ਬੈਡਮਿੰਟਨ ਵਿੱਚ ਅੰਡਰ-19 ਵਰਗ ਵਿੱਚ ਲੜਕਿਆਂ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਗਰੀਨ ਮਾਡਲ ਟਾਊਨ ਦੇ ਵੀਰੇਨ ਭਗਤ ਨੇ ਕਰਾਟੇ ਦੇ ਅੰਡਰ-14 ਵਰਗ ਵਿੱਚ ਲੜਕਿਆਂ ਦੀ ਟੀਮ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਅੰਡਰ-17 ਵਰਗ ਵਿੱਚ ਲੜਕੀਆਂ ਦੀ ਟੀਮ ਵਿੱਚ ਅਰਸ਼ੀਆ ਸਚਦੇਵਾ ਬਾਕਸਿੰਗ ਅਤੇ ਕਰਾਬੀ ਜਿਮਨਾਸਟਿਕ ਵਿੱਚ ਪਹਿਲੇ ਸਥਾਨ 'ਤੇ ਰਹੀ।ਥਾਂ ਤੇ ਰਹੇ। ਬੈਡਮਿੰਟਨ ਅਤੇ ਸ਼ਤਰੰਜ ਵਿੱਚ ਅੰਡਰ-19 ਵਰਗ ਵਿੱਚ ਲੜਕਿਆਂ ਦੀ ਟੀਮ ਪਹਿਲੇ ਸਥਾਨ 'ਤੇ ਰਹੀ।ਤਾਈਕਵਾਂਡੋ ਵਿੱਚ ਅੰਡਰ-17 ਵਰਗ ਵਿੱਚ ਲੜਕੀਆਂ ਵਿੱਚੋਂ ਸ਼੍ਰੇਆ ਵਾਸੂਦੇਵ ਪਹਿਲੇ ਅਤੇ ਟੇਬਲ ਟੈਨਿਸ ਅੰਡਰ-14 ਅਤੇ 19 ਵਰਗ ਵਿੱਚ ਲੜਕਿਆਂ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਕੁਰਾਸ਼ ਖੇਡ ਮੁਕਾਬਲੇ ਵਿੱਚ ਅੰਡਰ-14 ਵਰਗ ਵਿੱਚ ਲੜਕਿਆਂ ਦੀ ਟੀਮ ਵਿੱਚ ਵੀਰੇਨ ਭਗਤ ਪਹਿਲੇ ਸਥਾਨ 'ਤੇ ਰਿਹਾ।ਅੰਡਰ-17 ਵਰਗ ਰੋਲਰ ਸਕੇਟਿੰਗ ਵਿੱਚ ਲੜਕੀਆਂ ਦੀ ਟੀਮ ਵਿੱਚ ਹਰਗੁਣ ਹੁੰਦਲ ਅਤੇ ਸਾਚੀ ਜੂਡੋ ਅੰਡਰ-19 ਵਰਗ ਵਿੱਚ ਪਹਿਲੇ ਸਥਾਨ 'ਤੇ ਰਹੀ। ਆਰਤੀ ਵਿੱਚ ਅੰਡਰ-14 ਵਰਗ ਵਿੱਚ ਲੜਕੀਆਂ ਦੀ ਟੀਮ ਵਿੱਚੋਂ ਆਕ੍ਰਿਤੀ ਰਾਜ ਪੱਧਰ ਲਈ ਚੁਣੀ ਗਈ। ਅਨੁਸ਼ਕਾ ਨੇ ਕਪੂਰਥਲਾ ਰੋਡ ਕੈਂਪਸ ਤੋਂ ਅੰਡਰ-14 ਵਰਗ ਲੜਕੀਆਂ ਦੀ ਟੀਮ ਵਿੱਚ ਖੇਡ ਕੇ ਕੁਸ਼ਤੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਨੋਸੈਂਟ ਹਾਰਟਸ ਨੂਰਪੁਰ ਰੋਡ ਦੇ ਲੜਕਿਆਂ ਦੀ ਵਾਲੀਬਾਲ ਟੀਮ ਨੇ ਜ਼ਿਲ੍ਹਾ ਪੱਧਰੀ ਅੰਡਰ-14 ਵਰਗ ਵਿੱਚ ਖੇਡਦਿਆਂ ਪਹਿਲਾ ਸਥਾਨ ਹਾਸਲ ਕੀਤਾ। ਆਦਿਤਿਆ ਮਿਸ਼ਰਾ ਨੇ ਵੁਸ਼ੂ ਵਿੱਚ ਅੰਡਰ-17 ਵਰਗ ਵਿੱਚ ਜਿੱਤ ਦਰਜ ਕੀਤੀਲੜਕਿਆਂ ਦੀ ਟੀਮ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਨੋਸੈਂਟ ਹਾਰਟਸ ਲੋਹਾਰਾਂ ਵਿੱਚ ਅੰਡਰ-19 ਵਰਗ ਲੜਕਿਆਂ ਦੀ ਟੀਮ ਵਿੱਚ ਕਰਾਟੇ ਵਿੱਚ ਦਿਵਾਂਸ਼ੂ ਭੱਲਾ ਅਤੇ ਸੁਖਰਾਜ ਸਿੰਘ ਪਹਿਲੇ ਅਤੇ ਅੰਡਰ-17 ਵਰਗ ਵਿੱਚ ਹਿਤੇਨ ਗਿੱਲ ਪਹਿਲੇ ਸਥਾਨ 'ਤੇ ਰਹੇ। ਬੈਡਮਿੰਟਨ ਵਿੱਚ ਲੜਕਿਆਂ ਦੀ ਟੀਮ ਨੇ ਅੰਡਰ-14 ਵਰਗ ਵਿੱਚ ਪਹਿਲਾ ਅਤੇ ਲੜਕੀਆਂ ਦੀ ਟੀਮ ਨੇ ਅੰਡਰ-17 ਅਤੇ ਅੰਡਰ-19 ਵਰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਵਾਲੀਬਾਲ ਵਿੱਚ ਅੰਡਰ-14 ਵਰਗ ਵਿੱਚ ਲੜਕੀਆਂ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਕ੍ਰਿਕਟ ਵਿੱਚ ਅੰਡਰ-14 ਵਰਗ ਵਿੱਚ ਲੜਕਿਆਂ ਦੀ ਟੀਮ ਪਹਿਲੇ ਅਤੇ ਅੰਡਰ-17 ਵਰਗ ਵਿੱਚ ਲੜਕੀਆਂ ਦੀ ਟੀਮ ਪਹਿਲੇ ਸਥਾਨ 'ਤੇ ਰਹੀ। ਇਨੋਸੈਂਟ ਹਾਰਟਸ ਦੇ ਪ੍ਰਧਾਨ ਡਾ: ਅਨੂਪ ਬੌਰੀ ਨੇ ਸਮੂਹ ਖੇਡ ਅਧਿਆਪਕਾਂ ਅਤੇ ਐਚ.ਓ.ਡੀਜ਼ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਲਈ ਵਧਾਈ ਦਿੱਤੀ ਅਤੇ ਜ਼ੋਨਲ ਅਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਸਫਲਤਾ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜੇਤੂ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ।



## ਗੁਰੂ ਰਵਿਦਾਸ ਮਿਸ਼ਨ ਸੇਵਾ ਸੁਸਾਇਟੀ ਦੀ ਚੋਣ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)** ਸ੍ਰੀ ਗੁਰੂ ਰਵਿਦਾਸ ਮਿਸ਼ਨ ਸੇਵਾ ਸੁਸਾਇਟੀ ਸ੍ਰੀ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਗੁਰਦੁਆਰਾ ਸ੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਵਿਖੇ ਹੋਈ।ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਸਰਬਸੰਮਤੀ ਨਾਲ ਪੁਰਾਣੀ ਕਮੇਟੀ ਭੰਗ ਕਰਕੇ ਨਵੇਂ ਮੈਂਬਰਾਂ ਦੀ ਚੋਣ ਕੀਤੀ। ਚੁਣੇ ਗਏ ਮੈਂਬਰਾਂ ਵਿੱਚ ਚੇਅਰਮੈਨ ਗਿਆਨੀ ਸੁਖਵਿੰਦਰ ਸਿੰਘ, ਪ੍ਰਧਾਨ ਸਾਬਕਾ ਪ੍ਰਿੰਸੀਪਲ ਲਛਮਣ ਸਿੰਘ, ਜਨਰਲ ਸਕੱਤਰ ਗਿਆਨੀ ਸੁਖਵੀਰ ਸਿੰਘ, ਕੈਸ਼ੀਅਰ ਗਿਆਨ ਸਿੰਘ ਅਤੇ ਪ੍ਰੈਸ ਸਕੱਤਰ ਐਡਵੋਕੇਟ ਦਰਸ਼ਨ ਸਿੰਘ ਮਹਿਤਾ ਨੂੰ ਬਣਾਇਆ ਗਿਆ ਹੈ।ਇਸ ਮੌਕੇ ਅਜੈਬ ਸਿੰਘ, ਬਲਵੀਰ ਸਿੰਘ, ਸੂਬੇਦਾਰ ਧੰਨਾ ਸਿੰਘ, ਕੈਪਟਨ ਰਘਬੀਰ ਸਿੰਘ, ਮੇਜਰ ਸਿੰਘ, ਮਨਮੋਹਨ ਸਿੰਘ, ਗੁਰਚਰਨ ਸਿੰਘ, ਦਰਸ਼ਨ ਸਿੰਘ, ਗੁਰਮੀਤ ਸਿੰਘ, ਰਜਿੰਦਰ ਸਿੰਘ, ਜਸਪਾਲ ਸਿੰਘ, ਮਨਪ੍ਰੀਤ ਸਿੰਘ, ਦੀਦਾਰ ਸਿੰਘ, ਪਿਆਰਾ ਸਿੰਘ ਅਤੇ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਵੀਰਾਂਗਣਾਂ ਨੂੰ ਸਮਰਪਿਤ ਕਰਕੇ ਮਨਾਇਆ

**ਖਰੜ (ਹਰਨਾਮ ਡੱਲਾ)**

ਆਜ਼ਾਦੀ ਲਹਿਰ ਵਿੱਚ ਔਰਤਾਂ ਦੇ ਯੋਗਦਾਨ ਉੱਤੇ ਅਧਾਰਤ ਪੁਸਤਕ 'ਕਿਸ ਮਿੱਟੀ ਦੀਆਂ ਬਣੀਆਂ ਸਨ ਇਹ ਵੀਰਾਂਗਣਾ' 'ਤੇ ਇੱਕ ਸੈਮੀਨਾਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ (ਮੋਹਾਲੀ) ਵਿਖੇ ਆਯੋਜਤ ਕੀਤਾ ਗਿਆ।ਗ਼ਦਰੀ ਬਾਬੇ ਵਿਚਾਰਧਾਰਕ ਮੰਚ (ਪੰਜਾਬ) ਖਰੜ ਦੇ ਉੱਦਮ ਨਾਲ ਕਰਵਾਏ ਗਏ ਇਸ ਸੈਮੀਨਾਰ ਦੀ ਪ੍ਰਧਾਨਗੀ ਉੱਘੀ ਪੱਤਰਕਾਰ ਬਿੰਦੂ ਸਿੰਘ ਅਤੇ ਸ਼ਾਇਰ ਲੇਖਕ ਤੇ ਪੱਤਰਕਾਰ ਦੀਪਕ ਸ਼ਰਮਾ ਚਿਨਾਰਥਲ ਨੇ ਕੀਤੀ।ਸਮਾਗਮ 'ਚ ਬਤੌਰ ਵਿਸ਼ੇਸ਼ ਮਹਿਮਾਨ ਹਰਬੰਸ ਸਿੰਘ ਕੰਧੋਲਾ ਸਾਬਕਾ ਐੱਸ ਜੀ ਪੀ ਸੀ ਮੈਂਬਰ ਅਤੇ ਪ੍ਰਬੰਧਕ ਖਾਲਸਾ ਸਕੂਲ ਸੰਸਥਾਨ ਪਹੁਚੇ। ਇਸ ਸਮੇਂ ਮੰਚ 'ਤੇ ਪੁਸਤਕ ਦੇ ਲੇਖਕ ਸੁਖਦੇਵ ਰਾਮ ਸੁੱਖੀ, ਐਡਵੋਕੇਟ ਤਾਰਾ ਸਿੰਘ ਚਾਹਲ ਅਤੇ ਵਿਦਿਆ ਨੂੰ ਸਮਰਪਿਤ ਸ਼ਖ਼ਸੀਅਤ ਸਵਰਨ ਸਿੰਘ ਭੰਗੂ ਸ਼ਸ਼ੋਭਿਤ ਸਨ। ਸਮਾਗਮ ਦੀ ਸ਼ੁਰੂਆਤ ਮੰਚ ਦੇ ਜਨਰਲ ਸਕੱਤਰ ਸੰਤਵੀਰ ਵੱਲੋਂ ਸਰੋਤਿਆਂ ਨੂੰ ਜੀ ਆਇਆਂ ਕਹਿ ਕੇ ਕੀਤੀ।ਉਪਰੰਤ ਬੱਚਿਆਂ ਬੇਬੀ ਯੱਸਵੀ ਅਤੇ ਰਣਵਿਜੈ ਸਿੰਘ ਚੌਧਰੀ ਦੀਆਂ ਸ਼ਹੀਦ ਭਗਤ ਸਿੰਘ ਬਾਰੇ ਦੋ ਕਵਿਤਾਵਾਂ ਕਵਿਤਾਵਾਂ ਸੁਣਾਈਆਂ ਗਈਆਂ।ਸਮਾਗਮ ਦੇ ਮੁੱਖ ਬੁਲਾਰੇ ਡਾਕਟਰ ਅਰਵਿੰਦਰ ਕੌਰ ਕਾਕੜਾ ਨੇ ਪੁਸਤਕ 'ਤੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਤਿਹਾਸ 'ਚ ਇਹੋ ਜਿਹੀਆਂ ਕਿਤਾਬਾਂ ਘੱਟ ਹੀ ਮਿਲਦੀਆਂ ਹਨ ਜਿਹੋ ਜਿਹੀ ਲੇਖਕ ਨੇ ਪਾਠਕਾਂ ਦੇ ਸਾਹਮਣੇ ਪੇਸ਼ ਕੀਤੀ ਹੈ।ਉਨ੍ਹਾਂ ਕਿਹਾ ਕਿ ਆਜ਼ਾਦੀ ਲਹਿਰ ਦੀਆਂ ਇਨ੍ਹਾਂ ਵੀਰਾਂਗਣਾ ਦੇ ਜੀਵਨ ਯੋਗਦਾਨ ਨੂੰ ਕਦੇ ਘਟਾ ਕੇ ਨਹੀਂ ਵੇਖਿਆ ਜਾ ਸਕੇਗਾ। ਸਮਾਜਿਕ ਕੁਰੀਤੀਆਂ ਨਾਲ ਜੂਝਦੀ ਔਰਤ ਨੂੰ ਉਕਤ ਮਹਾਨ ਔਰਤਾਂ ਤੋਂ ਪ੍ਰੇਰਨਾ ਲੈ ਕੇ ਅੱਗੇ ਵਧਣਾ ਹੋਵੇਗਾ।ਨਿਰਵੈਰ ਕੌਰ ਨੇ ਕਿਹਾ ਕਿ ਮੈਂ ਇਸ ਪੁਸਤਕ ਨੂੰ ਪੜ੍ਹ ਕੇ ਪ੍ਰਭਾਵਤ ਹੋਈ ਹਾਂ ਅਤੇ ਪੁਸਤਕ ਪੜ੍ਹ ਕੇ ਹੀ ਪਤਾ ਲੱਗਾ ਹੈ ਕਿ ਔਰਤਾਂ ਦਾ ਅਜ਼ਾਦੀ ਲਹਿਰ 'ਚ ਵੱਡਾ ਯੋਗਦਾਨ ਰਿਹਾ ਹੈ।ਦੀਪਕ ਸ਼ਰਮਾ ਚਿਨਾਰਥਲ ਨੇ ਕਿਹਾ ਕਿ ਘਰੇਲੂ ਤੰਗੀਆਂ ਤੁਰਸ਼ੀਆਂ ਅਤੇ ਸਮਾਜਿਕ ਵਿਤਕਰੇ ਦਾ ਸ਼ਿਕਾਰ ਔਰਤ ਹਮੇਸ਼ਾ ਅਪਣੇ ਪਰਵਾਰ ਦੀ ਢਾਲ ਬਣਦੀ ਰਹੀ ਹੈ। ਮੈਡਮ ਬਿੰਦੂ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਭਾਵੇਂ ਆਜ਼ਾਦੀ ਦੀ ਲੜਾਈ ਵਿੱਚ ਔਰਤਾਂ ਦਾ ਬੇਹੱਦ ਯੋਗਦਾਨ ਹੈ ਪਰ, ਮਨੀਪੁਰ, ਹਾਥਰਸ, ਯੂ ਪੀ, ਬੰਗਾਲ ਵਿੱਚ ਇੱਕ ਡਾਕਟਰ ਨਾਲ ਜਬਰ ਜਿਨਾਹ ਕਰਕੇ ਕਤਲ ਕਰ ਦੇਣ ਤੋਂ ਲੱਗਦਾ ਹੈ ਕਿ ਸਮਾਜ ਵਿੱਚ ਔਰਤਾਂ ਦੀ ਦੁਰਗਤੀ ਹਾਲੇ ਵੀ ਖ਼ਤਮ ਨਹੀਂ ਹੋਈ।ਇਹਨਾਂ ਘਟਨਾਵਾਂ ਤੋਂ ਬਾਅਦ ਇਹ ਕਹਿਣਾ ਮੁਸ਼ਕਲ ਕਿ ਅਸੀਂ ਭੈ ਮੁਕਤ ਜੀਵਨ ਬਤੀਤ ਕਰ ਰਹੇ ਹਾਂ। ਸਮਾਗਮ ਵਿੱਚ ਬੀਬੀ ਦਲਜੀਤ ਕੌਰ, ਅਰਨੀਤ ਕੌਰ, ਸੁਪਿੰਦਰ ਕੌਰ, ਮਨਜੀਤ ਕੌਰ ਖੰਨਾ, ਮਨਜੀਤ ਕੌਰ ਖਾਲਸਾ, ਸੋਮਾ ਰਾਣੀ, ਰੀਟਾ ਧਿਮਾਨ, ਦੇਵੰਸੀ, ਫਿਜ਼ਾ, ਜਗਤਾਰ ਕੌਰ, ਕੁਲਵਿੰਦਰ ਕੌਰ, ਰੁਪਿੰਦਰ ਕੌਰ ਮੰਚ ਦੇ ਸਕੱਤਰ ਸੁਖਵਿੰਦਰ ਸਿੰਘ ਦੁਮਣਾ, ਖਜਾਨਚੀ ਸ੍ਰੀ ਯੋਗ ਰਾਜ, ਡਾਕਟਰ ਕਰਨੈਲ ਸਿੰਘ, ਪ੍ਰਕਾਸ਼ ਸਿੰਘ ਰੰਗੀ, ਜੰਗ ਸਿੰਘ, ਸਤਨਾਮ ਸਿੰਘ, ਭੁਪਿੰਦਰ ਮਦਨਹੇੜੀ, ਦਿਨੇਸ਼ ਪ੍ਰਸਾਦ, ਸੁਰਿੰਦਰ ਸਿੰਘ ਬੜਾਲਾ, ਕੇਵਲ ਜੋਸ਼ੀ ਮੜੌਲੀ, ਲੇਖਕ ਜਸਵਿੰਦਰ ਸਿੰਘ ਕਾਈਨੌਰ, ਪਿਆਰਾ ਸਿੰਘ ਆਦਿ ਮੌਜੂਦ ਸਨ। ਮੰਚ ਦੇ ਪ੍ਰਧਾਨ ਹਰਨਾਮ ਸਿੰਘ ਡੱਲਾ ਵੱਲੋਂ ਮਹਿਮਾਨਾਂ ਅਤੇ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।



## ਅਮਰੀਕ ਸਿੰਘ ਕਲੇਰ ਆਨਰੇਰੀ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਤ




**ਸ਼ਾਹਕੋਟ (ਗਿਆਨ ਸੈਦਪੁਰੀ)** ਵਰਲਡ ਪੀਸ ਆਫ਼ ਯੂਨਾਇਟਿਡ ਨੇਸ਼ਨਜ਼ ਯੂਨੀਵਰਸਿਟੀ ਵੱਲੋਂ ਸਮਾਜ ਸੇਵੀ ਤੇ ਰਾਸ਼ਟਰੀ ਯੁਵਾ ਯੋਜਨਾ ਦੇ ਪੰਜਾਬ ਪ੍ਰਧਾਨ ਅਮਰੀਕ ਸਿੰਘ ਕਲੇਰ ਨੂੰ ਡਾਕਟਰੇਟ (ਡਾ.) ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ।ਨਵੀਂ ਦਿੱਲੀ ਵਿਖੇ ਔਨਰੇਰੀ ਡਾਕਟਰੇਟ ਅਵਾਰਡ ਕੌਂਸਲ ਅਤੇ ਮਨਿਸਟਰੀ ਆਫ਼ ਕਾਰਪੋਰੇਟ ਅਫੇਅਰਜ਼ ਭਾਰਤ ਸਰਕਾਰ ਵੱਲੋਂ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਪ੍ਰਸਿੱਧ ਸਮਾਜ ਸੇਵੀ , ਖੂਨਦਾਨੀ ਅਤੇ ਰਾਸ਼ਟਰੀ ਯੁਵਾ ਮਾਮਲਿਆਂ ਨਾਲ ਲੰਬੇ ਸਮੇਂ ਤੋਂ ਜੁੜੇ ਰਹੇ ਅਮਰੀਕ ਸਿੰਘ ਕਲੇਰ ਨੂੰ ਉਹਨਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਅਤੇ ਨੌਜਵਾਨਾਂ ਨੂੰ ਨਵੀਂ ਸੇਧ ਦੇਣ ਦੀਆਂ ਕੋਸ਼ਿਸ਼ਾਂ ਸਦਕਾ ਆਨਰੇਰੀ ਡਾਕਟਰੇਟ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਹੈ। ਅਮਰੀਕ ਸਿੰਘ ਕਲੇਰ ਪਿਛਲੇ ਚਾਲੀ ਸਾਲ ਤੋਂ ਵਧੇਰੇ ਸਮੇਂ ਵਿੱਚ ਨੌਜਵਾਨਾਂ ਅਤੇ ਸਮਾਜ ਸੇਵਾ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਇਹਨਾਂ ਗਤੀਵਿਧੀਆਂ ਸਦਕਾ ਅਮਰੀਕ ਸਿੰਘ ਕਲੇਰ ਨੂੰ ਰਾਸ਼ਟਰੀ ਯੁਵਾ ਅਵਾਰਡ ਤੇ ਸ਼ਹੀਦ ਭਗਤ ਸਿੰਘ ਸਟੇਟ ਅਵਾਰਡ ਵੀ ਮਿਲ ਚੁੱਕੇ ਹਨ।ਅਮਰੀਕ ਸਿੰਘ ਕਲੇਰ ਨੇ ਹਮੇਸ਼ਾ ਹੀ ਨੌਜਵਾਨਾਂ ਨੂੰ ਦੇਸ਼ ਸੇਵਾ ਤੇ ਸਮਾਜ ਸੇਵਾ ਲਈ ਪ੍ਰੇਰਿਤ ਕੀਤਾ ਹੈ।ਅਮਰੀਕ ਸਿੰਘ ਕਲੇਰ ਨੇ ਆਪਣੀ ਜ਼ਿੰਦਗੀ ਵਿੱਚ ਪਿਛਲੇ ਮਹੀਨੇ ਹੀ 116ਵੀਂ ਵਾਰੀ ਖੂਨਦਾਨ ਕੀਤਾ ਹੈ

।ਪਿਛਲੇ ਲੰਬੇ ਸਮੇਂ ਤੋਂ ਅਮਰੀਕ ਸਿੰਘ ਕਲੇਰ ਨੇ ਵੱਖ ਵੱਖ ਸੂਬਿਆਂ ਅਤੇ ਖਾਸਕਰ ਪੰਜਾਬ ਦੇ ਪੇਂਡੂ ਖੇਤਰ ਦੇ ਯੂਥ ਕਲੱਬਾਂ ਤੇ ਸਪੋਰਟਸ ਕਲੱਬਾਂ ਦੇ ਨੌਜਵਾਨਾਂ ਨੂੰ ਸਮਾਜ ਸੇਵਾ ਲਈ ਪ੍ਰੇਰਿਤ ਕੀਤਾ ਹੈ।ਉਹਨਾਂ ਨੌਜਵਾਨਾਂ ਨੂੰ ਕੁਦਰਤੀ ਆਫ਼ਤਾਂ ਜਿਵੇਂ ਹੜ੍ਹਾਂ ਵੇਲੇ ਲੋੜਵੰਦਾਂ ਦੀ ਮੱਦਦ ਕਰਨਾ ਅਤੇ ਕਿਸਾਨੀ ਸੰਘਰਸ਼ ਮੌਕੇ ਵੀ ਕਿਸਾਨਾਂ ਮਜ਼ਦੂਰਾਂ ਦੀ ਹਮਾਇਤ ਕਰਨ ਦੀ ਪ੍ਰੇਰਨਾ ਦਿੱਤੀ ਤਾਂ ਜੋ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੀ ਮੱਦਦ ਸਮੇਂ ਸਿਰ ਕੀਤੀ ਜਾ ਸਕੇ।ਸਮਾਜ ਸੇਵੀ ਅਮਰੀਕ ਸਿੰਘ ਕਲੇਰ ਨੂੰ ਇਸ ਡਾਕਟਰੇਟ ਦੀ ਉਪਾਧੀ ਨਾਲ ਸਨਮਾਨ ਕਰਕੇ ਵਰਲਡ ਪੀਸ ਆਫ਼ ਯੂਨਾਇਟਿਡ ਨੇਸ਼ਨਜ਼ ਯੂਨੀਵਰਸਿਟੀ ਨੇ ਨੌਜਵਾਨਾਂ ਤੇ ਸਮਾਜ ਸੇਵੀਆਂ ਦੇ ਮਾਣ ਵਿੱਚ ਵਾਧਾ ਕੀਤਾ ਹੈ।

## ਵਾਤਾਵਰਣ ਨੂੰ ਸਾਫ ਰੱਖਣ ਦੇ ਸੰਬੰਧ 'ਚ ਵਿਦਿਆਰਥੀਆਂ ਵੱਲੋਂ ਰੈਲੀ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮਨਿਸਟਰੀ ਆਫ ਸੋਸ਼ਲ ਜਸਟਿਸ ਇੰਮਪਾਵਰਮੈਟ ਨਵੀਂ ਦਿੱਲੀ ਅਤੇ ਮਾਨਯੋਗ ਇੰਡੀਅਨ ਰੈਡ ਕਰਾਸ ਸੁਸਾਇਟੀ, ਪੰਜਾਬ ਰਾਜ ਸ਼ਾਖਾ ਚੰਡੀਗੜ੍ਹ ਦੇ ਨਿਰਦੇਸ਼ਾ ਅਨੁਸਾਰ ਰੈਡ ਕਰਾਸ ਨਸ਼ਾ ਮੁਕਤੀ ਕੇਂਦਰ,




ਨਵਾਂਸ਼ਹਿਰ ਵੱਲੋਂ ਸਵੱਛਤਾ ਹੀ ਸੇਵਾ 2024 ਦੇ ਤਹਿਤ ਬਾਬਾ ਵਜੀਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਜਸਵੀਰ ਸਿੰਘ ਅਤੇ ਸਮੂਹ ਸਟਾਫ ਦੇ ਮੈਬਰਾਂ ਅਤੇ ਵਿਦਿਆਰਥੀਆ ਵੱਲੋਂ ਸਹੁੰ ਚੁੱਕੀ ਗਈ ਤੇ ਪ੍ਰਣ ਲਿਆ ਗਿਆ ਅਸੀਂ ਸਾਰੇ ਹੀ ਵਾਤਾਵਰਣ ਨੂੰ ਸਾਫ ਰੱਖਣ ਲਈ ਪਹਿਲ ਆਪਣੇ ਤੋਂ ਕਰਾਂਗੇ ਸਵੱਛਤਾ ਅਧੀਨ ਸਕੂਲ ਵਲੋਂ ਰੈਲੀ ਵੀ ਕੱਢੀ ਗਈ। ਰੈਡ ਕਰਾਸ ਟੀਮ ਦਾ ਧੰਨਵਾਦ ਕਰਦੇ ਹਾਂ ਉਨ੍ਹਾ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਸਾਫ ਸੁਥਰਾ ਰੱਖਣ ਲਈ ਵਧੀਆ ਢੰਗ ਨਾਲ ਜਾਗਰੂਕ ਕੀਤਾ। ਇਸ ਮੌਕੇ ਬੁਰਾਈ ਤੋਂ ਬਚਣ ਲਈ ਖੇਡਾਂ ਵਿੱਚ ਭਾਗ ਲੈਣ ਤੇ ਜ਼ੋਰ ਦਿੱਤਾ।ਸੁਰਜੀਤ ਕੌਰ, ਸੰਦੀਪ ਕੌਰ, ਰਾਜਵੀਰ ਕੌਰ ਸ਼ਮ੍ਹਾ ਮੈਡਮ, ਕਮਲ ਪ੍ਰਿਆ, ਰੀਆ, ਸੁਖਜਿੰਦਰ ਸਿੰਘ, ਨਵਜੀਤ ਸਿੰਘ, ਨੇਹਾ ਪੀ ਸੀ ਆਰ ਇੰਚਾਰਜ ਕੁਲਦੀਪ ਸਿੰਘ, ਟਰੈਫਿਕ ਏ ਐਸ ਆਈ ਗੁਰਮੇਲ ਸਿੰਘ, ਏ ਐਸ ਆਈ ਪ੍ਰਵੀਨ ਕੁਮਾਰ, ਏ ਐਸ ਆਈ ਦਿਲਾਵਰ ਸਿੰਘ, ਏ ਐਸ ਆਈ ਕਮਲਜੀਤ, ਹੈਡਕਾਸਟੇਬਲ ਸੁਨੀਲ ਦੱਤ ਆਦਿ ਹਾਜ਼ਰ ਸਨ।